PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 18 ਦਸੰਬਰ ਤੋਂ 24 ਦਸੰਬਰ, 2025 | Email :- editor@punjabstar.com, Vo. 20. Issue:1216


## ਇਜ਼ਰਾਈਲ ਅਧਿਕਾਰੀਆਂ ਨੇ ਕੈਨੇਡੀਅਨ ਵਫ਼ਦ ਨੂੰ ਗਾਜ਼ਾ ਪੱਟੀ 'ਚ ਦਾਖ਼ਲ ਹੋਣ ਤੋਂ ਰੋਕਿਆ




(ਪੰਜਾਬ ਸਟਾਰ ਬਿਊਰੋ)

ਬੀਤੇ ਦਿਨ ਗਾਜਾ ਪੱਟੀ ਦੇ ਹਾਲਾਤ ਜਾਣਨ ਲਈ ਉੱਥੇ ਪੁੱਜੇ 6 ਕੈਨੇਡੀਅਨ ਐੱਮ ਪੀਜ਼ ਦੇ ਇਕ ਵਫ਼ਦ ਨੂੰ ਇਜ਼ਰਾਈਲੀ ਅਧਿਕਾਰੀਆਂ ਉਸ ਖੇਤਰ ਵਿਚ ਜਾਣ ਤੋਂ ਰੋਕ ਦਿੱਤਾ। ਵਿਦੇਸ਼ ਮੰਤਰੀ ਅਨੀਤਾ ਅਨੰਦ ਨੇ ਜਨਤਕ ਤੌਰ 'ਤੇ ਇਸਰਾਈਲੀ ਅਧਿਕਾਰੀਆਂ ਦੀ ਇਸ ਕਾਰਵਾਈ ਨਾਲ ਅਸਹਿਮਤੀ ਪ੍ਰਗਟ ਕੀਤੀ ਹੈ। ਐੱਨ ਡੀ ਪੀ ਅਤੇ ਲਿਬਰਲ ਸੰਸਦ ਮੈਂਬਰਾਂ, ਜੋ ਕਿ ਤੱਥ-ਖੋਜ ਦੌਰੇ 'ਤੇ ਲਗਪਗ 30 ਕੈਨੇਡੀਅਨਾਂ ਦੇ ਵਫ਼ਦ ਦਾ ਹਿੱਸਾ ਸਨ, ਨੂੰ ਜਾਰਡਨ ਨਾਲ ਇਜ਼ਰਾਈਲੀ ਸਰਹੱਦੀ ਕਰਾਸਿੰਗ 'ਤੇ ਵੈਸਟ ਬੈਂਕ ਵਿੱਚ ਦਾਖਲ ਹੋਣ ਤੋਂ ਰੋਕਿਆ ਗਿਆ ਹੈ। ਇਸ ਯਾਤਰਾ ਵਿੱਚ ਵਫ਼ਦ ਦੇ 6 ਐੱਮ ਪੀਜ਼ ਵਿਚ ਲਿਬਰਲ ਐੱਮ ਪੀ ਫਾਰੇਸ ਅਲ ਸੂਦ, ਇਕਰਾ ਖਾਲਿਦ, ਅਸਲਮ ਰਾਣਾ, ਗੁਰਬਖ਼ਸ਼ ਸੈਣੀ ਅਤੇ ਸਮੀਰ ਜ਼ੁਬੇਰੀ ਅਤੇ ਐੱਨ ਡੀ ਪੀ ਐੱਮ ਪੀ ਜੈਨੀ ਕਵਾਨ ਸ਼ਾਮਲ ਹਨ।

ਕੈਨੇਡਾ ਨੇ ਇਜ਼ਰਾਈਲੀ ਅਧਿਕਾਰੀਆਂ ਨੂੰ ਦੌਰੇ ਦੀ ਪਹਿਲਾਂ ਤੋਂ ਸੂਚਨਾ ਦਿੱਤੀ ਗਈ ਸੀ ਅਤੇ ਸੰਸਦ ਮੈਂਬਰਾਂ ਦੇ ਇਲੈੱਕਟ੍ਰਾਨਿਕ ਯਾਤਰਾ ਅਧਿਕਾਰਾਂ ਨੂੰ ਮਨਜ਼ੂਰੀ ਦੇ ਦਿੱਤੀ ਗਈ ਸੀ। ਓਟਾਵਾ ਵਿੱਚ ਇਜ਼ਰਾਈਲ ਦੇ ਦੂਤਾਵਾਸ ਨੇ ਇੱਕ ਬਿਆਨ ਵਿੱਚ ਕਿਹਾ ਕਿ ਵਫ਼ਦ ਨੂੰ ਦਾਖਲ ਹੋਣ ਤੋਂ ਇਸ ਲਈ ਰੋਕ ਦਿੱਤਾ ਗਿਆ ਕਿਉਂਕਿ ਜਿਸ ਸਮੂਹ ਨੇ ਇਸ ਦੌਰੇ ਦਾ ਆਯੋਜਨ ਕੀਤਾ ਸੀ, ਉਸ ਨੂੰ ਇਕ ਗੈਰ-ਮੁਨਾਫ਼ਾ ਕੈਨੇਡੀਅਨ ਮੁਸਲਿਮ ਸੰਸਥਾ ਵੱਲੋਂ 'ਫੰਡਿੰਗ ਦਾ ਵੱਡਾ ਹਿੱਸਾ' ਪ੍ਰਾਪਤ ਹੋਇਆ ਸੀ। ਨੈਸ਼ਨਲ ਕੌਂਸਲ ਆਫ਼ ਕੈਨੇਡੀਅਨ ਮੁਸਲਿਮਜ਼ ਦੇ ਬੁਲਾਰੇ ਮੁਤਾਬਕ, ਹਰ ਮੈਂਬਰ ਨੂੰ ਇੱਕ ਫਾਰਮ 'ਤੇ ਦਸਤਖ਼ਤ ਕਰਨ ਲਈ ਕਿਹਾ ਗਿਆ ਸੀ, ਜਿਸ ਵਿੱਚ ਇਹ ਲਿਖਿਆ ਹੋਇਆ ਸੀ ਕਿ ਉਹ ਮੰਨਦੇ ਹਨ ਕਿ ਉਹ ਜਨਤਕ ਸੁਰੱਖਿਆ ਲਈ ਖ਼ਤਰਾ ਨਹੀਂ ਹਨ। ਵਫ਼ਦ ਦੇ ਸਾਰੇ ਮੈਂਬਰਾਂ ਨੇ * ਬਾਕੀ ਸਫ਼ਾ 2 'ਤੇ

### ਸਿਡਨੀ ਗੋਲੀਬਾਰੀ:

## ਮ੍ਰਿਤਕਾਂ ਦੀ ਗਿਣਤੀ ਵੱਧ ਕੇ ਹੋਈ 16



ਆਸਟ੍ਰੇਲੀਆ, (ਪੰਜਾਬ ਸਟਾਰ ਬਿਊਰੋ): ਆਸਟ੍ਰੇਲੀਆ ਦੇ ਸਿਡਨੀ ਦੇ ਬੋਂਡੀ ਬੀਚ 'ਤੇ ਯਹੂਦੀ ਭਾਈਚਾਰੇ ਦੇ ਹਨੁੱਕਾ ਜਸ਼ਨਾਂ ਦੌਰਾਨ ਹੋਈ ਭਿਆਨਕ ਗੋਲੀਬਾਰੀ ਨੇ ਪੂਰੀ ਦੁਨੀਆ ਨੂੰ ਝਿੰਜੋੜ ਕੇ ਰੱਖ ਦਿੱਤਾ। ਸਿਡਨੀ ਦੇ ਬੋਂਡੀ ਬੀਚ 'ਤੇ ਹੋਈ ਗੋਲੀਬਾਰੀ ਦੀ ਘਟਨਾ 'ਚ ਮਰਨ ਵਾਲਿਆਂ ਦੀ ਗਿਣਤੀ 16 ਹੋ ਗਈ ਹੈ। ਐਤਵਾਰ ਨੂੰ ਦੋ ਅੱਤਵਾਦੀਆਂ ਨੇ ਹਨੁੱਕਾ ਦੇ ਯਹੂਦੀ ਤਿਉਹਾਰ ਦੇ ਜਸ਼ਨ ਦੌਰਾਨ ਹਮਲਾ ਕੀਤਾ। ਜਿਵੇਂ ਹੀ ਗੋਲੀਬਾਰੀ ਸ਼ੁਰੂ ਹੋਈ, ਬੋਂਡੀ ਬੀਚ 'ਤੇ ਦਹਿਸ਼ਤ ਫੈਲ ਗਈ, ਲੋਕ ਛੁਪਣ ਲਈ ਭੱਜਣ ਲੱਗੇ। * ਬਾਕੀ ਸਫ਼ਾ 2 'ਤੇ

## ਆਸਟ੍ਰੇਲੀਆ ਦੇ ਬੋਂਡਾਈ ਬੀਚ 'ਤੇ ਅੱਤਵਾਦੀ ਹਮਲੇ ਮਗਰੋਂ ਜ਼ਖ਼ਮੀ ਲੋਕਾਂ 'ਚ ਤਿੰਨ ਭਾਰਤੀ ਵੀ ਸ਼ਾਮਲ



ਮੈਲਬੌਰਨ (ਪੰਜਾਬ ਸਟਾਰ ਬਿਊਰੋ): ਆਸਟ੍ਰੇਲੀਆ ਵਿਚ ਸਿਡਨੀ ਦੇ ਬੋਂਡਾਈ ਬੀਚ ਉਤੇ ਹੋਏ ਅਤਿਵਾਦੀ ਹਮਲੇ 'ਚ ਜ਼ਖ਼ਮੀ ਹੋਏ 40 ਲੋਕਾਂ ਵਿਚ 3 ਭਾਰਤੀ ਵਿਦਿਆਰਥੀ ਵੀ ਸ਼ਾਮਲ ਹਨ। ਇਹ ਜਾਣਕਾਰੀ ਸਥਾਨਕ ਮੀਡੀਆ 'ਚ ਛਪੀ ਇਕ ਖ਼ਬਰ 'ਚ ਦਿਤੀ ਗਈ ਹੈ। 'ਆਸਟ੍ਰੇਲੀਆ ਟੂਡੇ' ਨਿਊਜ਼ ਪੋਰਟਲ ਮੁਤਾਬਕ ਜ਼ਖ਼ਮੀ ਹੋਏ ਤਿੰਨ ਭਾਰਤੀ ਵਿਦਿਆਰਥੀਆਂ ਵਿਚੋਂ ਦੋ ਦਾ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ। ਆਸਟਰੇਲੀਆ ਦੇ ਅਧਿਕਾਰੀਆਂ ਨੇ ਐਤਵਾਰ ਨੂੰ ਹੋਏ ਹਮਲੇ ਵਿਚ ਜ਼ਖ਼ਮੀ ਹੋਏ ਭਾਰਤੀ ਵਿਦਿਆਰਥੀਆਂ ਦੀ ਪਛਾਣ ਜਾਰੀ ਨਹੀਂ ਕੀਤੀ ਹੈ। ਰੀਪੋਰਟ 'ਚ ਕਿਹਾ ਗਿਆ ਹੈ ਕਿ ਗੋਲੀਬਾਰੀ ਦੌਰਾਨ * ਬਾਕੀ ਸਫ਼ਾ 2 'ਤੇ

## ਟਰੰਪ ਪ੍ਰਸ਼ਾਸਨ ਦੌਰਾਨ 25 ਲੱਖ ਦੇ ਕਰੀਬ ਗੈਰ ਕਾਨੂੰਨੀ ਪ੍ਰਵਾਸੀ ਅਮਰੀਕਾ ਤੋਂ ਹੋਏ ਬਾਹਰ



ਵਾਸ਼ਿੰਗਟਨ, (ਪੰਜਾਬ ਸਟਾਰ ਬਿਊਰੋ): ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਜਦੋਂ ਦੇ ਸੱਤਾ ਵਿਚ ਆਏ ਹਨ, ਉਨ੍ਹਾਂ ਨੇ ਗੈਰ ਕਾਨੂੰਨੀ ਪ੍ਰਵਾਸ 'ਤੇ ਨੱਥ ਪਾਉਣ ਲਈ ਵੱਡੇ ਉਪਰਾਲੇ ਕੀਤੇ ਹਨ। ਉਨ੍ਹਾਂ ਦੇ ਦੂਜੀ ਵਾਰੀ ਸੱਤਾ ਸੰਭਾਲਣ ਤੋਂ ਬਾਅਦ ਰਿਕਾਰਡਤੋੜ ਗੈਰ ਕਾਨੂੰਨੀ ਪ੍ਰਵਾਸੀ ਦੇਸ਼ ਛੱਡ ਗਏ ਹਨ। ਇਸ ਸੰਬੰਧੀ DHS ਨੇ ਇਕ ਬਿਆਨ ਜਾਰੀ ਕਰਦਿਆਂ ਹੋਇਆਂ ਕਿਹਾ ਕਿ ਹੁਣ ਤੱਕ 2.5 ਮਿਲੀਅਨ ਤੋਂ ਵੱਧ ਗੈਰ ਕਾਨੂੰਨੀ ਪ੍ਰਵਾਸੀ ਦੇਸ਼ ਨਿਕਾਲੇ ਜਾਂ ਸਵੈ-ਇੱਛਾ ਤਹਿਤ * ਬਾਕੀ ਸਫ਼ਾ 2 'ਤੇ

## ਕੈਨੇਡੀਅਨ ਡਾਲਰ 66 ਰੁਪਏ ਨੂੰ ਟੱਪਿਆ



(ਪੰਜਾਬ ਸਟਾਰ ਬਿਊਰੋ): ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਟੈਰਿਫ ਵਾਧਿਆਂ ਕਰਕੇ ਬਰਾਮਦ ਨੂੰ ਲੱਗੇ ਖੋਰੇ ਦੇ ਬਾਵਜੂਦ ਕੈਨੇਡਿਆਈ ਡਾਲਰ ਵਾਧੇ ਪੈ ਗਿਆ ਹੈ। ਦੇਸ਼ ਵਿਚ ਲਿਬਰਲ ਪਾਰਟੀ ਦੀ ਮਾਰਕ ਕਾਰਨੀ ਦੀ ਅਗਵਾਈ ਵਾਲੀ ਘੱਟ ਗਿਣਤੀ ਸਰਕਾਰ ਵਲੋਂ ਸੱਤਾ ਸੰਭਾਲਣ ਮੌਕੇ ਕੈਨੇਡਿਆਈ ਡਾਲਰ 60 ਰੁਪਏ ਅਤੇ ਅਮਰੀਕਾ ਦੇ 67 ਸੈਂਟਾਂ ਦੇ ਬਰਾਬਰ ਸੀ। ਪਰ ਕੈਨੇਡਿਆਈ ਪ੍ਰਧਾਨ ਮੰਤਰੀ ਵੱਲੋਂ ਟੈਰਿਫ ਔਕੜਾਂ ਦਾ ਮੁਕਾਬਲਾ ਕਰਦਿਆਂ ਅਪਣਾਈਆਂ ਖਰਚੇ ਘਟਾਊ ਵਿੱਤੀ ਨੀਤੀਆਂ ਅਤੇ ਕੁਝ ਦੇਸ਼ਾਂ ਨਾਲ ਵਿਗੜੇ ਸਬੰਧਾਂ ਨੂੰ ਸੁਧਾਰਨ ਦੇ * ਬਾਕੀ ਸਫ਼ਾ 2 'ਤੇ

## ਕੈਨੇਡਾ 'ਚ ਸੈਂਕੜੇ ਪੰਜਾਬੀਆਂ ਦੇ ਜ਼ਖ਼ਮਾਂ 'ਤੇ ਛਿੜਕਿਆ ਲੂਣ

* ਓਨਟਾਰੀਓ ਸਰਕਾਰ ਵੱਲੋਂ 2 ਹਜ਼ਾਰ ਤੋਂ ਵੱਧ ਉਮੀਦਵਾਰਾਂ ਨੂੰ ਪੀ.ਆਰ. ਦੇ ਸੱਦੇ
* ਵਿਧਾਨ ਸਭਾ ਦੇ ਬਾਹਰ ਬੈਠੇ ਰਹਿ ਗਏ ਪੰਜਾਬੀ ਨੌਜਵਾਨ



ਟੋਰਾਂਟੋ, (ਪੰਜਾਬ ਸਟਾਰ ਬਿਊਰੋ): ਸੈਂਕੜੇ ਪੰਜਾਬੀ ਨੌਜਵਾਨਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਦਿਆਂ ਡਗ ਫ਼ੋਰਡ ਸਰਕਾਰ ਵੱਲੋਂ ਉਨਟਾਰੀਓ ਇੰਮੀਗ੍ਰੈਂਟ ਨੌਮਿਨੀ ਪ੍ਰੋਗਰਾਮ ਅਧੀਨ 2 ਹਜ਼ਾਰ ਤੋਂ ਵੱਧ ਉਮੀਦਵਾਰਾਂ ਨੂੰ ਪੀ.ਆਰ. ਲਈ ਅਰਜ਼ੀਆਂ ਦਾਇਰ ਕਰਨ ਦੇ ਸੱਦੇ ਭੇਜੇ ਗਏ ਹਨ ਪਰ ਰੱਦ ਕੀਤੀਆਂ 2,600 ਅਰਜ਼ੀਆਂ ਦਾ ਮਸਲਾ ਸੁਲਝਾਉਣ ਵੱਲ ਤਵੱਜੋ ਨਹੀਂ ਦਿਤੀ ਗਈ। ਜੀ ਹਾਂ, ਉਨਟਾਰੀਓ ਵਿਧਾਨ ਸਭਾ ਦਾ ਇਜਲਾਸ ਵੀ 23 ਮਾਰਚ ਤੱਕ ਉਠਾ ਦਿਤਾ ਗਿਆ ਹੈ ਅਤੇ ਹੁਣ ਪੰਜਾਬੀ ਨੌਜਵਾਨਾਂ ਕੋਲ ਵਿਧਾਨ ਸਭਾ ਦੇ ਬਾਹਰ ਧਰਨੇ ਦਾ ਕੋਈ ਮਕਸਦ ਨਹੀਂ ਰਹਿ ਗਿਆ। 2023 ਵਿਚ ਪਰਵਾਰ ਸਣੇ ਪੰਜਾਬ ਤੋਂ ਬਰੈਂਪਟਨ ਪੁੱਜਾ ਬਲਜੀਤ ਸਿੰਘ ਆਪਣਾ ਜੁੱਲੀ ਬਿਸਤਰਾ ਸਮੇਟ ਰਿਹਾ ਅਤੇ ਇਸ ਵਰਗੇ ਦਰਜਨਾਂ ਹੋਰਨਾਂ ਕੋਲ ਘਰ ਵਾਪਸੀ ਜਾਂ ਅਸਾਇਲਮ ਕਲੇਮ ਕਰਨ ਤੋਂ ਸਿਵਾਏ ਕੋਈ ਰਾਹ ਬਾਕੀ ਨਹੀਂ ਬਚਿਆ।

ਸਿਟੀ ਨਿਊਜ਼ ਨਾਲ ਗੱਲਬਾਤ ਕਰਦਿਆਂ ਬਲਜੀਤ ਸਿੰਘ ਨੇ ਦੱਸਿਆ ਕਿ ਉਹ ਆਪਣੀ ਪਤਨੀ ਅਤੇ ਤਿੰਨ ਸਾਲ ਦੀ ਬੱਚੇ ਨਾਲ ਰਹਿ ਰਿਹਾ ਅਤੇ ਹੁਣ ਇਥੇ ਕੋਈ ਭਵਿੱਖ ਨਜ਼ਰ ਨਹੀਂ ਆਉਂਦਾ। ਬਲਜੀਤ ਸਿੰਘ ਅਤੇ ਹੋਰਨਾਂ ਪੰਜਾਬੀ ਨੌਜਵਾਨਾਂ ਨੇ ਕਿਹਾ ਕਿ ਉਹ ਕਈ ਵਰ੍ਹਿਆਂ ਤੋਂ ਕੈਨੇਡੀਅਨ ਅਰਥਚਾਰੇ ਵਿਚ ਯੋਗਦਾਨ ਪਾ ਰਹੇ ਹਨ ਪਰ ਅੰਤ ਵਿਚ ਸਭਨਾਂਨੂੰ ਵਿਸਾਰ ਦਿਤਾ ਗਿਆ ਹੈ। ਇਸੇ ਦੌਰਾਨ ਬਰੈਂਪਟਨ ਈਸਟ ਤੋਂ ਪੀ.ਸੀ. ਪਾਰਟੀ ਦੇ ਵਿਧਾਇਕ ਹਰਦੀਪ ਸਿੰਘ ਗਰੇਵਾਲ ਨੇ ਕਿਹਾ ਕਿ ਯੋਗ ਉਮੀਦਵਾਰਾਂ ਵਾਸਤੇ ਨਵਾਂ ਇੰਪਲੌਇਰ ਪੋਰਟਲ ਸਿਰਜਣ ਦੇ ਯਤਨ ਕੀਤੇ ਜਾ ਰਹੇ ਹਨ ਜਿਸ ਰਾਹੀਂ ਕੰਪਨੀਆਂ ਬਾਜ਼ਾਰ ਜ਼ਰੂਰਤਾਂ ਮੁਤਾਬਕ ਕਾਮਿਆਂ ਦੀ ਭਰਤੀ ਕਰ ਸਕਣਗੀਆਂ। ਇਸ ਦੇ ਉਲਟ ਔਟਵਾ ਸਾਊਥ ਤੋਂ ਲਿਬਰਲ ਵਿਧਾਇਕ ਜੌਹਨਫਰੇਜ਼ਰ ਨੇ ਕਿਹਾ ਕਿ ਸਰਕਾਰ ਲਾਰੇ ਲਾਉਣ ਤੋਂ ਸਿਵਾਏ ਕੁਝ ਨਹੀਂ ਕਰ ਰਹੀ। ਦੱਸ ਦੇਈਏ ਕਿ ਲਗਾਤਾਰ 2 ਡਰਾਅ ਕਢਦਿਆਂ ਨੌਕਰੀ ਦੀ ਪੇਸ਼ਕਸ਼ ਵਾਲੇ ਵਿਦੇਸ਼ੀ ਕਾਮਿਆਂ, ਨੌਕਰੀ ਦੀ ਪੇਸ਼ਕਸ਼ ਵਾਲੇ ਕੌਮਾਂਤਰੀ ਵਿਦਿਆਰਥੀਆਂ ਅਤੇ ਬੇਹੱਦ ਮੰਗ ਵਾਲੇ ਕਿੱਤਿਆਂ ਨਾਲ ਸਬੰਧਤ ਸ਼੍ਰੇਣੀਆਂ ਲਈ ਪਰਮਾਨੈਂਟ ਰੈਜ਼ੀਡੈਂਸੀ ਦੇ ਸੱਦੇ ਭੇਜੇ ਗਏ ਪਰ ਉਨ੍ਹਾਂ 2600 ਅਰਜ਼ੀਆਂ ਬਾਰੇ ਕੋਈ ਜ਼ਿਕਰ ਨਾ ਮਿਲਿਆ ਜੋ ਪਿਛਲੇ ਦਿਨੀਂ ਰੱਦ ਕੀਤੀਆਂ ਗਈਆਂ। ਮੀਡੀਆ ਰਿਪੋਰਟ ਮੁਤਾਬਕ ਤਾਜ਼ਾ ਸੱਦੇ 2 ਜੁਲਾਈ ਤੋਂ * ਬਾਕੀ ਸਫ਼ਾ 2 'ਤੇ

## ਅੰਮ੍ਰਿਤਸਰ ਸਣੇ 3 ਸ਼ਹਿਰਾਂ ਨੂੰ ਮਿਲਿਆ ਪਵਿੱਤਰ ਸ਼ਹਿਰ ਦਾ ਦਰਜਾ, ਗਵਰਨਰ ਨੇ ਦਿੱਤੀ ਮਨਜ਼ੂਰੀ



(ਪੰਜਾਬ ਸਟਾਰ ਬਿਊਰੋ): ਪੰਜਾਬ ਦੇ ਤਿੰਨ ਸ਼ਹਿਰਾਂ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਮਿਲ ਗਿਆ ਹੈ। ਇਨ੍ਹਾਂ ਵਿੱਚ ਅੰਮ੍ਰਿਤਸਰ ਦੀ ਵਾਲਡ ਸਿਟੀ, ਸ੍ਰੀ ਆਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਸ਼ਾਮਲ ਹਨ। ਪੰਜਾਬ ਦੇ ਰਾਜਪਾਲ ਨੇ ਇਸ ਫੈਸਲੇ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜੋ ਸ੍ਰੀ ਆਨੰਦਪੁਰ ਸਾਹਿਬ ਵਿੱਚ ਇੱਕ ਵਿਸ਼ੇਸ਼ ਵਿਧਾਨ ਸਭਾ ਸੈਸ਼ਨ ਵਿੱਚ ਲਿਆ ਗਿਆ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਦਾ ਐਲਾਨ ਕੀਤਾ। ਰਾਜਪਾਲ ਦੀ ਪ੍ਰਵਾਨਗੀ ਤੋਂ ਬਾਅਦ ਸਰਕਾਰ ਨੇ ਇੱਕ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਹੁਣ ਇਨ੍ਹਾਂ ਤਿੰਨਾਂ ਸ਼ਹਿਰਾਂ ਵਿੱਚ ਸ਼ਰਾਬ, ਮਾਸ ਅਤੇ ਤੰਬਾਕੂ ਸਮੇਤ ਸਾਰੇ ਨਸ਼ੀਲੇ ਪਦਾਰਥਾਂ ਦੀ ਵਿਕਰੀ ਅਤੇ ਵਰਤੋਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਦਾ ਪ੍ਰਸਤਾਵ ਪਾਸ ਕੀਤਾ ਗਿਆ ਹੈ।

ਸਰਕਾਰ ਦਾ ਦਾਅਵਾ ਹੈ ਕਿ ਇਹ ਫੈਸਲਾ ਸੰਗਤ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਦਾ ਹੈ ਅਤੇ ਹੁਣ ਇਨ੍ਹਾਂ ਸ਼ਹਿਰਾਂ ਵਿੱਚ ਸਫਾਈ, ਸੁਰੱਖਿਆ, ਵਿਕਾਸ ਅਤੇ ਧਾਰਮਿਕ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਯੋਜਨਾਵਾਂ * ਬਾਕੀ ਸਫ਼ਾ 2 'ਤੇ

### ਮੈਕਸੀਕੋ 'ਚ ਵੱਡਾ ਜਹਾਜ਼ ਹਾਦਸਾ:

## ਫੈਕਟਰੀ ਦੀ ਛੱਤ ਨਾਲ ਟਕਰਾਇਆ ਛੋਟਾ ਪ੍ਰਾਈਵੇਟ ਜੈੱਟ 7 ਲੋਕਾਂ ਦੀ ਮੌਤ, 3 ਲਾਪਤਾ



(ਪੰਜਾਬ ਸਟਾਰ ਬਿਊਰੋ): ਮੱਧ ਮੈਕਸੀਕੋ ਵਿੱਚ ਇੱਕ ਛੋਟਾ ਨਿੱਜੀ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਐਮਰਜੈਂਸੀ ਲੈਂਡਿੰਗ ਦੀ ਕੋਸ਼ਿਸ਼ ਕਰਦੇ ਸਮੇਂ ਹਾਦਸੇ ਵਿੱਚ ਘੱਟੋ-ਘੱਟ ਸੱਤ ਲੋਕਾਂ ਦੀ ਮੌਤ ਹੋ ਗਈ। ਟੱਕਰ ਇੰਨੀ ਭਿਆਨਕ ਸੀ ਕਿ ਜਹਾਜ਼ ਵਿੱਚ ਅੱਗ ਲੱਗ ਗਈ ਅਤੇ ਵਿਆਪਕ ਦਹਿਸ਼ਤ ਫੈਲ ਗਈ। ਸਥਾਨਕ ਅਧਿਕਾਰੀਆਂ ਨੇ ਮੌਤਾਂ ਦੀ ਗਿਣਤੀ ਦੀ ਪੁਸ਼ਟੀ ਕੀਤੀ ਹੈ, ਅਤੇ ਬਚਾਅ ਕਾਰਜ ਜਾਰੀ ਹਨ।

ਮੈਕਸੀਕੋ ਸਟੇਟ ਸਿਵਲ ਪ੍ਰੋਟੈਕਸ਼ਨ ਕੋਆਰਡੀਨੇਟਰ ਐਡਰੀਅਨ ਹਰਨਾਂਡੇਜ਼ ਦੇ ਅਨੁਸਾਰ, ਇਹ ਹਾਦਸਾ * ਬਾਕੀ ਸਫ਼ਾ 2 'ਤੇ

### ਟਰੰਪ ਪ੍ਰਸ਼ਾਸ਼ਨ ਦਾ ਵੱਡਾ ਫ਼ੈਸਲਾ:

## 7 ਹੋਰ ਦੇਸ਼ਾਂ 'ਤੇ ਲਗਾਈ ਯਾਤਰਾ ਪਾਬੰਦੀ !



ਅਮਰੀਕਾ, (ਪੰਜਾਬ ਸਟਾਰ ਬਿਊਰੋ): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਫਲਸਤੀਨੀਆਂ ਸਮੇਤ ਪੰਜ ਹੋਰ ਦੇਸ਼ਾਂ ਦੇ ਲੋਕਾਂ ਦੇ ਅਮਰੀਕਾ ਵਿੱਚ ਦਾਖਲ ਹੋਣ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਹੈ। ਇਸ ਤੋਂ ਇਲਾਵਾ 15 ਹੋਰ ਦੇਸ਼ਾਂ 'ਤੇ ਅੰਸ਼ਕ ਪਾਬੰਦੀਆਂ ਲਗਾਈਆਂ ਗਈਆਂ ਹਨ। ਟਰੰਪ ਨੇ ਮੰਗਲਵਾਰ ਨੂੰ ਇਸ ਸਬੰਧੀ ਇੱਕ ਐਲਾਨਨਾਮੇ 'ਤੇ ਦਸਤਖਤ ਕੀਤੇ। ਇਸ ਨਾਲ ਅਮਰੀਕਾ ਵਿੱਚ ਦਾਖਲੇ 'ਤੇ ਪੂਰੀ ਜਾਂ ਅੰਸ਼ਕ ਯਾਤਰਾ ਪਾਬੰਦੀਆਂ ਵਾਲੇ ਦੇਸ਼ਾਂ ਦੀ ਕੁੱਲ ਗਿਣਤੀ 39 ਹੋ ਗਈ ਹੈ। ਇਹ ਫੈਸਲਾ ਪਿਛਲੇ ਮਹੀਨੇ ਵ੍ਹਾਈਟ ਹਾਊਸ ਨੇੜੇ ਇੱਕ ਅਫਗਾਨ ਸ਼ਰਨਾਰਥੀ ਦੁਆਰਾ ਨੈਸ਼ਨਲ ਗਾਰਡਜ਼ਮੈਨ 'ਤੇ ਗੋਲੀਬਾਰੀ ਕਰਨ ਤੋਂ ਬਾਅਦ ਆਇਆ ਹੈ।

ਦੱਸ ਦਈਏ ਵ੍ਹਾਈਟ ਹਾਊਸ ਦੇ * ਬਾਕੀ ਸਫ਼ਾ 2 'ਤੇ



ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ

ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131

Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7


BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW
PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS

Harjit Brar
Sales Representative
416-417-6010

ਕਿਸੇ ਤਰ੍ਹਾਂ ਦੀ ਵੀ ਪ੍ਰੋਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE HIGHER STANDARDS
HOMELIFE MAPLE LEAF REALTY LTD., BROKERAGE
Ph: 905-456-9090

Vik Mehmi
Broker
416-500-6262

# ਹਜ਼ਾਰਾਂ ਵਿਦੇਸ਼ੀ ਨਾਗਰਿਕਾਂ ਨੂੰ ਮਿਲੇਗੀ ਕੈਨੇਡੀਅਨ ਸਿਟੀਜ਼ਨਸ਼ਿਪ

## * 15 ਦਸੰਬਰ ਤੋਂ ਲਾਗੂ ਹੋਇਆ ਨਵਾਂ ਕਾਨੂੰਨ * 1 ਲੱਖ 15 ਹਜ਼ਾਰ ਲੋਕ ਹੋਣਗੇ ਪ੍ਰਭਾਵਿਤ : ਕੰਜ਼ਰਵੇਟਿਵ ਪਾਰਟੀ



ਟੋਰਾਂਟੋ : ਵਿਦੇਸ਼ਾਂ ਵਿਚ ਜੰਮੇ ਲੋਕਾਂ ਨੂੰ ਕੈਨੇਡੀਅਨ ਸਿਟੀਜ਼ਨ ਬਣਨ ਦਾ ਹੱਕ ਦਿੰਦਾ ਨਵਾਂ ਕਾਨੂੰਨ 15 ਦਸੰਬਰ ਤੋਂ ਲਾਗੂ ਹੋ ਗਿਆ ਹੈ। ਜੀ ਹਾਂ, ਬਿਲ ਸੀ-3 ਰਾਹੀਂ ਕੈਨੇਡੀਅਨ ਨਾਗਰਿਕਤਾ ਦੇ ਰਾਹ ਵਿਚ ਆਉਣ ਵਾਲੇ ਸਾਰੇ ਅੜਿੱਕੇ ਖ਼ਤਮ ਹੋ ਚੁੱਕੇ ਹਨ ਅਤੇ ਕੈਨੇਡੀਅਨ ਮਾਪਿਆਂ ਦੀ ਵਿਦੇਸ਼ਾਂ ਵਿਚ ਪੈਦਾ ਹੋਈ ਔਲਾਦ ਸਿਟੀਜ਼ਨਸ਼ਿਪ ਵਾਸਤੇ ਅਰਜ਼ੀ ਦਾਇਰ ਕਰ ਸਕਦੀ ਹੈ। ਸਿਰਫ਼ ਐਨਾ ਹੀ ਨਹੀਂ, ਨਵਾਂ ਕਾਨੂੰਨ ਲਾਗੂ ਹੋਣ ਮਗਰੋਂ ਕੈਨੇਡੀਅਨ ਨਾਗਰਿਕ ਬਣਨ ਦਾ ਹੱਕ ਹਾਸਲ ਕਰਨ ਵਾਲਿਆਂ ਦੇ ਬੱਚੇ ਵੀ ਮੁਲਕ ਦੀ ਸਿਟੀਜ਼ਨਸ਼ਿਪ ਦੇ ਹੱਕਦਾਰ ਬਣ ਚੁੱਕੇ ਹਨ। ਇੰਮੀਗ੍ਰੇਸ਼ਨ ਮੰਤਰੀ ਲੀਨਾ ਡਿਆਬ ਨੇ ਕਿਹਾ ਕਿ ਨਵਾਂ ਕਾਨੂੰਨ ਕੈਨੇਡਾ ਵਿਚ ਅਤੇ ਦੁਨੀਆਂ ਦੇ ਵੱਖ ਵੱਖ ਹਿੱਸਿਆਂ ਵਿਚ ਮੌਜੂਦ ਕੈਨੇਡੀਅਨਜ਼ ਦਰਮਿਆਨ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕਰਦਾ ਹੈ। 15 ਦਸੰਬਰ 2025 ਤੋਂ ਪਹਿਲਾਂ ਵਿਦੇਸ਼ਾਂ ਵਿਚ ਜੰਮਿਆ ਕੋਈ ਵੀ ਸ਼ਖਸ ਕੈਨੇਡੀਅਨ ਨਾਗਰਿਕਤਾ ਦਾ ਹੱਕਦਾਰ ਹੈ, ਬਾਸ਼ਰਤੇ ਸਬੰਧਤ ਸ਼ਖਸ ਦੇ ਜੰਮਣ ਵੇਲੇ ਉਸ ਦੇ ਮਾਤਾ-ਪਿਤਾ ਵਿਚੋਂ ਕੋਈ ਇਕ ਕੈਨੇਡੀਅਨ ਸਿਟੀਜ਼ਨ ਹੋਵੇ।

ਬਿਲ ਸੀ-3 ਦੇ ਆਉਣ ਤੋਂ ਪਹਿਲਾਂ ਕੈਨੇਡੀਅਨ ਨਾਗਰਿਕਾਂ ਦੇ ਵਿਦੇਸ਼ਾਂ ਵਿਚ ਪੈਦਾ ਹੋਏ ਬੱਚੇ ਆਪਣੀ ਸੰਤਾਨ ਨੂੰ ਨਾਗਰਿਕਤਾ ਦੀ ਸਹੂਲਤ ਤਾਂ ਹੀ ਦੇ ਸਕਦੇ ਸਨ ਜੇ ਉਨ੍ਹਾਂ ਦੀ ਔਲਾਦ ਕੈਨੇਡਾ ਵਿਚ ਜੰਮੀ ਹੋਵੇ ਪਰ ਦਸੰਬਰ 2023 ਵਿਚ ਉਨਟਾਰੀਓ ਦੀ ਸੁਪੀਰੀਅਰ ਕੋਰਟ ਨੇ ਆਪਣੇ ਇਤਿਹਾਸਕ ਫੈਸਲੇ ਰਾਹੀਂ ਮੁਲਕ ਦੀ ਨਾਗਰਿਕਤਾ ਸਿਰਫ਼ ਪਹਿਲੀ ਪੀੜ੍ਹੀ ਤੱਕ ਸੀਮਤ ਰੱਖਣ ਦੀਆਂ ਬੰਦਿਸ਼ਾਂ ਖ਼ਤਮ ਕਰ ਦਿਤੀਆਂ। ਅਦਾਲਤ ਨੇ ਉਸ ਵੇਲੇ ਦੇ ਸਿਟੀਜ਼ਨਸ਼ਿਪ ਐਕਟ ਨੂੰ ਗੈਰਸੰਵਿਧਾਨਕ ਕਰਾਰ ਦਿੰਦਿਆਂ ਕਿਹਾ ਕਿ ਇਹ ਕੈਨੇਡੀਅਨ ਨਾਗਰਿਕਾਂ ਦੀਆਂ 2 ਸ਼੍ਰੇਣੀਆਂ ਪੈਦਾ ਕਰਦਾ ਹੈ ਜਿਸ ਦੇ ਮੱਦੇਨਜ਼ਰ ਐਕਟ ਵਿਚ ਸੋਧ ਕੀਤੀ ਜਾਵੇ। ਫੈਡਰਲ ਸਰਕਾਰ ਨੇ ਅਦਾਲਤੀ ਫ਼ੈਸਲੇ ਵਿਰੁੱਧ ਅਪੀਲ ਦਾਇਰ ਨਾ ਕੀਤੀ ਪਰ ਨਵਾਂ ਸਿਟੀਜ਼ਨਸ਼ਿਪ ਐਕਟ ਲਿਆਉਣ ਲਈ 2024 ਤੱਕ ਮਿਲੀ ਸਮਾਂ ਹੱਦ ਦੇ ਅੰਦਰ ਨਵੇਂ ਕਾਨੂੰਨ ਦਾ ਖਰੜਾ ਹੋਂਦ ਵਿਚ ਨਾ ਆ ਸਕਿਆ। ਬੀਤੇ ਦੋ ਵਰ੍ਹਿਆਂ ਦੌਰਾਨ ਫੈਡਰਲ ਸਰਕਾਰ ਨੇ ਨਵਾਂ ਸਿਟੀਜ਼ਨਸ਼ਿਪ ਐਕਟ ਲਿਆਉਣ ਦੀ ਮਿਆਦ ਵਿਚ ਕਈ ਵਾਰ ਵਾਧਾ ਕਰਵਾਇਆ ਅਤੇ ਆਖਰੀ ਤਰੀਕ 18 ਨਵੰਬਰ 2025 ਤੈਅ ਕੀਤੀ ਗਈ। ਬਿਲ ਸੀ-3 ਨੂੰ ਸ਼ਾਹੀ ਪ੍ਰਵਾਨਗੀ 20 ਨਵੰਬਰ ਨੂੰ ਮਿਲੀ ਅਤੇ ਮਿਆਦ ਵਿਚ ਮੁੜ ਵਾਧਾ ਕਰਵਾਉਣ ਦੀ ਜ਼ਰੂਰਤ ਮਹਿਸੂਸ ਨਾ ਕੀਤੀ ਗਈ।

ਇਥੇ ਦਸਣਾ ਬਣਦਾ ਹੈ ਕਿ ਇੰਮੀਗ੍ਰੇਸ਼ਨ ਮਹਿਕਮੇ ਵੱਲੋਂ ਨਵਾਂ ਕਾਨੂੰਨ ਧਿਆਨ ਵਿਚ ਰਖਦਿਆਂ ਨਾਗਰਿਕਤਾ ਨਾਲ ਸਬੰਧਤ ਕੁਝ ਅੰਤਰਮ ਉਪਾਅ ਪਹਿਲਾਂ ਹੀ ਲਾਗੂ ਕਰ ਦਿਤੇ ਗਏ ਅਤੇ ਜਿਹੜੇ ਉਮੀਦਵਾਰ ਅੰਤਰਮ ਉਪਾਵਾਂ ਤਹਿਤ ਸਿਟੀਜ਼ਨਸ਼ਿਪ ਦੀ ਅਰਜ਼ੀ ਦਾਇਰ ਕਰ ਚੁੱਕੇ ਹਨ, ਉਨ੍ਹਾਂ ਨੂੰ ਬਿਲ ਸੀ-3 ਦੇ ਲਾਗੂ ਹੋਣ ਮਗਰੋਂ ਨਵੇਂ ਸਿਰੇ ਤੋਂ ਅਰਜ਼ੀ ਦਾਇਰ ਕਰਨ ਦੀ ਜ਼ਰੂਰਤ ਨਹੀਂ। ਇੰਮੀਗ੍ਰੇਸ਼ਨ ਮਾਹਰਾਂ ਵੱਲੋਂ ਨਵਾਂ ਕਾਨੂੰਨ ਲਾਗੂ ਹੋਣ 'ਤੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਰਮਾਨੈਂਟ ਰੈਜ਼ੀਡੈਂਟਸ ਦੇ ਮੁਕਾਬਲੇ ਕੈਨੇਡੀਅਨ ਨਾਗਰਿਕਾਂ ਨੂੰ ਵਧੇਰੇ ਸਹੂਲਤਾਂ ਹਾਸਲ ਹੁੰਦੀਆਂ ਹਨ ਜਿਨ੍ਹਾਂ ਵਿਚ ਵੋਟ ਪਾਉਣ ਦਾ ਹੱਕ, ਵਿਦੇਸ਼ ਵਿਚ ਵਿਆਹ ਕਰਵਾਉਣ ਮਗਰੋਂ ਜੀਵਨ ਸਾਥੀ ਨੂੰ ਸਪੌਂਸਰ ਕਰਨ ਦੀ ਵਧੇਰੇ ਆਜ਼ਾਦੀ ਅਤੇ ਸਿਆਸੀ ਅਹੁਦੇ ਪ੍ਰਵਾਨ ਕਰਨ ਦਾ ਹੱਕ ਸ਼ਾਮਲ ਹਨ। ਸਭ ਅਹਿਮ ਇਹ ਹੈ ਕਿ ਕੈਨੇਡੀਅਨ ਨਾਗਰਿਕ ਨੂੰ ਮੁਲਕ ਵਿਚ ਦਾਖਲ ਹੋਣ ਦੇ ਅਯੋਗ ਨਹੀਂ ਮੰਨਿਆ ਜਾ ਸਕਦਾ। ਉਧਰ ਕੰਜ਼ਰਵੇਟਿਵ ਪਾਰਟੀ ਦਾ ਕਹਿਣਾ ਹੈ ਕਿ ਨਵਾਂ ਸਿਟੀਜ਼ਨਸ਼ਿਪ ਐਕਟ ਲਾਗੂ ਹੋਣ ਨਾਲ 1 ਲੱਖ 15 ਹਜ਼ਾਰ ਲੋਕ ਪ੍ਰਭਾਵਤ ਹੋਣਗੇ ਅਤੇ ਆਉਂਦੇ ਪੰਜ ਸਾਲ ਦੌਰਾਨ 20.8 ਮਿਲੀਅਨ ਦਾ ਵਾਧੂ ਖਰਚਾ ਹੋਵੇਗਾ।

# ਯੂ.ਕੇ. 'ਚ ਇੰਮੀਗ੍ਰੇਸ਼ਨ ਛਾਪੇ, ਦਰਜਨਾਂ ਭਾਰਤੀ ਗ੍ਰਿਫ਼ਤਾਰ

## * ਗੈਰਕਾਨੂੰਨੀ ਪ੍ਰਵਾਸੀਆਂ ਦੀ ਫੜੋ-ਫੜੀ ਹੋਈ ਤੇਜ਼ * 11 ਹਜ਼ਾਰ ਛਾਪਿਆਂ ਦੌਰਾਨ 8 ਹਜ਼ਾਰ ਕੀਤੇ ਕਾਬੂ



ਲੰਡਨ : ਯੂ.ਕੇ. ਵਿਚ ਵੱਡੇ ਇੰਮੀਗ੍ਰੇਸ਼ਨ ਛਾਪੇ ਦੌਰਾਨ ਭਾਰਤ, ਇਰਾਕ ਅਤੇ ਚੀਨ ਨਾਲ ਸਬੰਧਤ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਕਾਬੂ ਕੀਤਾ ਗਿਆ ਹੈ। ਇੰਮੀਗ੍ਰੇਸ਼ਨ ਅਫ਼ਸਰਾਂ ਦੀ ਆਮਦ ਬਾਰੇ ਪਤਾ ਲਗਦਿਆਂ ਹੀ ਸਰੀ ਦੇ ਕ੍ਰਿਸਮਸ ਬਾਜ਼ਾਰ ਵਿਚ ਭਾਜੜਾਂ ਪੈ ਗਈਆਂ ਅਤੇ ਗੈਰਕਾਨੂੰਨੀ ਪ੍ਰਵਾਸੀ ਆਪਣਾ ਬਚਾਅ ਕਰਨ ਲਈ ਇਧਰ-ਉਧਰ ਦੌੜਨ ਲੱਗੇ। ਮੀਡੀਆ ਰਿਪੋਰਟ ਮੁਤਾਬਕ ਇਹ ਕਾਰਵਾਈ ਯੂ.ਕੇ. ਦੇ ਗ੍ਰਹਿ ਵਿਭਾਗ ਦੀ ਇੰਮੀਗ੍ਰੇਸ਼ਨ ਐਨਫ਼ੋਰਸਮੈਂਟ ਟੀਮ, ਸਰੀ ਪੁਲਿਸ ਅਤੇ ਸਾਊਥ ਈਸਟ ਰੀਜਨਲ ਆਰਗੇਨਾਈਜ਼ਡ ਕ੍ਰਾਈਮ ਯੂਨਿਟ ਵੱਲੋਂ ਕੀਤੀ ਗਈ। ਅਮਰੀਕਾ ਵਿਚ ਰਾਸ਼ਟਰਪਤੀ ਡੌਨਲਡ ਟਰੰਪ ਦੇ ਹੁਕਮਾਂ 'ਤੇ ਗੈਰਕਾਨੂੰਨੀ ਪ੍ਰਵਾਸੀਆਂ ਵਿਰੁੱਧ ਹੋ ਰਹੀ ਕਾਰਵਾਈ ਵਾਂਗ ਯੂ.ਕੇ. ਸਰਕਾਰ ਵੱਲੋਂ ਵੀ ਪ੍ਰਵਾਸੀਆਂ ਦੀ ਫੜੋ-ਫੜੀ ਵਿਚ 63 ਫ਼ੀ ਸਦੀ ਵਾਧਾ ਕੀਤਾ ਗਿਆ ਹੈ। ਸਨਬਰੀ ਦੀ ਕ੍ਰਿਸਮਸ ਮਾਰਕਿਟ ਵਿਚ ਵੱਜੇ ਛਾਪੇ ਦੀਆਂ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ ਅਤੇ ਇੰਮੀਗ੍ਰੇਸ਼ਨ ਮਹਿਕਮੇ ਨੇ ਆਪਣੇ ਪੱਧਰ 'ਤੇ ਵੀ ਤਸਵੀਰਾਂ ਜਾਰੀ ਕੀਤੀਆਂ। ਯੂ.ਕੇ. ਦੇ ਬਾਰਡਰ ਸੁਰੱਖਿਆ ਅਤੇ ਅਸਾਇਲਮ ਮਾਮਲਿਆਂ ਬਾਰੇ ਮੰਤਰੀ ਅਲੈਕਸ ਨੌਰਿਸ ਨੇ ਇਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਗੈਰਕਾਨੂੰਨੀ ਤਰੀਕੇ ਨਾਲ ਕੰਮ ਕਰ ਰਹੇ ਪ੍ਰਵਾਸੀ, ਜਿਥੇ ਇੰਮੀਗ੍ਰੇਸ਼ਨ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ ਹਨ, ਉਥੇ ਹੀ ਜਾਇਜ਼ ਤਰੀਕੇ ਨਾਲ ਮੁਲਕ ਵਿਚ ਦਾਖਲ ਹੋਏ ਕਿਰਤੀਆਂ ਦੇ ਹੱਕਾਂ ਉਤੇ ਡਾਕਾ ਵੀ ਮਾਰਦੇ ਹਨ।

ਇੰਮੀਗ੍ਰੇਸ਼ਨ ਐਨਫ਼ੋਰਸਮੈਂਟ ਇੰਸਪੈਕਟਰ ਸੈਮ ਮਲੋਹਤਰਾ ਨੇ ਦੱਸਿਆ ਕਿ ਤਾਜ਼ਾ ਕਾਰਵਾਈ ਗੈਰਕਾਨੂੰਨੀ ਤਰੀਕੇ ਨਾਲ ਮੁਲਕ ਵਿਚ ਮੌਜੂਦ ਲੋਕਾਂ ਨੂੰ ਸਪੱਸ਼ਟ ਸੁਨੇਹਾ ਹੈ ਕਿ ਉਹ ਖੁਦ ਬ ਖੁਦ ਯੂ.ਕੇ. ਛੱਡ ਕੇ ਚਲੇ ਜਾਣ, ਨਹੀਂ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਦਿਆਂ ਡਿਪੋਰਟ ਕੀਤਾ ਜਾਵੇਗਾ। ਦੱਸ ਦੇਈਏ ਕਿ ਅਕਤੂਬਰ 2024 ਤੋਂ ਸਤੰਬਰ 2025 ਦਰਮਿਆਨ 11 ਹਜ਼ਾਰ ਤੋਂ ਵੱਧ ਛਾਪੇ ਮਾਰਦਿਆਂ 8 ਹਜ਼ਾਰ ਤੋਂ ਵੱਧ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਕਾਬੂ ਕੀਤਾ ਗਿਆ ਪਰ ਪਿਛਲੇ ਸਮੇਂ ਦੌਰਾਨ ਇੰਮੀਗ੍ਰੇਸ਼ਨ ਛਾਪਿਆਂ ਵਿਚ ਵਧੇਰੇ ਤੇਜ਼ੀ ਲਿਆਂਦੀ ਗਈ ਹੈ। ਦਸੰਬਰ ਦੇ ਆਰੰਭ ਵਿਚ ਭਾਰਤ ਸਣੇ ਵੱਖ ਵੱਖ ਮੁਲਕਾਂ ਨਾਲ ਸਬੰਧਤ 60 ਡਿਲੀਵਰੀ ਰਾਈਡਰ ਇੰਮੀਗ੍ਰੇਸ਼ਨ ਹਿਰਾਸਤ ਵਿਚ ਲਏ ਗਏ। ਦੂਜੇ ਪਾਸੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਕੰਮ 'ਤੇ ਰੱਖਣ ਵਾਲੇ ਕਾਰੋਬਾਰੀਆਂ ਵਿਰੁੱਧ ਵੀ ਸਖ਼ਤੀ ਵਰਤਦਿਆਂ ਹਜ਼ਾਰਾਂ ਪਾਊਂਡ ਜੁਰਮਾਨੇ ਕੀਤੇ ਜਾ ਰਹੇ ਹਨ। ਯੂ.ਕੇ. ਦੇ ਇੰਮੀਗ੍ਰੇਸ਼ਨ ਕਾਨੂੰਨ ਮੁਤਾਬਕ ਇਕ ਗੈਰਕਾਨੂੰਨੀ ਪ੍ਰਵਾਸੀ ਨੂੰ ਕੰਮ 'ਤੇ ਰੱਖਣ ਵਾਲੇ ਇੰਪਲੌਇਰ ਨੂੰ 60 ਹਜ਼ਾਰ ਪਾਊਂਡ ਤੱਕ ਜੁਰਮਾਨਾ ਅਤੇ ਪੰਜ ਸਾਲ ਤੱਕ ਦੀ ਜੇਲ ਹੋ ਸਕਦੀ ਹੈ।

ਯੂ.ਕੇ. ਦੀ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਵੱਲੋਂ ਡਿਲੀਵਰੀ ਸੈਕਟਰ ਵਿਚ ਕੰਮ ਕਰਦੇ ਗੈਰਕਾਨੂੰਨੀ ਪ੍ਰਵਾਸੀਆਂ ਵਿਰੁੱਧ ਖਾਸ ਮੁਹਿੰਮ ਆਰੰਭੀ ਗਈ ਹੈ ਅਤੇ ਫੂਡ ਡਿਲੀਵਰੀ ਐਪਸ ਨੂੰ ਕਾਮਿਆਂ ਦਾ ਇੰਮੀਗ੍ਰੇਸ਼ਨ ਸਟੇਟਸ ਖਾਸ ਤੌਰ 'ਤੇ ਚੈੱਕ ਕਰਨ ਵਾਸਤੇ ਆਖਿਆ ਗਿਆ ਹੈ। ਜਲਦ ਵਿਚ ਯੂ.ਕੇ. ਵਿਚ ਕਿਰਤੀਆਂ ਵਾਸਤੇ ਡਿਜੀਟਲ ਆਈ.ਡੀਜ਼ ਆਰੰਭੀਆਂ ਜਾ ਰਹੀਆਂ ਹਨ ਅਤੇ ਜਿਹੜੇ ਕਿਰਤੀ ਕੋਲ ਡਿਜੀਟਲ ਆਈ.ਡੀ. ਨਹੀਂ ਹੋਵੇਗੀ, ਉਹ ਕੰਮ ਦਾ ਹੱਕਦਾਰ ਨਹੀਂ ਹੋਵੇਗਾ। ਪ੍ਰਧਾਨ ਮੰਤਰੀ ਕਿਅਰ ਸਟਾਰਮਰ ਤੋਂ ਪਹਿਲਾਂ ਟੋਨੀ ਬਲੇਅਰ ਵੀ ਅਜਿਹੀ ਯੋਜਨਾ 'ਤੇ ਵਿਚਾਰ ਕਰ ਚੁੱਕੇ ਹਨ ਪਰ ਮਾਮਲਾ ਸਿਰੇ ਨਾ ਚੜ੍ਹ ਸਕਿਆ। ਇਸ ਵਾਰ ਵੀ ਰਿਫ਼ਾਰਮ ਪਾਰਟੀ, ਕੰਜ਼ਰਵੇਟਿਵ ਪਾਰਟੀ ਅਤੇ ਲਿਬਰਲ ਡੈਮੋਕ੍ਰੈਟਸ ਵੱਲੋਂ ਸਟਾਰਮਰ ਸਰਕਾਰ ਦੀ ਯੋਜਨਾ ਦਾ ਵਿਰੋਧ ਕੀਤਾ ਜਾ ਰਿਹਾ ਹੈ।

# ਪੇਜ ਇੱਕ ਦੀ ਬਾਕੀ

## ਇਜ਼ਰਾਈਲ ਅਧਿਕਾਰੀਆਂ

ਇਸ ਫਾਰਮ 'ਤੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਤੋਂ ਬਾਅਦ ਉਨ੍ਹਾਂ ਨੂੰ ਅੰਦਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਤਿੰਨ ਰੋਜ਼ਾ ਇਸ ਯਾਤਰਾ ਦਾ ਮਕਸਦ ਬੇਘਰ ਕੀਤੇ ਗਏ ਫ਼ਲਸਤੀਨੀਆਂ ਨਾਲ ਮੁਲਾਕਾਤ ਕਰਨਾ ਸੀ। ਯਾਤਰਾ ਦੌਰਾਨ ਵਫ਼ਦ ਨੇ ਵੈਸਟ ਬੈਂਕ ਅਤੇ ਇਜ਼ਰਾਈਲ ਵੀ ਜਾਣਾ ਸੀ।

ਇਜ਼ਰਾਈਲੀ ਸਰਕਾਰ ਨੇ 2014 ਵਿੱਚ ਦੋਸ਼ ਲਗਾਇਆ ਸੀ ਕਿ ਇਸਲਾਮਿਕ ਰਿਲੀਫ ਵਰਲਡ ਵਾਈਡ ਨੇ ਹਮਾਸ ਨੂੰ ਪੈਸੇ ਭੇਜੇ ਸਨ। ਉਧਰ ਨੈਸ਼ਨਲ ਕੌਂਸਲ ਆਫ਼ ਕੈਨੇਡੀਅਨ ਮੁਸਲਿਮਜ਼ (NCCM) ਇਜ਼ਰਾਈਲ ਵੱਲੋਂ ਐੱਮ ਪੀਜ਼ ਨੂੰ ਵੈਸਟ ਬੈਂਕ ਵਿੱਚ ਦਾਖਲ ਹੋਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰਨ ਦੀ ਨਿੰਦਾ ਕਰ ਰਹੀ ਹੈ। ਸੰਸਥਾ ਦਾ ਕਹਿਣਾ ਹੈ ਕਿ ਚੁਣੇ ਹੋਏ ਨੁਮਾਇੰਦਿਆਂ ਨੂੰ ਰੋਕਣਾ ਉਨ੍ਹਾਂ ਦੀ ਤੱਥ-ਖੋਜ ਮਿਸ਼ਨਾਂ ਨੂੰ ਪੂਰਾ ਕਰਨ ਦੀ ਯੋਗਤਾ ਬਾਰੇ ਚਿੰਤਾਵਾਂ ਪੈਦਾ ਕਰਦਾ ਹੈ। ਕੈਨੇਡੀਅਨ ਮੁਸਲਿਮ ਵੋਟ, ਜੋ ਕਿ ਨਾਗਰਿਕ ਸ਼ਮੂਲੀਅਤ ਅਤੇ ਵੋਟ ਅਧਿਕਾਰ ਨੂੰ ਉਤਸ਼ਾਹਿਤ ਕਰਦਾ ਹੈ, ਨੇ ਕਿਹਾ ਕਿ ਉਸ ਨੇ ਪਿਛਲੇ ਸਾਲ ਬਿਨਾਂ ਕਿਸੇ ਸਮੱਸਿਆ ਦੇ ਮੱਧ ਪੂਰਬ ਦਾ ਇੱਕ ਅਜਿਹਾ ਦੌਰਾ ਆਯੋਜਿਤ ਕੀਤਾ ਸੀ। ਜ਼ਿਕਰਯੋਗ ਹੈ ਕਿ ਇਹ ਪਹਿਲੀ ਵਾਰੀ ਨਹੀਂ ਜਦੋਂ ਕੈਨੇਡਾ ਦੇ ਐੱਮ ਪੀ ਮੱਧ ਪੂਰਬ ਦੇ ਇਸ ਇਲਾਕੇ ਦਾ ਦੌਰਾ ਕਰਨ ਗਏ ਹੋਣ। ਜਨਵਰੀ 2024 ਵਿੱਚ ਕੈਨੇਡੀਅਨ ਮੁਸਲਿਮ ਵੋਟ ਨੇ ਜੌਰਡਨ ਅਤੇ ਵੈਸਟ ਬੈਂਕ ਲਈ ਇੱਕ ਯਾਤਰਾ ਆਯੋਜਿਤ ਕੀਤੀ ਸੀ।

## ਮ੍ਰਿਤਕਾਂ ਦੀ ਗਿਣਤੀ...

ਅਧਿਕਾਰੀਆਂ ਦਾ ਕਹਿਣਾ ਹੈ ਕਿ ਹਮਲੇ ਵਿੱਚ ਖਾਸ ਤੌਰ 'ਤੇ ਯਹੂਦੀ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਦੋ ਹਮਲਾਵਰਾਂ ਨੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ, ਜਿਸ ਨਾਲ ਇੱਕ ਬੱਚੇ ਸਮੇਤ 16 ਲੋਕ ਮਾਰੇ ਗਏ। ਇਸ ਹਮਲੇ ਵਿੱਚ 38 ਲੋਕ ਜ਼ਖਮੀ ਹੋਏ। ਐਮਰਜੈਂਸੀ ਸੇਵਾਵਾਂ ਤੁਰੰਤ ਘਟਨਾ ਸਥਾਨ 'ਤੇ ਪਹੁੰਚੀਆਂ ਅਤੇ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ। ਬੀਚ ਅਤੇ ਆਲੇ ਦੁਆਲੇ ਦੇ ਇਲਾਕਿਆਂ ਨੂੰ ਸੀਲ ਕਰ ਦਿੱਤਾ ਗਿਆ ਹੈ। ਪੁਲਿਸ ਨੇ ਘਟਨਾ 'ਚ ਸ਼ਾਮਿਲ ਇੱਕ ਹਮਲਾਵਰ ਨੂੰ ਮਾਰ ਦਿੱਤਾ, ਜਦੋਂ ਕਿ ਦੂਜੇ ਦਾ ਗੰਭੀਰ ਹਾਲਤ ਵਿੱਚ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ।

ਨਿਊ ਸਾਊਥ ਵੇਲਜ਼ ਪੁਲਿਸ ਕਮਿਸ਼ਨਰ ਮਾਲ ਲੈਨਿਯਨ ਦੇ ਅਨੁਸਾਰ, ਗੋਲੀਬਾਰੀ ਵਿੱਚ ਸ਼ਾਮਲ ਸ਼ੱਕੀ ਵਿਅਕਤੀ ਇੱਕ ਪਿਤਾ ਅਤੇ ਪੁੱਤਰ ਸਨ। ਅਧਿਕਾਰੀਆਂ ਨੇ ਦੱਸਿਆ ਕਿ ਪੁਲਿਸ ਨੇ 50 ਸਾਲਾ ਪਿਤਾ ਨੂੰ ਮੌਕੇ 'ਤੇ ਹੀ ਮਾਰ ਦਿੱਤਾ, ਜਦੋਂ ਕਿ 24 ਸਾਲਾ ਪੁੱਤਰ ਦੀ ਹਾਲਤ ਗੰਭੀਰ ਪਰ ਸਥਿਰ ਹੈ। ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਕਿਹਾ ਕਿ ਅਸੀਂ ਯਹੂਦੀਆਂ ਵਿਰੁੱਧ ਨਫ਼ਰਤ ਦੀ ਭਾਵਨਾ ਨੂੰ ਖਤਮ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ।

ਉਨ੍ਹਾਂ ਕਿਹਾ ਕਿ ਇਹ ਇੱਕ ਸਰਾਪ ਹੈ ਅਤੇ ਅਸੀਂ ਮਿਲ ਕੇ ਇਸਨੂੰ ਜੜ੍ਹਾਂ ਤੋਂ ਮਿਟਾ ਦੇਵਾਂਗੇ। ਸਰਕਾਰ ਨੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇਣ ਦਾ ਭਰੋਸਾ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਵੀ ਇਸ ਹਮਲੇ ਦੀ ਨਿੰਦਾ ਕੀਤੀ ਹੈ, ਇਸਨੂੰ ਇੱਕ ਭਿਆਨਕ ਹਮਲਾ ਦੱਸਿਆ ਹੈ।

## ਆਸਟ੍ਰੇਲੀਆ ਦੇ ਬੋਂਡਾਈ...

ਭਾਰਤੀ ਵਿਦਿਆਰਥੀ ਜ਼ਖਮੀ ਹੋ ਗਏ ਹਨ ਅਤੇ ਉਨ੍ਹਾਂ ਦੀ ਸਹੀ ਹਾਲਤ ਦੀ ਅਜੇ ਰਸਮੀ ਤੌਰ ਉਤੇ ਪੁਸ਼ਟੀ ਨਹੀਂ ਕੀਤੀ ਗਈ ਹੈ।

ਅਧਿਕਾਰੀਆਂ ਨੇ ਦਸਿਆ ਕਿ 24 ਸਾਲ ਦੇ ਨਵੀਦ ਅਕਰਮ ਅਤੇ ਉਸ ਦੇ 50 ਸਾਲ ਦੇ ਪਿਤਾ ਸਾਜਿਦ ਅਕਰਮ ਨੇ ਯਹੂਦੀ ਤਿਉਹਾਰ ਹਨੂਕਾ ਮਨਾ ਰਹੇ ਲੋਕਾਂ ਉਤੇ ਐਤਵਾਰ ਸ਼ਾਮ ਗੋਲੀਆਂ ਚਲਾ ਦਿਤੀਆਂ ਸਨ। ਇਸ ਹਮਲੇ 'ਚ 10 ਸਾਲ ਦੀ ਇਕ ਕੁੜੀ ਸਮੇਤ ਘੱਟੋ-ਘੱਟ 15 ਲੋਕਾਂ ਦੀ ਮੌਤ ਹੋ ਗਈ। ਜ਼ਖਮੀਆਂ ਵਿਚੋਂ ਪੰਜ ਦੀ ਹਾਲਤ ਗੰਭੀਰ ਬਣੀ ਹੋਈ ਹੈ, ਜਦਕਿ ਦੋ ਜ਼ਖਮੀ ਪੁਲਿਸ ਅਧਿਕਾਰੀਆਂ ਦੀ ਹਾਲਤ ਨਾਜ਼ੁਕ ਹੈ ਪਰ ਸਥਿਰ ਹੈ। ਨਿਊ ਸਾਊਥ ਵੇਲਜ਼ ਦੇ ਪੁਲਿਸ ਕਮਿਸ਼ਨਰ ਮਾਲ ਲੈਨਯਨ ਦੇ ਹਵਾਲੇ ਨਾਲ ਰੀਪੋਰਟ ਵਿਚ ਕਿਹਾ ਗਿਆ ਹੈ ਕਿ ਜਿਵੇਂ-ਜਿਵੇਂ ਨਵੀਂ ਜਾਣਕਾਰੀ ਸਾਹਮਣੇ ਆ ਰਹੀ ਹੈ, ਜਾਂਚ ਦਾ ਦਾਇਰਾ ਵਧ ਰਿਹਾ ਹੈ। ਇਸ ਵਿਚ ਕਥਿਤ ਹਮਲਾਵਰਾਂ ਦੀ ਕੌਮਾਂਤਰੀ ਯਾਤਰਾ ਅਤੇ ਕੱਟੜਪੰਥੀ ਸਮੱਗਰੀ ਦੀ ਬਰਾਮਦਗੀ ਸ਼ਾਮਲ ਹੈ।

## ਟਰੰਪ ਪ੍ਰਸ਼ਾਸਨ ਦੌਰਾਨ...

ਅਮਰੀਕਾ ਛੱਡ ਗਏ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਜਨਵਰੀ ਵਿਚ ਅਹੁਦਾ ਸੰਭਾਲਣ ਤੋਂ ਬਾਅਦ 6 ਲੱਖ, 5 ਹਜ਼ਾਰ ਤੋਂ ਵੱਧ ਲੋਕਾਂ ਨੂੰ ਡਿਪੋਰਟ ਕੀਤਾ ਜਾ ਚੁੱਕਾ ਹੈ। ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ (DHS) ਵੱਲੋਂ ਪੇਸ਼ ਕੀਤੇ ਅੰਕੜਿਆਂ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਟਰੰਪ ਦੇ ਅਹੁਦਾ ਸੰਭਾਲਣ ਤੋਂ ਬਾਅਦ 1.9 ਮਿਲੀਅਨ ਗੈਰ ਕਾਨੂੰਨੀ ਪ੍ਰਵਾਸੀ ਸਵੈ-ਇੱਛਾ ਨਾਲ ਦੇਸ਼ ਛੱਡ ਗਏ ਹਨ। DHS ਦੀ ਸਹਾਇਕ ਸਕੱਤਰ ਟਰੇਸੀਆ ਮੈਕਲਾਫਲਿਨ ਨੇ ਕਿਹਾ ਕਿ ਇਥੇ ਗੈਰ ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕਾਂ ਨੂੰ ਹਾਲੇ ਵੀ ਲੱਭਿਆ ਜਾ ਰਿਹਾ ਹੈ। ਫੜੇ ਜਾਣ 'ਤੇ ਉਨ੍ਹਾਂ ਵਿਰੁੱਧ ਤੁਰੰਤ ਸਖਤ ਐਕਸ਼ਨ ਲਿਆ ਜਾਵੇਗਾ ਅਤੇ ਬਾਹਰ ਦਾ ਰਾਹ ਦਿਖਾਇਆ ਜਾਵੇਗਾ। DHS ਵੱਲੋਂ ਜਾਰੀ ਕੀਤੇ ਬਿਆਨ ਅਨੁਸਾਰ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢਣ ਤੋਂ ਬਾਅਦ ਜਨਤਕ ਸੇਵਾਵਾਂ ਵਿਚ ਕਮੀ ਆਈ ਹੈ ਅਤੇ ਨੌਕਰੀ ਬਾਜ਼ਾਰਾਂ ਵਿਚ ਪੁਨਰ ਉਭਾਰ ਹੋਇਆ ਹੈ।

ਸੰਯੁਕਤ ਰਾਜ ਅਮਰੀਕਾ ਵਿਚ ਗੈਰ ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕ ਵੱਡੀ ਗਿਣਤੀ ਵਿਚ CBP (ਯੂ.ਐੱਸ. ਕਸਟਮ ਐਂਡ ਬਾਰਡਰ ਪ੍ਰੋਟੈਕਸ਼ਨ) ਹੋਮ ਮੋਬਾਈਲ ਐਪ ਦੀ ਵਰਤੋਂ ਕਰਕੇ ਆਪਣੇ ਮੂਲ ਦੇਸ਼ਾਂ ਨੂੰ ਵਾਪਸ ਜਾ ਰਹੇ ਹਨ। ਇਸ ਰਾਹੀਂ ਉਹ ਵਾਪਸੀ ਲਈ ਮੁਫ਼ਤ ਹਵਾਈ ਟਿਕਟ ਅਤੇ ਹਜ਼ਾਰ ਡਾਲਰ ਐਗਜ਼ਿਟ ਬੋਨਸ ਪ੍ਰਾਪਤ ਕਰ ਰਹੇ ਹਨ। ਇਸ ਹਫਤੇ ਦੇ ਸ਼ੁਰੂ ਵਿਚ DHS ਨੇ ਇਕ ਵੈੱਬ ਪੇਜ ਲਾਂਚ ਕੀਤਾ ਹੈ, ਜੋ ਕਿ ਇਨਫੋਰਸਮੈਂਟ ਆਪ੍ਰੇਸ਼ਨਾਂ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਅਪਰਾਧਿਕ ਗੈਰ ਕਾਨੂੰਨੀ ਪ੍ਰਵਾਸੀਆਂ ਬਾਰੇ ਜਾਣਕਾਰੀ ਪ੍ਰਦਰਸ਼ਿਤ ਕਰਦਾ ਹੈ।

## ਕੈਨੇਡੀਅਨ ਡਾਲਰ 66...

ਯਤਨਾਂ ਨੇ ਜਿੱਥੇ ਕੌਮਾਂਤਰੀ ਮੰਡੀ ਵਿੱਚ ਕੈਨੇਡਾ ਦਾ ਭਰੋਸਾ ਮਜ਼ਬੂਤ ਕੀਤਾ, ਉੱਥੇ ਘਰੇਲੂ ਉਤਪਾਦਨ ਦੀ ਦੇਸ਼ ਵਿੱਚ ਖਪਤ ਨੂੰ ਸੁਖਦ ਭਵਿੱਖ ਵਜੋ ਵੇਖਿਆ ਜਾਣਾ ਲੱਗਾ ਹੈ। ਅਰਥਸ਼ਾਸਤਰੀ ਨੂੰ ਉਮੀਦ ਹੈ ਕਿ ਡਾਲਰ ਦੀ ਮਜ਼ਬੂਤੀ ਬਣੀ ਰਹਿਣ ਦੀਆਂ ਵੱਡੀਆਂ ਸੰਭਾਵਨਾਵਾਂ ਹਨ। ਅਮਰੀਕੀ ਡਾਲਰ ਦੇ ਮੁਕਾਬਲੇ ਕੈਨੇਡੀਅਨ ਡਾਲਰ ਦੀ ਮਜ਼ਬੂਤੀ ਨੂੰ ਭਵਿੱਖ ਦੇ ਚੰਗੇ ਸੰਕੇਤ ਵਜੋਂ ਵੇਖਿਆ ਜਾਣ ਲੱਗਾ ਹੈ। ਆਰਥਿਕ ਮਾਹਰਾਂ ਦਾ ਮੰਨਣਾ ਹੈ ਕਿ ਕੈਨੇਡੀਅਨ ਡਾਲਰ ਦਾ ਅਮਰੀਕਨ 67 ਸੈਂਟਾਂ ਦੇ ਹੇਠਲੇ ਪੱਧਰ ਤੋਂ ਉਭਰ ਕੇ 72.5 ਸੈਂਟ ਤੱਕ ਪਹੁੰਚਣਾ ਚੰਗੇ ਭਵਿੱਖ ਦਾ ਵੱਡਾ ਸੰਕੇਤ ਹੈ।

ਕੌਮਾਂਤਰੀ ਪੱਧਰ 'ਤੇ ਵੇਖਿਆ ਜਾਏ ਤਾਂ ਲੰਘੇ ਦੋ ਮਹੀਨਿਆਂ ਵਿੱਚ ਅਮਰੀਕੀ ਡਾਲਰ ਤਾਂ ਸਵਾ ਦੋ ਫੀਸਦ ਵਾਧੇ ਨਾਲ 88.5 ਤੋਂ ਟੱਪ ਕੇ 90.5 ਤੱਕ ਪਹੁੰਚ ਗਿਆ, ਜਦ ਕਿ ਕੈਨੇਡੀਅਨ ਡਾਲਰ ਨੇ ਕਰੀਬ 10 ਫੀਸਦ ਮਜ਼ਬੂਤੀ ਫੜੀ ਹੈ। ਕੁਝ ਲੋਕ ਅਗਲੇ ਦਿਨਾਂ ਵਿੱਚ ਹੋਰ ਮਜ਼ਬੂਤੀ ਦੀ ਉਮੀਦ ਲਾਈ ਬੈਠੇ ਹਨ, ਪਰ ਕੁਝ ਹੋਰਨਾਂ ਦੀ ਦਲੀਲ ਹੈ ਕਿ ਇਸ ਦਾ ਪਤਾ ਲਾਉਣ ਲਈ ਕੁਝ ਮਹੀਨੇ ਉਡੀਕ ਕਰਨੀ ਪਏਗੀ।

## ਕੈਨੇਡਾ 'ਚ ਸੈਂਕੜੇ...

10 ਦਸੰਬਰ ਦਰਮਿਆਨ ਬਣੀਆਂ ਪ੍ਰੋਫਾਈਲਜ਼ ਨਾਲ ਸਬੰਧਤ ਰਹੇ ਜਿਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਮੁਜ਼ਾਹਰਾਕਾਰੀ ਪੰਜਾਬੀ ਨੌਜਵਾਨਾਂ ਨਾਲ ਮੁੜ ਮਤਰੇਈ ਮਾਂ ਵਾਲਾ ਸਲੂਕ ਕੀਤਾ ਗਿਆ ਹੈ। 11 ਦਸੰਬਰ ਦੇ ਡਰਾਅ ਵਿਚ 916 ਅਤੇ ਇਸ ਤੋਂ ਇਕ ਦਿਨ ਪਹਿਲਾਂ ਕੱਢੇ ਡਰਾਅ ਵਿਚ 1,133 ਉਮੀਦਵਾਰ ਸ਼ਾਮਲ ਰਹੇ ਜਿਨ੍ਹਾਂ ਵਿਚੋਂ 305 ਸੱਦੇ ਪੂਰਬੀ ਉਨਟਾਰੀਓ ਨਾਲ ਸਬੰਧਤ ਇਲਾਕਿਆਂ ਨਾਲ ਸਬੰਧਤ ਰਹੇ। ਉਤਰੀ ਉਨਟਾਰੀਓ ਵਿਚ 68 ਸੱਦੇ ਭੇਜੇ ਗਏ ਜਦਕਿ ਦੱਖਣ-ਪੱਛਮੀ ਉਨਟਾਰੀਓ ਵਿਚ 239 ਅਤੇ ਕੇਂਦਰੀ ਉਨਟਾਰੀਓ ਵਿਚ 304 ਉਮੀਦਵਾਰਾਂ ਨੂੰ ਸੱਦੇ ਭੇਜੇ ਜਾਣ ਦੀ ਰਿਪੋਰਟ ਹੈ। ਮੌਜੂਦਾ ਵਰ੍ਹੇ ਦੌਰਾਨ ਉਨਟਾਰੀਓ ਇੰਮੀਗ੍ਰੈਂਟ ਨੌਮਿਨੀ ਪ੍ਰੋਗਰਾਮ ਅਧੀਨ 12,528 ਸੱਦੇ ਭੇਜੇ ਜਾ ਚੁੱਕੇ ਹਨ ਜਿਨ੍ਹਾਂ ਵਿਚੋਂ 4,860 ਵਿਦੇਸ਼ੀ ਕਾਮਿਆਂ ਵਾਲੀ ਸ਼੍ਰੇਣੀ ਅਤੇ 6,605 ਇੰਟਰਨੈਸ਼ਨਲ ਸਟੂਡੈਂਟਸ ਵਾਲੀ ਸ਼੍ਰੇਣੀ ਨਾਲ ਸਬੰਧਤ ਰਹੇ। ਇਸ ਤੋਂ ਪਹਿਲਾਂ ਸਾਹਮਣੇ ਆਈ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਕਿ ਡਗ ਫ਼ੋਰਡ ਸਰਕਾਰ ਉਨਟਾਰੀਓ ਇੰਮੀਗ੍ਰੈਂਟ ਨੌਮਿਨੀ ਪ੍ਰੋਗਰਾਮ ਨੂੰ ਨਵਾਂ ਰੂਪ ਦੇ ਰਹੀ ਹੈ ਅਤੇ ਕਿਰਤ ਮੰਤਰਾਲੇ ਦਾ ਕਹਿਣਾ ਹੈ ਨਵਾਂ ਸਿਸਟਮ ਇੰਪਲੌਇਰਜ਼ ਨੂੰ ਉਨ੍ਹਾਂ ਦੀ ਜ਼ਰੂਰਤ ਮੁਤਾਬਕ ਸਕਿਲਡ ਵਰਕਰ ਮੁਹੱਈਆ ਕਰਵਾਉਣ ਵਿਚ ਸਹਾਈ ਸਾਬਤ ਹੋਵੇਗਾ। ਤਜਵੀਜ਼ਸ਼ੁਦਾ ਸਿਸਟਮ ਵਿਚ ਮੁੱਖ ਤਰਜੀਹ ਜੌਬ ਔਫ਼ਰ ਵਾਲੇ ਬਿਨੈਕਾਰਾਂ ਨੂੰ ਦਿਤੀ ਜਾਵੇਗੀ ਜਾਂ ਆਪਣੇ ਕਿੱਤੇ ਨਾਲ ਸਬੰਧਤ ਲਾਇਸੰਸ ਰੱਖਣ ਵਾਲੇ ਪਹਿਲ ਦੇ ਆਧਾਰ 'ਤੇ ਵਿਚਾਰੇ ਜਾਣਗੇ।

## ਅੰਮ੍ਰਿਤਸਰ ਸਣੇ 3 ਸ਼ਹਿਰਾਂ...

ਲਾਗੂ ਕਰੇਗਾ। ਪਵਿੱਤਰ ਸ਼ਹਿਰ ਐਲਾਨੇ ਜਾਣ ਤੋਂ ਬਾਅਦ, ਇਨ੍ਹਾਂ ਇਲਾਕਿਆਂ ਵਿੱਚ ਸਫਾਈ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ, ਭੀੜ ਪ੍ਰਬੰਧਨ ਅਤੇ ਆਵਾਜਾਈ ਨਿਯੰਤਰਣ ਵਿੱਚ ਸੁਧਾਰ ਕੀਤਾ ਜਾਵੇਗਾ। ਇਤਿਹਾਸਕ ਗਲੀਆਂ ਅਤੇ ਧਾਰਮਿਕ ਮਾਰਗਾਂ ਨੂੰ ਸੁੰਦਰ ਬਣਾਇਆ ਜਾਵੇਗਾ ਅਤੇ ਗੈਰ-ਕਾਨੂੰਨੀ ਗਤੀਵਿਧੀਆਂ 'ਤੇ ਨੇੜਿਓਂ ਨਜ਼ਰ ਰੱਖੀ ਜਾਵੇਗੀ। ਸਰਕਾਰ ਹੁਣ ਇਨ੍ਹਾਂ ਸ਼ਹਿਰਾਂ ਨੂੰ ਸੱਭਿਆਚਾਰਕ ਅਤੇ ਧਾਰਮਿਕ ਤੌਰ 'ਤੇ ਸੁਰੱਖਿਅਤ ਅਤੇ ਸੰਗਠਿਤ ਬਣਾਉਣ 'ਤੇ ਧਿਆਨ ਕੇਂਦਰਿਤ ਕਰੇਗੀ।

## ਫੈਕਟਰੀ ਦੀ ਛੱਤ ਨਾਲ...

ਟੋਲੂਕਾ ਹਵਾਈ ਅੱਡੇ ਤੋਂ ਲਗਭਗ ਪੰਜ ਕਿਲੋਮੀਟਰ ਅਤੇ ਮੈਕਸੀਕੋ ਸਿਟੀ ਤੋਂ ਲਗਭਗ 50 ਕਿਲੋਮੀਟਰ ਪੱਛਮ ਵਿੱਚ ਸੈਨ ਮਾਟੇਓ ਅਟੇਨਕੋ ਖੇਤਰ ਵਿੱਚ ਵਾਪਰਿਆ। ਜਹਾਜ਼ ਨੇ ਅਕਾਪੁਲਕੋ ਤੋਂ ਉਡਾਣ ਭਰੀ ਸੀ। ਪਾਇਲਟ ਨੇ ਤਕਨੀਕੀ ਕਾਰਨਾਂ ਕਰਕੇ ਐਮਰਜੈਂਸੀ ਲੈਂਡਿੰਗ ਕੀਤੀ। ਜਹਾਜ਼ ਵਿੱਚ ਅੱਠ ਯਾਤਰੀ ਅਤੇ ਦੋ ਚਾਲਕ ਦਲ ਦੇ ਮੈਂਬਰ ਸਵਾਰ ਸਨ, ਪਰ ਕੁਝ ਘੰਟਿਆਂ ਬਾਅਦ ਸਿਰਫ਼ ਸੱਤ ਲਾਸ਼ਾਂ ਹੀ ਮਿਲੀਆਂ।

ਮੁੱਢਲੀ ਜਾਣਕਾਰੀ ਅਨੁਸਾਰ, ਜਹਾਜ਼ ਫੁੱਟਬਾਲ ਦੇ ਮੈਦਾਨ ਵਿੱਚ ਉਤਰਨ ਦੀ ਕੋਸ਼ਿਸ਼ ਕਰ ਰਿਹਾ ਸੀ ਜਦੋਂ ਇਹ ਨੇੜਲੀ ਵਪਾਰਕ ਇਮਾਰਤ ਦੀ ਧਾਤ ਦੀ ਛੱਤ ਨਾਲ ਟਕਰਾ ਗਿਆ।

ਟੱਕਰ ਤੋਂ ਬਾਅਦ, ਜਹਾਜ਼ ਵਿੱਚ ਅੱਗ ਲੱਗ ਗਈ, ਜਿਸਨੇ ਆਲੇ ਦੁਆਲੇ ਦੇ ਖੇਤਰ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਅੱਗ ਬੁਝਾਊ ਅਤੇ ਬਚਾਅ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਅੱਗ 'ਤੇ ਕਾਬੂ ਪਾਇਆ। ਹਾਦਸੇ ਦੇ ਕਾਰਨਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

## 7 ਹੋਰ ਦੇਸ਼ਾਂ 'ਤੇ ਲਗਾਈ...

ਤੱਥ ਪੱਤਰ ਦੇ ਅਨੁਸਾਰ ਨਵੀਂ ਘੋਸ਼ਣਾ ਬੁਰਕੀਨਾ ਫਾਸੋ, ਮਾਲੀ, ਨਾਈਜਰ, ਦੱਖਣੀ ਸੁਡਾਨ ਅਤੇ ਸੀਰੀਆ 'ਤੇ ਪੂਰੀ ਤਰ੍ਹਾਂ ਯਾਤਰਾ ਪਾਬੰਦੀ ਲਗਾਉਂਦੀ ਹੈ। ਫਲਸਤੀਨੀਆਂ 'ਤੇ ਵੀ ਪਾਬੰਦੀ ਹੈ। ਜ਼ਿਕਰਯੋਗ ਹੈ ਕਿ ਦੇਸ਼ਾਂ ਲਈ ਯਾਤਰਾ ਪਾਬੰਦੀਆਂ ਪਹਿਲਾਂ ਹੀ ਲਾਗੂ ਹਨ। ਇਨ੍ਹਾਂ ਵਿੱਚੋਂ ਦੋ ਦੇਸ਼ ਲਾਓਸ ਅਤੇ ਸੀਅਰਾ ਲਿਓਨ ਹੁਣ ਪੂਰੀ ਤਰ੍ਹਾਂ ਪਾਬੰਦੀਆਂ ਅਧੀਨ ਹਨ। ਇਸ ਨਾਲ ਪੂਰੀ ਤਰ੍ਹਾਂ ਪਾਬੰਦੀਆਂ ਵਾਲੇ ਦੇਸ਼ਾਂ ਦੀ ਕੁੱਲ ਗਿਣਤੀ ਸੱਤ ਹੋ ਗਈ ਹੈ। ਇਸ ਕਦਮ ਨੇ ਰਾਸ਼ਟਰੀ ਸੁਰੱਖਿਆ, ਜਨਤਕ ਸੁਰੱਖਿਆ, ਕਮਜ਼ੋਰ ਸਕ੍ਰੀਨਿੰਗ ਪ੍ਰਣਾਲੀਆਂ ਅਤੇ ਵੀਜ਼ਾ ਓਵਰਸਟੇਅ ਦੀਆਂ ਉੱਚ ਦਰਾਂ ਬਾਰੇ ਚਿੰਤਾਵਾਂ ਦਾ ਹਵਾਲਾ ਦਿੱਤਾ। ਨਵੀਆਂ ਪਾਬੰਦੀਆਂ 1 ਜਨਵਰੀ ਤੋਂ ਲਾਗੂ ਹੋਣਗੀਆਂ। ਇਸ ਐਲਾਨ ਵਿੱਚ ਸਥਾਈ ਨਿਵਾਸੀਆਂ, ਡਿਪਲੋਮੈਟਾਂ ਅਤੇ ਐਥਲੀਟਾਂ ਨੂੰ ਛੋਟ ਦਿੱਤੀ ਗਈ ਹੈ।

ਇਸ ਦੇ ਨਾਲ ਹੀ ਨਵੀਂ ਘੋਸ਼ਣਾ ਵਿੱਚ 15 ਨਵੇਂ ਦੇਸ਼ਾਂ ਲਈ ਅੰਸ਼ਕ ਪ੍ਰਵੇਸ਼ ਪਾਬੰਦੀਆਂ ਲਗਾਈਆਂ ਗਈਆਂ ਹਨ। ਇਨ੍ਹਾਂ ਵਿੱਚ ਅੰਗੋਲਾ, ਐਂਟੀਗੁਆ ਅਤੇ ਬਾਰਬੁਡਾ, ਬੇਨਿਨ, ਕੋਟ ਡੀ'ਆਇਵਰ, ਡੋਮਿਨਿਕਾ, ਗੈਬਨ, ਗੈਂਬੀਆ, ਮਲਾਵੀ, ਮੌਰੀਤਾਨੀਆ, ਨਾਈਜੀਰੀਆ, ਸੇਨੇਗਲ, ਤਨਜ਼ਾਨੀਆ, ਟੋਂਗਾ, ਜ਼ੈਂਬੀਆ ਅਤੇ ਜ਼ਿੰਬਾਬਵੇ ਸ਼ਾਮਲ ਹਨ।

ਇਸ ਤੋਂ ਪਹਿਲਾਂ ਜੂਨ ਵਿੱਚ, ਰਾਸ਼ਟਰਪਤੀ ਡੋਨਾਲਡ ਟਰੰਪ ਨੇ 12 ਦੇਸ਼ਾਂ ਦੇ ਨਾਗਰਿਕਾਂ ਦੇ ਅਮਰੀਕਾ ਵਿੱਚ ਦਾਖਲ ਹੋਣ 'ਤੇ ਪਾਬੰਦੀ ਲਗਾ ਦਿੱਤੀ ਸੀ। ਜਿਨ੍ਹਾਂ 12 ਦੇਸ਼ਾਂ 'ਤੇ ਯਾਤਰਾ ਪਾਬੰਦੀ ਲਗਾਈ ਗਈ ਸੀ ਉਨ੍ਹਾਂ ਵਿੱਚ ਅਫਗਾਨਿਸਤਾਨ, ਮਿਆਂਮਾਰ, ਚਾਡ, ਕਾਂਗੋ ਗਣਰਾਜ, ਇਕੂਟੇਰੀਅਲ ਗਿਨੀ, ਏਰੀਟਰੀਆ, ਹੈਤੀ, ਈਰਾਨ, ਲੀਬੀਆ, ਸੋਮਾਲੀਆ, ਸੁਡਾਨ ਅਤੇ ਯਮਨ ਨੂੰ ਸ਼ਾਮਲ ਕੀਤਾ ਗਿਆ ਸੀ, ਅਤੇ ਬੁਰੂੰਡੀ, ਕਿਊਬਾ, ਲਾਓਸ, ਸੀਅਰਾ ਲਿਓਨ, ਟੋਗੋ, ਤੁਰਕਮੇਨਿਸਤਾਨ ਅਤੇ ਵੈਨੇਜ਼ੁਏਲਾ ਦੇ ਨਾਗਰਿਕਾਂ ਦੇ ਦਾਖਲ ਹੋਣ 'ਤੇ ਸਖ਼ਤ ਪਾਬੰਦੀਆਂ ਲਗਾਈਆਂ ਗਈਆਂ ਸਨ।

# ਟਰੰਪ ਦੇ ਕੇਸ ਦਾ ਜਵਾਬ ਦੇਵੇਗਾ ਬੀਬੀਸੀ




ਬ੍ਰਿਟੇਨ ਦੀ ਬ੍ਰਿਟਿਸ਼ ਬ੍ਰਾਡਕਾਸਟਿੰਗ ਕਾਰਪੋਰੇਸ਼ਨ (ਬੀਬੀਸੀ) ਨੇ ਅੱਜ ਕਿਹਾ ਕਿ ਉਹ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਇੱਕ ਭਾਸ਼ਣ ਦੇ ਸੰਪਾਦਤ ਕਲਿੱਪਾਂ 'ਤੇ ਦਾਇਰ ਕੀਤੇ ਗਏ ਕੇਸ ਖ਼ਿਲਾਫ਼ ਲੜਨਗੇ।

ਬੀਬੀਸੀ ਦੇ ਬੁਲਾਰੇ ਨੇ ਕਿਹਾ ਕਿ ਜਿਵੇਂ ਉਹ ਪਹਿਲਾਂ ਹੀ ਸਪਸ਼ਟ ਕਰ ਚੁੱਕੇ ਹਨ ਕਿ ਉਹ ਇਸ ਕੇਸ ਦਾ ਬਚਾਅ ਕਰਨਗੇ। ਉਹ ਇਸ ਵਰਤਾਰੇ ਖ਼ਿਲਾਫ਼ ਚੱਲ ਰਹੀ ਕਾਨੂੰਨੀ ਕਾਰਵਾਈ 'ਤੇ ਹੋਰ ਟਿੱਪਣੀ ਨਹੀਂ ਕਰਨਗੇ। ਇਸ ਤੋਂ ਪਹਿਲਾਂ ਰਾਸ਼ਟਰਪਤੀ ਡੋਨਲਡ ਟਰੰਪ ਨੇ ਬੀਬੀਸੀ ਖਿਲਾਫ਼ ਦਾਇਰ ਮੁਕੱਦਮੇ ਵਿਚ 10 ਬਿਲੀਅਨ ਡਾਲਰ ਦੇ ਹਰਜਾਨੇ ਦੀ ਮੰਗ ਕੀਤੀ ਹੈ। ਟਰੰਪ ਨੇ ਬ੍ਰਿਟਿਸ਼ ਪ੍ਰਸਾਰਕ 'ਤੇ ਮਾਣਹਾਨੀ ਦੇ ਨਾਲ-ਨਾਲ ਧੋਖੇਬਾਜ਼ੀ ਅਤੇ ਗੈਰਵਾਜਬ ਵਪਾਰਕ ਅਭਿਆਸਾਂ ਦਾ ਦੋਸ਼ ਵੀ ਲਗਾਇਆ ਹੈ। ਇਸ ਵਿਚ ਬੀਬੀਸੀ 'ਤੇ 'ਰਾਸ਼ਟਰਪਤੀ ਟਰੰਪ ਦੇ 6 ਜਨਵਰੀ 2021 ਦੇ ਭਾਸ਼ਣ ਦੇ ਦੋ ਪੂਰੀ ਤਰ੍ਹਾਂ ਨਾਲ ਵੱਖ ਵੱਖ ਹਿੱਸਿਆਂ ਨੂੰ ਜੋੜਨ' ਦਾ ਦੋਸ਼ ਲਗਾਇਆ ਗਿਆ ਹੈ ਤਾਂ ਕਿ 'ਰਾਸ਼ਟਰਪਤੀ ਟਰੰਪ ਨੇ ਜੋ ਕੁਝ ਕਿਹਾ, ਉਸ ਦੇ ਭਾਵ ਨੂੰ ਗਿਣਮਿੱਥ ਕੇ ਗ਼ਲਤ ਤਰੀਕੇ ਨਾਲ ਪੇਸ਼ ਕੀਤਾ ਜਾ ਸਕੇ।''










# ਰੋਪੜ-ਮੋਹਾਲੀ ਸੋਸ਼ਲ ਸਰਕਲ ਸੰਗਤ

## ਸ਼ਹੀਦੀ ਜੋੜ ਮੇਲਾ



ਹਰ ਸਾਲ ਦੀ ਤਰਾਂ ਗੁਰੂ ਸਾਹਿਬ ਦੇ ਸਾਹਿਬਜਾਦਿਆਂ, ਮਾਤਾ ਗੁਜਰੀ ਜੀ ਅਤੇ ਪੋਹ ਮਹੀਨੇ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਸਾਲਾਨਾ ਸ਼ਹੀਦੀ ਜੋੜ ਮੇਲਾ ਡਿਕਸੀ ਗੁਰਦੁਆਰਾ ਸਾਹਿਬ ਵਿਖੇ ਆਯੋਜਿਤ ਕੀਤਾ ਗਿਆ ਹੈ

ਇਸ ਸੰਬੰਧੀ ਸ੍ਰੀ ਅਖੰਡ ਪਾਠ ਸਾਹਿਬ ਆਰੰਭ

ਮਿਤੀ : 19 ਦਸੰਬਰ 2025 ਨੂੰ

ਸਮਾਂ ਸਵੇਰੇ : 10:00, ਸਥਾਨ: ਕਮਰਾ ਨੰ: 303

ਸ੍ਰੀ ਅਖੰਡ ਪਾਠ ਸਾਹਿਬ ਭੋਗ, ਕੀਰਤਨ ਕਥਾ

ਮਿਤੀ: 21 ਦਸੰਬਰ 2025 ਨੂੰ

ਸਮਾਂ : 10:00 to 12:30 PM

ਸਥਾਨ:: ਹਾਲ # 5

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

ਅਮਰ ਸਿੰਘ ਤੁੱਸੜ 416-300-4091, ਸਰਬਜੀਤ ਸਿੰਘ 647-300-1341, ਗੁਰਦੀਪ ਸਿੰਘ 905-452-2171, ਜਗਜੀਤ ਸਿੰਘ ਸਾਚਾ 416-720-3642, ਹਰਿੰਦਰ ਸਿੰਘ ਸੋਮਲ 647-718-8114, ਕਰਮਬੀਰ ਸਿੰਘ ਸੀਰਾ 416-919-9040 ਸੁਰਜੀਤ ਸਿੰਘ ਜਟਾਨਾ 416-271-4271

# ਚੋਣਾਂ 'ਚ ਸ਼ਾਨਦਾਰ ਜਿੱਤ ਮਗਰੋਂ CM ਮਾਨ ਨੇ ਕੀਤੀ ਪ੍ਰੈੱਸ ਕਾਨਫ਼ਰੰਸ

## ਪੰਜਾਬ ਦੇ ਲੋਕਾਂ ਦਾ ਕੀਤਾ ਧੰਨਵਾਦ



ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਵਿਚ ਸ਼ਾਨਦਾਰ ਜਿੱਤ ਮਗਰੋਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਪੰਜਾਬ ਪਹੁੰਚੇ ਹਨ। ਉਹ ਮੁੱਖ ਮੰਤਰੀ ਭਗਵੰਤ ਮਾਨ ਨਾਲ ਪ੍ਰੈੱਸ ਕਾਨਫਰੰਸ ਕਰ ਰਹੇ ਹਨ। ਇਹ ਪ੍ਰੈੱਸ ਕਾਨਫਰੰਸ ਮੁੱਖ ਮੰਤਰੀ ਮਾਨ ਦੀ ਰਿਹਾਇਸ਼ 'ਤੇ ਹੋ ਰਹੀ ਹੈ।

ਇਸ ਮੌਕੇ ਬੋਲਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਕਾਂਗਰਸ ਵੱਲੋਂ ਇਹ ਕਹਿਣਾ 'ਆਪ' ਵੱਲੋਂ ਵਾਧੂ ਬੈਲੇਟ ਪੇਪਰ ਛਾਪੇ ਗਏ ਹਨ, ਨਤੀਜੇ ਮਗਰੋਂ ਸਭ ਕੁਝ ਗਲਤ ਸਾਬਤ ਹੋਇਆ ਹੈ ਕਿਉਂਕਿ ਬਹੁਤ ਸਾਰੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਸੀਟਾਂ ਹਨ ਜਿਥੇ ਕਾਂਗਰਸ ਨੇ ਜਿੱਤ ਹਾਸਲ ਕੀਤੀ ਹੈ। CM ਮਾਨ ਨੇ ਕਿਹਾ ਕਿ ਇਸ ਵਾਰ ਪਹਿਲੀ ਵਾਰ ਚੋਣਾਂ ਦੀ ਵੀਡੀਓਗ੍ਰਾਫੀ ਹੋਈ ਹੈ ਤੇ ਲਾਈਵ ਚੱਲਿਆ ਹੈ। ਉਨ੍ਹਾਂ ਕਿਹਾ ਕਿ ਮੈਨੂੰ ਉਮੀਦ ਹੈ ਕਿ ਪੰਜਾਬ ਦੇ ਲੋਕਾਂ ਨੇ ਸਾਰੇ ਨੁਮਾਇੰਦੇ ਚੰਗੇ ਹੀ ਚੁਣੇ ਹੋਣਗੇ। 'ਆਪ' ਦੀਆਂ 68 ਫੀਸਦੀ ਬਲਾਕ ਸੰਮਤੀ ਤੇ 72 ਫੀਸਦੀ ਜ਼ਿਲ੍ਹਾ ਪ੍ਰੀਸ਼ਦ ਪੇਂਡੂ ਖੇਤਰ ਵਿਚ ਸੀਟਾਂ ਬਣਦੀਆਂ ਹਨ। ਕੁੱਲ ਮਿਲਾ ਕੇ ਆਮ ਆਦਮੀ ਪਾਰਟੀ ਨੇ 70 ਫੀਸਦੀ ਸੀਟਾਂ ਜਿੱਤੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਦਾ ਫਤਵਾ ਬਿਲਕੁਲ ਸਪੱਸ਼ਟ ਹੈ। ਮੈਂ ਪੰਜਾਬ ਦੇ ਲੋਕਾਂ ਦਾ ਧੰਨਵਾਦ ਕਰਦਾ ਹਾਂ । ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਦੇ ਲੋਕਾਂ ਦਾ ਫਤਵਾ ਸਾਡੇ ਸਿਰ ਮੱਥੇ ਸਵੀਕਾਰ ਕਰਦੇ ਹਾਂ। ਹੁਣ ਅਸੀਂ ਹੋਰ ਵੀ ਜੋਸ਼ ਨਾਲ ਕੰਮ ਕਰਾਂਗੇ। ਅਸੀਂ ਹਮੇਸ਼ਾ ਮੁੱਦਿਆਂ ਦੀ ਗੱਲ ਕੀਤੀ ਹੈ ਤੇ ਅਗਲੀਆਂ ਚੋਣਾਂ ਵੀ ਵਿਕਾਸ ਦੇ ਮੁੱਦੇ 'ਤੇ ਲੜਾਂਗੇ ਤੇ ਉਮੀਦ ਕਰਦਾ ਹਾਂ ਕਿ ਜਿਥੇ ਸਾਡੇ ਉਮੀਦਵਾਰ ਹਾਰੇ ਹਨ ਉਹ ਉਨ੍ਹਾਂ ਖੇਤਰਾਂ ਵਿਚ ਜਾ ਕੇ ਆਪਣੀਆਂ ਕਮੀਆਂ ਲੱਭਣ ਤੇ ਲੋਕਾਂ ਦੀਆਂ ਸਮੱਸਿਆਵਾਂ ਸੁਣਨ। CM ਮਾਨ ਨੇ ਕਿਹਾ ਕਿ ਸਾਢੇ ਚਾਰ ਸਾਲ ਦੇ ਕਾਰਜਕਾਲ ਦੌਰਾਨ ਆਮ ਆਦਮੀ ਪਾਰਟੀ ਵੱਲੋਂ ਦਿੱਤੀਆਂ ਗਈਆਂ ਲਗਭਗ ਸਾਰੀਆਂ ਗਾਰੰਟੀਆਂ ਪੂਰੀਆਂ ਕਰ ਦਿੱਤੀਆਂ ਗਈਆਂ ਹਨ।


Make This Diwali Truly Bright — Step into Your Dream Home with Team Garry Thind
RE/MAX GOLD
RE/MAX GOLD REALTY INC., BROKERAGE
ਟਰੱਕ ਯਾਰਡ ਜਾਂ ਹੋਟਲ, ਮੋਟਲ, ਲੈਂਡ, ਜਾਂ ਪਲਾਜਾ ਖਰੀਦਣ ਵੇਚਣ ਲਈ ਸੰਪਰਕ ਕਰੋ
ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸੀਅਲ ਤੇ ਕਮਰਸ਼ੀਅਲ ਪ੍ਰੋਪਰਟੀ ਖਰੀਦਣ ਤੇ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ
Contact for all your residential & commercial real estate services
Garry Thind
416-702-5151
Top 100 Agents in Canada & Team Garry Thind
ਬਲਜਿੰਦਰ ਸਾਰਾ
Realtor
416-509-6200
905-456-1010, 905-673-8900
2720 North Park Dr. #50, Brampton, On L6S0E9

STUDENT VISA
Fulfill your dreams in
CANADA
* Study Permits
* Express Entry
* PNP * Spousal Category
* Fast Admission Process
* Top Ranking Colleges/Universities
* Min. Qualification Grade 12 (+2)
* Low service Charges
ਅਸੀਂ LMIA ਲੈਣ ਵਿੱਚ ਵੀ ਮਦਦ ਕਰਦੇ ਹਾਂ
ICC CANADA IMMIGRATION SOLUTIONS INC.
Ripudaman Dhillon
Manu Datta
Ph:- 905-461-2424
iccrc crcic
#1137 Derry Road East, Mississauga, ON. L5T 1P3 Email:- info@iccimmigration.ca


# ਸ਼ਹੀਦੀ ਸਮਾਗਮ

## ਸ੍ਰੀ ਮਾਛੀਵਾੜਾ' ਸਾਹਿਬ ਇਲਾਕਾ ਨਿਵਾਸੀਆਂ ਦੀ ਸੰਗਤ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ, ਮਾਲਟਨ ਗੁਰੂਘਰ ਵਿਖੇ

ਦਸਵੀਂ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜੇ ਸਾਹਿਬ ਦੀ ਧਰਤੀ 'ਤੇ ਪਹੁੰਚਣ 'ਤੇ ਉਨ੍ਹਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 22 ਦਸੰਬਰ ਨੂੰ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 24 ਦਸੰਬਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤ ਤਿੰਨ ਦਿਨ ਗੁਰੂ ਘਰ ਵਿਖੇ ਹੁੰਮ ਹੁਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਉਪਲ- 647-207-1887, ਸਤਪਾਲ ਸਿੰਘ ਗਰੇਵਾਲ, ਕਾਕਾ ਸਿੰਘ ਤੱਖਰਾ 647-400-9991 ਨਾਲ ਸੰਪਰਕ ਕਰੋ ਜੀ।

ਪੰਜਾਬ ਸਟਾਰ
www.punjabstar.com

# ਅਮਰੀਕਾ 'ਚ ਬਰਫ਼ੀਲਾ ਤੂਫ਼ਾਨ, ਹਾਈਵੇਜ਼ 'ਤੇ ਹੌਲਨਾਕ ਹਾਦਸੇ

## ਆਇਓਵਾ ਵਿਚ ਕਈ ਗੱਡੀਆਂ ਭਿੜੀਆਂ, 25 ਤੋਂ ਵੱਧ ਜ਼ਖਮੀ



ਵੈਸਟ ਲਿਬਰਟੀ : ਅਮਰੀਕਾ ਵਿਚ ਬਰਫ਼ੀਲਾ ਤੂਫ਼ਾਨ ਹਾਈਵੇਜ਼ 'ਤੇ ਵੱਡੇ ਹਾਦਸਿਆਂ ਦਾ ਕਾਰਨ ਬਣ ਰਿਹਾ ਹੈ ਅਤੇ ਆਇਓਵਾ ਸੂਬੇ ਦੇ ਇੰਟਰਸਟੇਟ 80 'ਤੇ ਦਰਜਨਾਂ ਗੱਡੀਆਂ ਆਪਸ ਵਿਚ ਭਿੜ ਗਈਆਂ। ਹਾਦਸੇ ਦੌਰਾਨ ਘੱਟੋ ਘੱਟ 25 ਜਣਿਆਂ ਦੇ ਜ਼ਖਮੀ ਹੋਣ ਦੀ ਰਿਪੋਰਟ ਹੈ ਅਤੇ ਰਾਹਤ ਕਾਰਜਾਂ ਦੇ ਮੱਦੇਨਜ਼ਰ ਐਤਵਾਰ ਰਾਤ ਤੱਕ ਲੰਮਾ ਜਾਮ ਲੱਗ ਗਿਆ। ਵੈਸਟ ਲਿਬਰਟੀ ਫਾਇਰ ਐਂਡ ਐਮਰਜੰਸੀ ਸਰਵਿਸਿਜ਼ ਦੇ ਬੁਲਾਰੇ ਨੇ ਦੱਸਿਆ ਕਿ ਖ਼ਰਾਬ ਮੌਸਮ ਦੇ ਚਲਦਿਆਂ ਹਾਈਵੇਅ 'ਤੇ ਗੱਡੀਆਂ ਦਾ ਅੱਗੇ ਵਧਣਾ ਬੇਹੱਦ ਮੁਸ਼ਕਲ ਹੋ ਗਿਆ ਹੈ ਅਤੇ ਤਿਲਕਣ ਭਰੇ ਹਾਲਾਤ ਹਾਦਸਿਆਂ ਦਾ ਕਾਰਨ ਬਣ ਰਹੇ ਹਨ। ਆਈ-80 ਦੇ ਦੋਵੇਂ ਪਾਸੇ ਲਗਾਤਾਰ ਹਾਦਸੇ ਸਾਹਮਣੇ ਆ ਰਹੇ ਹਨ ਅਤੇ ਚਾਰ ਕਾਊਂਟੀਜ਼ ਵਿਚ ਕੁਲ 19 ਏਜੰਸੀਆਂ ਇਕ-ਦੂਜੇ ਨਾਲ ਤਾਲਮੇਲ ਕਾਇਮ ਕਰਦਿਆਂ ਰਾਹਤ ਕਾਰਜਾਂ ਵਿਚ ਜੁਟੀਆਂ ਹੋਈਆਂ ਹਨ। ਮੀਲ ਪੱਥਰ 240 ਤੋਂ ਮੀਲ ਪੱਥਰ 284 ਦਰਮਿਆਨ ਆਈ 80 ਨੂੰ ਮੁਕੰਮਲ ਤੌਰ 'ਤੇ ਬੰਦ ਪਿਆ ਅਤੇ ਸੈਂਕੜੇ ਮੁਸਾਫ਼ਰ ਟ੍ਰੈਫ਼ਿਕ ਅੱਗੇ ਵਧਣ ਦੀ ਉਡੀਕ ਕਰਦੇ ਨਜ਼ਰ ਆਏ। ਪੈਰਾਮੈਡਿਕਸ ਮੁਤਾਬਕ ਤਕਰੀਬਨ 40 ਜਣਿਆਂ ਦਾ ਸਰੀਰਕ ਮੁਆਇਨਾ ਕੀਤਾ ਗਿਆ ਜਦਕਿ ਟਰੱਕ ਜਾਂ ਗੱਡੀਆਂ ਵਿਚ ਫਸੇ 3 ਜਣਿਆਂ ਨੂੰ ਫਾਇਰ ਫ਼ਾਈਟਰਜ਼ ਨੇ ਬਾਹਰ ਕੱਢਿਆ। ਅੰਤਮ ਰਿਪੋਰਟ ਮਿਲਣ ਤੱਕ ਵੈਸਟ ਲਿਬਰਟੀ ਵਿਖੇ ਐਮਰਜੰਸੀ ਕਾਮਿਆਂ ਦੀ ਕਰੜੀ ਮੁਸ਼ੱਕਤ ਸਦਕਾ ਐਤਵਾਰ ਰਾਤ 9 ਵਜੇ ਹਾਈਵੇਅ ਇਕ ਹਿੱਸਾ ਆਵਾਜਾਈ ਲਈ ਖੋਲ੍ਹ ਦਿਤਾ ਗਿਆ। ਆਵਾਜਾਈ ਸ਼ੁਰੂ ਹੋਣ ਦੇ ਬਾਵਜੂਦ ਕਈ ਗੱਡੀਆਂ ਅਤੇ ਟਰੱਕ ਸੜਕ ਦੇ ਕਿਨਾਰਿਆਂ 'ਤੇ ਫਸੇ ਹੋਏ ਸਨ ਅਤੇ ਮੁਕੰਮਲ ਟ੍ਰੈਫ਼ਿਕ ਬਹਾਲ ਹੋਣ ਵਿਚ ਕੁਝ ਸਮਾਂ ਲੱਗ ਸਕਦਾ ਹੈ। ਦੱਸ ਦੇਈਏ ਕਿ ਨਿਊ ਯਾਰਕ ਸੂਬੇ ਵਿਚ ਚਾਰ ਇੰਚ ਤੱਕ ਬਰਫ਼ਬਾਰੀ ਹੋਣ ਦੀ ਪੇਸ਼ੀਨਗੋਈ ਕੀਤੀ ਗਈ ਹੈ ਜਦਕਿ ਨਿਊ ਜਰਸੀ ਅਤੇ ਮੈਸਾਚਿਊਸੈਟਸ ਦੇ ਕੁਝ ਇਲਾਕਿਆਂ ਵਿਚ ਅੰਕੜਾ 6 ਇੰਚ ਤੋਂ ਟੱਪ ਸਕਦਾ ਹੈ।

# ਅਮਰੀਕਾ 'ਚ ਪੰਜਾਬੀ ਟਰੱਕ ਡਰਾਈਵਰ ਦੀ ਰਿਹਾਈ ਮਗਰੋਂ ਭੜਕੇ ਟਰੰਪ



ਵਾਸ਼ਿੰਗਟਨ : ਅਮਰੀਕਾ ਵਿਚ ਜਾਨਲੇਵਾ ਸੜਕ ਹਾਦਸੇ ਮਗਰੋਂ ਗ੍ਰਿਫ਼ਤਾਰ ਪੰਜਾਬੀ ਟਰੱਕ ਡਰਾਈਵਰ ਕਮਲਪ੍ਰੀਤ ਸਿੰਘ ਦੀ ਜ਼ਮਾਨਤ 'ਤੇ ਰਿਹਾਈ ਨੇ ਖੜਕਾ-ਦੜਕਾ ਕਰ ਦਿਤਾ ਹੈ। ਜੀ ਹਾਂ, ਟਰੰਪ ਸਰਕਾਰ ਵੱਲੋਂ ਵਾਸ਼ਿੰਗਟਨ ਸੂਬੇ ਦੇ ਗਵਰਨਰ ਉਤੇ ਲੋਕ ਸੁਰੱਖਿਆ ਵਾਸਤੇ ਗੰਭੀਰ ਖ਼ਤਰਾ ਪੈਦਾ ਕਰਨ ਦੇ ਦੋਸ਼ ਲਾਏ ਜਾ ਰਹੇ ਹਨ। ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਊਰਿਟੀ ਦੀ ਤਰਜਮਾਨ ਟ੍ਰਿਸ਼ੀਆ ਮੈਕਲਾਫ਼ਲਿਨ ਨੇ ਦੱਸਿਆ ਕਿ ਕਮਲਪ੍ਰੀਤ ਸਿੰਘ ਨੂੰ ਕਿਸੇ ਵੀ ਸੂਰਤ ਵਿਚ ਰਿਹਾਅ ਨਾ ਕਰਨ ਦੀ ਹਦਾਇਤ ਦਿਤੀ ਗਈ ਸੀ ਪਰ ਵਾਸ਼ਿੰਗਟਨ ਸੂਬੇ ਦੇ ਸੱਤਾਧਾਰੀ ਸਿਆਸਤਦਾਨਾਂ ਨੇ ਇਸ ਦੀ ਪਾਲਣਾ ਕਰਨੀ ਵਾਜਬ ਨਾ ਸਮਝੀ। ਦੱਸ ਦੇਈਏ ਕਿ ਕੈਲੇਫੋਰਨੀਆ ਦੇ ਐਲਕ ਗਰੋਵ ਨਾਲ ਸਬੰਧਤ 25 ਸਾਲਾ ਕਮਲਪ੍ਰੀਤ ਸਿੰਘ ਨੂੰ ਵਾਸ਼ਿੰਗਟਨ ਦੀ ਕਿੰਗ ਕਾਊਂਟੀ ਵਿਚ ਇਕ ਹੌਲਨਾਕ ਹਾਦਸੇ ਮਗਰੋਂ ਗ੍ਰਿਫ਼ਤਾਰ ਕੀਤਾ ਗਿਆ। ਕਮਲਪ੍ਰੀਤ ਸਿੰਘ ਦੇ ਟਰੱਕ ਨੇ ਐਸ.ਆਰ. 167 'ਤੇ ਇਕ ਕਾਰ ਨੂੰ ਜ਼ੋਰਦਾਰ ਟੱਕਰ ਮਾਰੀ ਜੋ ਇਕ ਟ੍ਰਾਂਸਪੋਰਟ ਟਰੱਕ ਦੇ ਪਿੱਛੇ ਖੜ੍ਹੀ ਸੀ। ਟੱਕਰ ਮਗਰੋਂ ਕਾਰ ਨੂੰ ਅੱਗ ਲੱਗ ਗਈ ਅਤੇ ਦੋ ਟਰੱਕਾਂ ਦਰਮਿਆਨ ਫਸੀ ਕਾਰ ਵਿਚ ਸਵਾਰ 29 ਸਾਲ ਦੇ ਰੌਬਰਟ ਪੀਅਰਸਨ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹਾਦਸੇ ਦੇ ਮੱਦੇਨਜ਼ਰ ਹਾਈਵੇਅ ਤਕਰੀਬਨ 7 ਘੰਟੇ ਬੰਦ ਰਿਹਾ ਅਤੇ ਮੌਕੇ 'ਤੇ ਪੁੱਜੇ ਪੁਲਿਸ ਅਫ਼ਸਰਾਂ ਨੇ ਕਮਲਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਜੇਲ ਭੇਜ ਦਿਤਾ। ਮੀਡੀਆ ਰਿਪੋਰਟ ਮੁਤਾਬਕ ਕਮਲਪ੍ਰੀਤ ਸਿੰਘ ਨੂੰ ਇਕ ਲੱਖ ਡਾਲਰ ਦੇ ਮੁਚਲਕੇ ਦੇ ਰਿਹਾਈ ਮਿਲ ਗਈ ਪਰ ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਵਾਲਿਆਂ ਦਾ ਕਹਿਣਾ ਹੈ ਕਿ ਕਮਲਪ੍ਰੀਤ ਉਤੇ ਡਿਟੇਨਰ ਲਾਗੂ ਕੀਤਾ ਗਿਆ ਸੀ। ਆਈਸ ਕੋਲ ਮੌਜੂਦ ਦਸਤਾਵੇਜ਼ਾਂ ਮੁਤਾਬਕ ਕਮਲਪ੍ਰੀਤ ਸਿੰਘ ਨੇ ਸਾਲ 2023 ਦੌਰਾਨ ਐਰੀਜ਼ੋਨਾ ਦੇ ਲੂਕਵਿਲ ਇਲਾਕੇ ਰਾਹੀਂ ਬਾਰਡਰ ਪਾਰ ਕੀਤਾ ਅਤੇ ਬਾਰਡ ਏਜੰਟਾਂ ਨੇ ਗ੍ਰਿਫ਼ਤਾਰ ਕਰ ਲਿਆ ਪਰ ਬਾਇਡਨ ਸਰਕਾਰ ਨੇ ਪੈਰੋਲ ਦੇ ਦਿਤੀ ਜਿਸ ਮਗਰੋਂ ਉਸ ਨੇ ਟ੍ਰਕਿੰਗ ਸੈਕਟਰ ਵਿਚ ਹੱਥ ਅਜ਼ਮਾਉਣੇ ਸ਼ੁਰੂ ਕਰ ਦਿਤੇ। ਟ੍ਰਿਸ਼ੀਆ ਮੈਕਲਾਫ਼ਲਿਨ ਨੇ ਕਿਹਾ ਕਿ ਖ਼ਤਰਨਾਕ ਨੀਤੀਆਂ ਦੇ ਤਬਾਹਕੁੰਨ ਸਿੱਟੇ ਸਾਹਮਣੇ ਆ ਰਹੇ ਹਨ। ਰੌਬਰਟ ਪੀਅਰਸਨ ਅੱਜ ਜਿਊਂਦਾ ਹੁੰਦਾ ਜੇ ਬਾਇਡਨ ਸਰਕਾਰ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਦਾਖਲ ਹੋਏ ਕਮਲਪ੍ਰੀਤ ਸਿੰਘ ਨੂੰ ਰਿਹਾਅ ਨਾ ਕਰਦੀ। ਉਨ੍ਹਾਂ ਸਵਾਲ ਉਠਾਇਆ ਕਿ ਡੈਮੋਕ੍ਰੈਟਿਕ ਪਾਰਟੀ ਦੇ ਸਿਆਸਤਦਾਨ ਹੋਰ ਕਿੰਨੀਆਂ ਮੌਤਾਂ ਤੋਂ ਬਾਅਦ ਲੋਕ ਸੁਰੱਖਿਆ ਨੂੰ ਸਿਆਸਤ ਤੋਂ ਵੱਧ ਤਰਜੀਹ ਦੇਣੀ ਸ਼ੁਰੂ ਕਰਨਗੇ? ਡੀ.ਐਚ. ਐਸ. ਦੇ ਬਿਆਨ ਵਿਚ ਰਜਿੰਦਰ ਕੁਮਾਰ, ਜਸ਼ਨਦੀਪ ਸਿੰਘ ਅਤੇ ਹਰਜਿੰਦਰ ਸਿੰਘ ਦਾ ਖ਼ਾਸ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਵਿਰੁੱਧ ਸਾਂਝੇ ਤੌਰ 'ਤੇ ਅੱਠ ਮੌਤਾਂ ਦਾ ਜ਼ਿੰਮੇਵਾਰ ਹੋਣ ਦੇ ਦੋਸ਼ ਲੱਗੇ ਹਨ। ਤਿੰਨੋ ਜਣਿਆਂ ਵਿਰੁੱਧ ਆਈਸ ਡਿਟੇਨਰ ਲਾਗੂ ਹਨ ਅਤੇ ਜ਼ਮਾਨਤ ਮਿਲਦਿਆਂ ਹੀ ਗ੍ਰਿਫ਼ਤਾਰ ਕਰ ਕੇ ਇੰਮੀਗ੍ਰੇਸ਼ਨ ਡਿਟੈਨਸ਼ਨ ਸੈਂਟਰ ਭੇਜ ਦਿਤਾ ਜਾਵੇਗਾ। ਦੂਜੇ ਪਸੇ ਟੈਕਸਸ ਦੀ ਡੈਲਸ ਕਾਊਂਟੀ ਵਿਚ ਵਾਪਰੇ ਇਕ ਦਰਦਨਾਕ ਹਾਦਸੇ ਬਾਰੇ ਸੁਣਵਾਈ ਕਰ ਰਹੀ ਅਦਾਲਤ ਨੇ ਨਿਊ ਪ੍ਰਾਈਮ ਟ੍ਰਕਿੰਗ ਕੰਪਨੀ ਨੂੰ 44.1 ਮਿਲੀਅਨ ਡਾਲਰ ਦਾ ਹਰਜਾਨਾ ਅਦਾ ਕਰਨ ਦੇ ਹੁਕਮ ਦਿਤੇ ਹਨ। 11 ਫ਼ਰਵਰੀ 2021 ਨੂੰ ਵਾਪਰੇ ਵੱਡੇ ਹਾਦਸੇ ਦੌਰਾਨ ਆਈ-35 ਵੈਸਟ 'ਤੇ 133 ਗੱਡੀਆਂ ਅਤੇ ਟਰੱਕ ਆਪਸ ਵਿਚ ਭਿੜਨ ਦੌਰਾਨ ਘੱਟੋ ਘੱਟ 6 ਜਣਿਆਂ ਦੀ ਮੌਤ ਹੋਈ ਅਤੇ ਇਨ੍ਹਾਂ ਵਿਚੋਂ 49 ਸਾਲ ਦੇ ਕ੍ਰਿਸਟੋਫ਼ਰ ਰੇਅ ਵਾਰਡੀ ਦੇ ਪਰਵਾਰ ਵੱਲੋਂ ਦਾਇਰ ਮੁਕੱਦਮੇ ਦੇ ਆਧਾਰ 'ਤੇ ਤਾਜ਼ਾ ਫੈਸਲਾ ਸਾਹਮਣੇ ਆਇਆ ਹੈ।

# ਅਮਰੀਕਾ ਵਿਚ ਚੋਰ-ਲੁਟੇਰਿਆਂ ਦਾ ਖ਼ੌਫ਼

## * ਘਰਾਂ ਦੇ ਬਾਹਰੋਂ ਰੋਜ਼ਾਨਾ 250,000 ਪੈਕੇਜ ਹੋ ਰਹੇ ਚੋਰੀ
## * ਨਵਾਂ ਕਾਨੂੰਨ ਰੋਕੇਗਾ 15 ਅਰਬ ਡਾਲਰ ਦੀ ਸਾਲਾਨਾ ਲੁੱਟ



ਨਿਊ ਯਾਰਕ : ਅਮਰੀਕਾ ਵਿਚ ਚੋਰ-ਲੁਟੇਰਿਆਂ ਦਾ ਖ਼ੌਫ਼ ਸਿਖਰਾਂ 'ਤੇ ਪੁੱਜ ਗਿਆ ਹੈ ਅਤੇ ਘਰਾਂ ਦੇ ਅੱਗੋਂ ਰੋਜ਼ਾਨਾ ਢਾਈ ਲੱਖ ਪਾਰਸਲ ਜਾਂ ਪੈਕੇਜ ਚੋਰੀ ਹੋਣ ਦੀ ਰਿਪੋਰਟ ਸਾਹਮਣੇ ਆਈ ਹੈ। ਜੀ ਹਾਂ, ਸੇਫ਼ਟੀ ਰਿਸਰਚ ਕੰਪਨੀ ਸੇਫ਼ ਵਾਈਜ਼ ਦੀ ਰਿਪੋਰਟ ਕਹਿੰਦੀ ਹੈ ਪਿਛਲੇ ਸਾਲ ਪੋਰਚ ਪਾਇਰੇਟਸ 15 ਅਰਬ ਡਾਲਰ ਮੁੱਲ ਦੀਆਂ ਵਸਤਾਂ ਚੋਰੀ ਕਰ ਕੇ ਲੈ ਗਏ। ਚੋਰ-ਲੁਟੇਰਿਆਂ ਦੇ ਹੌਸਲੇ ਐਨੇ ਬੁਲੰਦ ਹੋ ਚੁੱਕੇ ਹਨ ਕਿ ਉਹ ਭੀੜ-ਭਾੜ ਵਾਲੀਆਂ ਗਲੀਆਂ ਵਿਚੋਂ ਵੀ ਪਾਰਸਲ ਚੋਰੀ ਕਰਨ ਤੋਂ ਨਹੀਂ ਘਬਰਾਉਂਦੇ। ਐਟਲਾਂਟਾ ਦੀ ਵਸਨੀਕ ਟੌਨੀਆ ਸ਼ੈਪਰਡ ਉਨ੍ਹਾਂ ਪੀੜਤਾਂ ਵਿਚੋਂ ਇਕ ਹੈ ਜਿਨ੍ਹਾਂ ਦੇ ਦਰਵਾਜ਼ੇ 'ਤੇ ਪਏ ਪਾਰਸਲ ਲਗਾਤਾਰ ਚੋਰੀ ਹੋ ਰਹੇ ਹਨ। ਸੀ.ਬੀ.ਐਸ. ਨਿਊਜ਼ ਨਾਲ ਗੱਲਬਾਤ ਕ ਰਦਿਆਂ ਸ਼ੈਪਰਡ ਨੇ ਦੱਸਿਆ ਕਿ ਸੀ.ਸੀ.ਟੀ.ਵੀ. ਫੁਟੇਜ ਵਿਚ ਪੋਰਟ ਪਾਇਰੇਟ ਸਾਫ਼ ਨਜ਼ਰ ਆ ਰਿਹਾ ਹੈ ਅਤੇ ਪਾਰਸਲ ਚੁੱਕਣ ਤੋਂ ਪਹਿਲਾਂ ਡੋਰਬੈੱਲ ਕੈਮਰੇ ਵੱਲ ਵੀ ਦੇਖਦਾ ਹੈ ਪਰ ਉਸ ਦੇ ਚਿਹਰੇ 'ਤੇ ਘਬਰਾਹਟ ਦਾ ਨਾਮੋ-ਨਿਸ਼ਾਨ ਨਜ਼ਰ ਨਹੀਂ ਆਉਂਦਾ। ਹੁਣ ਆਨਲਾਈਨ ਆਰਡਰ ਕਰਨ ਤੋਂ ਪਹਿਲਾਂ ਕਈ ਵਾਰ ਸੋਚਣਾ ਹੋਵੇਗਾ ਕਿਉਂਕਿ ਡਿਲੀਵਰੀ ਮੌਕੇ ਜੇ ਕੋਈ ਘਰ ਨਾ ਹੋਇਆ ਤਾਂ ਮੁੜ ਪਾਰਸਲ ਚੋਰੀ ਹੋਣ ਤੋਂ ਸ਼ਾਇਦ ਕੋਈ ਨਹੀਂ ਰੋਕ ਸਕੇਗਾ।

ਨੌਰਥ ਅਮੈਰਿਕਾ ਵਿਚ ਲੋਕ ਧੜਾ-ਧੜਾ ਕ੍ਰਿਸਮਸ ਲਈ ਆਨਲਾਈਨ ਖਰੀਦਾਰੀ ਕਰ ਰਹੇ ਹਨ ਅਤੇ ਡਿਲੀਵਰੀਜ਼ ਦੀ ਰਫ਼ਤਾਰ ਵੀ ਵਧਦੀ ਜਾ ਰਹੀ ਹੈ। ਇਸ ਰੁਝਾਨ ਦਾ ਸਭ ਤੋਂ ਵੱਧ ਫਾਇਦਾ ਪੋਰਚ ਪਾਇਰੇਟਸ ਨੂੰ ਹੋ ਰਿਹਾ ਹੈ ਜੋ ਬਗੈਰ ਕੁਝ ਕੀਤਿਆਂ ਲੋਕਾਂ ਦੀਆਂ ਮਹਿੰਗੀਆਂ ਮਹਿੰਗੀਆਂ ਚੀਜ਼ਾਂ ਲੁੱਟ ਦੇ ਲਿਜਾ ਰਹੇ ਹਨ। ਨਿਊ ਜਰਸੀ ਤੋਂ ਹਾਊਸ ਆਫ਼ ਰਿਪ੍ਰਜ਼ੈਂਟੇਟਿਵਜ਼ ਦੇ ਮੈਂਬਰ ਜੋਸ਼ ਗੌਟਹਾਈਮਰ ਵੱਲੋਂ ਸੰਸਦ ਦੇ ਹੇਠਲੇ ਸਦਨ ਵਿਚ ਪੋਰਚ ਪਾਇਰੇਟਸ ਐਕਟ ਵੀ ਪੇਸ਼ ਕੀਤਾ ਗਿਆ ਹੈ ਜਿਸ ਤਹਿਤ ਚੋਰ-ਲੁਟੇਰਿਆਂ ਨੂੰ ਸਖ਼ਤ ਸਜ਼ਾਂ ਦਿਤੀਆਂ ਜਾ ਸਕਦੀਆਂ ਹਨ ਪਰ ਇਸ ਦੇ ਨੇੜ ਭਵਿੱਖ ਵਿਚ ਪਾਸ ਹੋਣ ਦੇ ਆਸਾਰ ਨਜ਼ਰ ਨਹੀਂ ਆਉਂਦੇ। ਤਜਵੀਜ਼ਸ਼ੁਦਾ ਕਾਨੂੰਨ ਤਹਿਤ ਪਾਰਸਲ ਚੋਰੀ ਦੇ ਮਾਮਲਿਆਂ ਨੂੰ ਫੈਡਰਲ ਕ੍ਰਾਈਮ ਮੰਨਿਆ ਜਾਵੇਗਾ ਅਤੇ ਚੋਰੀ ਕਰਨ ਵਾਲੇ ਨੂੰ ਢਾਈ ਲੱਖ ਡਾਲਰ ਤੱਕ ਜੁਰਮਾਨਾ ਅਤੇ 10 ਸਾਲ ਤੱਕ ਜੇਲ ਭੇਜਣ ਦਾ ਜ਼ਿਕਰ ਕੀਤਾ ਗਿਆ ਹੈ। ਫ਼ਿਲਹਾਲ ਸਿਰਫ਼ ਯੂ.ਐਸ. ਮੇਲ ਅਧੀਨ ਘਰਾਂ ਤੱਕ ਪੁੱਜਣ ਵਾਲੇ ਪਾਰਸਲ ਜਾਂ ਪੈਕੇਜ ਹੀ ਫੈਡਰਲ ਅਪਰਾਧ ਦੇ ਘੇਰੇ ਵਿਚ ਆਉਂਦੇ ਹਨ ਪਰ ਕਾਨੂੰਨ ਪਾਸ ਹੋਣ ਮਗਰੋਂ ਯੂ.ਪੀ.ਐਸ., ਐਮਾਜ਼ੌਨ, ਫ਼ੈਡਐਕਸ ਜਾਂ ਡੀ.ਐਚ.ਐਲ. ਵੱਲੋਂ ਘਰ ਤੱਕ ਪਹੁੰਚਾਏ ਪੈਕੇਜ ਵੀ ਸਖ਼ਤ ਸਜ਼ਾ ਅਤੇ ਮੋਟੇ ਜੁਰਮਾਨੇ ਦੇ ਘੇਰੇ ਵਿਚ ਆਉਣਗੇ।

ਦੂਜੇ ਪਾਸੇ ਐਕਰਮੈਨ ਸਕਿਉਰਿਟੀ ਸਿਸਟਮਜ਼ ਦੇ ਚੀਫ਼ ਮਾਰਕਿਟਿੰਗ ਅਫ਼ਸਰ ਨਿਕ ਥੌਮਸ ਦਾ ਕਹਿਣਾ ਸੀ ਕਿ ਲੋਕਾਂ ਨੂੰ ਪੋਰਚ ਪਾਇਰੇਟਸ ਵਿਚ ਅੱਗੇ ਆਉਣਾ ਚਾਹੀਦਾ ਹੈ। ਵਧੇਰੇ ਚੌਕਸੀ ਨਾਲ ਵੱਡੀ ਗਿਣਤੀ ਵਿਚ ਚੋਰੀਆਂ ਰੋਕੀਆਂ ਜਾ ਸਕਦੀਆਂ ਹਨ। ਚੋਰਾਂ ਨੂੰ ਘਰਾਂ ਵਿਚ ਪਰਵਾਰਕ ਮੈਂਬਰਾਂ ਦੀ ਮੌਜੂਦਗੀ ਅਹਿਸਾਸ ਕਰਵਾਉਣ ਲਈ ਕੁਝ ਤਰੀਕੇ ਅਖਤਿਆਰ ਕੀਤੇ ਜਾ ਸਕਦੇ ਹਨ ਜਿਨ੍ਹਾਂ ਵਿਚ ਮਨੁੱਖੀ ਸਰੀਰ ਦੀ ਗਰਮੀ ਨਾਲ ਜਗਣ ਵਾਲੀਆਂ ਲਾਈਟਸ ਦੀ ਵਰਤੋਂ ਫ਼ਾਇਦੇਮੰਦ ਸਾਬਤ ਹੋ ਸਕਦੀ ਹੈ। ਇਸੇ ਦੌਰਾਨ ਟੌਨੀਆ ਸ਼ੈਪਰਡ ਨੇ ਕਿਹਾ ਕਿ ਉਹ ਆਪਣਾ ਨੁਕਸਾਨ ਬਰਦਾਸ਼ਤ ਕਰਨ ਲਈ ਮਜਬੂਰ ਹੈ ਪਰ ਕਈ ਮਾਮਲਿਆਂ ਵਿਚ ਲੋਕਾਂ ਕੋਲ ਜ਼ਿਆਦਾ ਆਰਥਿਕ ਗੁੰਜਾਇਜ਼ ਨਹੀਂ ਹੁੰਦੀ ਅਤੇ ਉਹ ਮਨ ਮਸੋਸ ਕੇ ਰਹਿ ਜਾਂਦੇ ਹਨ।

# ਮਿਸੀਸਾਗਾ 'ਚ ਦਿਨ-ਦਿਹਾੜੇ ਲੁੱਟਿਆ ਸਟੋਰ

## ਕੈਸ਼ ਕਾਊਂਟਰ 'ਤੇ ਬੈਠਾ ਮੁਲਾਜ਼ਮ ਘਸੁੰਨ ਮਾਰ ਕੇ ਜ਼ਖਮੀ ਕੀਤਾ



ਮਿਸੀਸਾਗਾ : ਕੈਨੇਡਾ ਦੇ ਮਿਸੀਸਾਗਾ ਸ਼ਹਿਰ ਵਿਚ ਇਕਬਾਲ ਫੂਡਜ਼ ਦੇ ਮਨੀ ਐਕਸਚੇਂਜ ਕਾਊਂਟਰ 'ਤੇ ਲੁੱਟ ਦੀ ਹੈਰਾਨਕੁੰਨ ਵਾਰਦਾਤ ਸਾਹਮਣੇ ਆਈ ਹੈ ਜਿਸ ਦੌਰਾਨ ਲੁਟੇਰੇ ਨੇ ਸਟੋਰ ਮੁਲਾਜ਼ਮ ਨੂੰ ਘਸੁੰਨ ਮਾਰ ਕੇ ਜ਼ਖਮੀ ਕਰ ਦਿਤਾ। ਮਿਸੀਸਾਗਾ ਦੇ 4099, ਐਰਿਨ ਮਿਲਜ਼ ਪਾਰਕਵੇਅ ਇਲਾਕੇ ਵਿਚ ਹੋਈ ਵਾਰਦਾਤ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ ਜਿਸ ਵਿਚ ਕਾਲੀ ਹੂਡੀ ਵਾਲਾ ਲੁਟੇਰਾ ਸ਼ੀਸ਼ੇ ਵਿਚਲੀ ਵਿਰਲ ਰਾਹੀਂ ਝੜੱਪਾ ਮਾਰ ਕੇ ਮਨੀ ਐਕਸਚੇਂਜ ਕਾਊਂਟਰ ਅੰਦਰ ਦਾਖਲ ਹੋ ਜਾਂਦਾ ਹੈ। ਲੁਟੇਰੇ ਦਾ ਸਾਥੀ ਵੀ ਝੜੱਪਾ ਮਾਰਨ ਦਾ ਯਤਨ ਕਰਦਾ ਹੈ ਪਰ ਸਫ਼ਲ ਨਹੀਂ ਹੁੰਦਾ ਅਤੇ ਦੋ ਸ਼ੱਕੀ ਬਾਹਰ ਖੜ੍ਹੇ ਨਜ਼ਰ ਆਉਂਦੇ ਹਨ। ਇਸੇ ਦੌਰਨਲ ਸਟੋਰ ਦਾ ਇਕ ਮੁਲਾਜ਼ਮ ਸ਼ੱਕੀਆਂ ਨੂੰ ਅੰਦਰ ਦਾਖਲ ਹੋਣ ਤੋਂ ਰੋਕਦਾ ਹੈ ਪਰ ਇਨ੍ਹਾਂ ਵਿਚੋਂ ਇਕ ਜਣਾ ਕੁਝ ਚੀਜ਼ਾਂ ਚੁੱਕ ਕੇ ਫ਼ਰਾਰ ਹੋ ਜਾਂਦਾ ਹੈ।

ਲੁੱਟ ਦੀ ਵਾਰਦਾਤ ਵੇਲੇ ਸਟੋਰ ਵਿਚ ਘੱਟੋ ਘੱਟ ਇਕ ਦਰਜਨ ਲੋਕ ਮੌਜੂਦ ਸਨ ਪਰ ਸ਼ੱਕੀਆਂ ਦੇ ਜਾਣ ਤੋਂ ਬਾਅਦ ਹੀ ਉਹ ਸਟਾਫ਼ ਮੈਂਬਰ ਦੀ ਮਦਦ ਵਾਸਤੇ ਅੱਗੇ ਆਏ। ਪੀਲ ਰੀਜਨਲ ਪੁਲਿਸ ਦੇ ਕਾਂਸਟੇਬਲ ਟਾਇਲਰ ਬੈਲ ਮੌਰੈਨਾ ਨੇ ਦੱਸਿਆ ਕਿ ਵਾਰਦਾਤ 13 ਦਸੰਬਰ ਨੂੰ ਤਕਰੀਬਨ ਪੌਣੇ ਛੇ ਵਜੇ ਵਾਪਰੀ ਅਤੇ ਚਾਰ ਜਣੇ ਇਕਬਾਲ ਫੂਡਜ਼ ਵਿਚ ਦਾਖਲ ਹੋਏ। ਲੁਟੇਰੇ ਕੈਸ਼ ਕਾਊਂਟਰ ਤੋਂ ਰਕਮ ਖੋਹ ਕੇ ਇਕ ਗੱਡੀ ਵਿਚ ਫ਼ਰਾਰ ਹੋ ਗਏ ਜਿਸ ਦਾ ਡਰਾਈਵਰ ਪਹਿਲਾਂ ਹੀ ਬਾਹਰ ਉਡੀਕ ਕਰ ਰਿਹਾ ਸੀ। ਪੁਲਿਸ ਵੱਲੋਂ ਚਾਰ ਸ਼ੱਕੀਆਂ ਦੀ ਭਾਲ ਕੀਤੀ ਜਾ ਰਹੀ ਹੈ ਜਿਨ੍ਹਾਂ ਵਿਚੋਂ ਇਕ ਨੇ ਨਕਾਬ ਤੋਂ ਲੈ ਕੇ ਹਰ ਕੱਪੜਾ ਕਾਲਾ ਪਾਇਆ ਹੋਇਆ ਸੀ। ਦੂਜੇ ਸ਼ੱਕੀ ਦੇ ਕੱਪੜਿਆਂ ਦਾ ਰੰਗ ਵੀ ਕਾਲਾ ਹੀ ਦੱਸਿਆ ਜਾ ਰਿਹਾ ਹੈ ਜਦਕਿ ਤੀਜੇ ਸ਼ੱਕੀ ਨੇ ਫਰ ਵਾਲੀ ਕਾਲੀ ਜੈਕਟ ਅਤੇ ਬਲੂ ਹੂਡੀ ਵਾਲਾ ਸਵੈਟਰ ਪਾਇਆ ਹੋਇਆ ਸੀ। ਇਕ ਸ਼ੱਕੀ ਦੇ ਵਾਈਟ ਸ਼ੂਜ਼ ਪਾਏ ਨਜ਼ਰ ਆਏ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਵਾਰਦਾਤ ਬਾਰੇ ਕੋਈ ਜਾਣਕਾਰੀ ਹੋਵੇ ਤਾਂ 905 453 2121 'ਤੇ ਕਾਲ ਕੀਤੀ ਜਾਵੇ।

# ਵੀਡੀਓ ਕਾਨਫਰੰਸਿੰਗ ਰਾਹੀਂ ਹਾਈ ਕੋਰਟ 'ਚ ਪੇਸ਼ ਹੋਏ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ



ਚੰਡੀਗੜ੍ਹ : ਨੈਸ਼ਨਲ ਸਕਿਓਰਿਟੀ ਐਕਟ ਤਹਿਤ ਅਸਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਵੀਡੀਓ ਕਾਨਫਰੰਸਿੰਗ ਜਰੀਏ ਮੰਗਲਵਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪੇਸ਼ ਹੋਏ ਅਤੇ ਉਨ੍ਹਾਂ ਵੱਲੋਂ ਪੈਰੋਲ ਨੂੰ ਲੈ ਕੇ ਪਾਈ ਗਈ ਪਟੀਸ਼ਨ 'ਤੇ ਸੁਣਵਾਈ ਹੋਈ। ਉਨ੍ਹਾਂ ਸੁਣਵਾਈ ਦੌਰਾਨ ਦੱਸਿਆ ਕਿ ਜੇਲ੍ਹ 'ਚ ਬੰਦ ਹੋਣ ਕਾਰਨ ਉਨ੍ਹਾਂ ਦੇ ਸੰਸਦ ਹਲਕੇ ਖਡੂਰ ਸਾਹਿਬ ਨਾਲ ਸਬੰਧਤ ਮੁੱਦੇ ਲੋਕ ਸਭਾ 'ਚ ਨਹੀਂ ਚੁੱਕੇ ਜਾ ਰਹੇ। ਵੀਡੀਓ ਕਾਨਫਰੰਸਿੰਗ ਰਾਹੀਂ ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੀ ਬੈਂਚ ਅੱਗੇ ਪੇਸ਼ ਹੁੰਦਿਆਂ ਵਕੀਲਾਂ ਦੇ ਕੰਮ ਤੋਂ ਦੂਰ ਰਹਿਣ ਦੇ ਮੱਦੇਨਜ਼ਰ ਅੰਮ੍ਰਿਤਪਾਲ ਸਿੰਘ ਨੇ ਖੁਦ ਅਦਾਲਤ ਨੂੰ ਸੰਬੋਧਨ ਕਰਨ ਦੀ ਚੋਣ ਕੀਤੀ। ਉਨ੍ਹਾਂ ਦੱਸਿਆ ਕਿ ਐੱਨ.ਐੱਸ.ਏ. ਤਹਿਤ ਹਿਰਾਸਤ ਨੇ ਉਨ੍ਹਾਂ ਦੇ ਸੰਸਦੀ ਹਲਕੇ ਦੇ ਕੰਮਕਾਜ ਨੂੰ ਪੂਰੀ ਤਰ੍ਹਾਂ ਰੋਕ ਦਿੱਤਾ ਹੈ। ਖਡੂਰ ਸਾਹਿਬ ਦੇ ਸੰਸਦ ਮੈਂਬਰ ਨੇ ਅੱਗੇ ਕਿਹਾ ਕਿ ਉਨ੍ਹਾਂ ਨੇ ਮੁੱਦੇ ਉਠਾਉਣ ਲਈ ਸ਼ਰਤੀਆ ਜ਼ਮਾਨਤ ਦੀ ਮੰਗ ਕੀਤੀ ਸੀ, ਪਰ ਅਜੇ ਤੱਕ ਮਿਲੀ ਨਹੀਂ ਹੈ। ਅੰਮ੍ਰਿਤਪਾਲ ਨੇ ਕਾਇਮ ਰੱਖਿਆ ਕਿ ਇਹ ਮੁੱਦਾ ਸਿਰਫ਼ ਉਨ੍ਹਾਂ ਤੱਕ ਹੀ ਸੀਮਤ ਨਹੀਂ ਹੈ, ਬਲਕਿ ਇਹ ਉਨ੍ਹਾਂ ਦੇ ਵੋਟਰਾਂ ਨਾਲ ਸਬੰਧਤ ਹੈ, ਜਿਨ੍ਹਾਂ ਦੀ ਸੰਸਦੀ ਆਵਾਜ਼ ਸੁਣੀ ਜਾਣੀ ਜ਼ਰੂਰੀ ਹੈ। ਉਨ੍ਹਾਂ ਬੈਂਚ ਨੂੰ ਕਿਹਾ ਕਿ ਭਾਰਤ ਦੇ ਜਮਹੂਰੀ ਪ੍ਰਬੰਧ ਵਿੱਚ, ਇੱਕ ਚੁਣੇ ਹੋਏ ਨੁਮਾਇੰਦੇ ਨੂੰ ਸੰਸਦ ਅੱਗੇ ਮੁੱਦੇ ਉਠਾਉਣ ਦਾ ਅਧਿਕਾਰ ਹੈ। ਪਰ ਮੇਰੇ 'ਤੇ ਲਗਾਇਆ ਗਿਆ ਐੱਨਐੱਸਏ ਆਪਣੇ ਤੀਜੇ ਸਾਲ ਵਿੱਚ ਵਧਾ ਦਿੱਤਾ ਗਿਆ ਹੈ। ਇਹ ਸਾਰੇ ਮੁੱਦੇ ਸੰਸਦ ਵਿੱਚ ਉਠਾਉਣੇ ਜ਼ਰੂਰੀ ਹਨ। ਬੈਂਚ ਨੇ ਇਸ ਮਾਮਲੇ 'ਤੇ ਅੰਮ੍ਰਿਤਪਾਲ ਨੂੰ ਸੁਣਨ ਦੀ ਆਪਣੀ ਇੱਛਾ ਜ਼ਾਹਰ ਕੀਤੀ ਪਰ ਇਹ ਸਪੱਸ਼ਟ ਕਰ ਦਿੱਤਾ ਕਿ ਉਨ੍ਹਾਂ ਨੂੰ ਬਿਨਾਂ ਕਿਸੇ ਸ਼ਰਤ ਦੇ ਕਹਿਣਾ ਹੋਵੇਗਾ ਕਿ ਉਹ ਬਾਅਦ ਵਿੱਚ ਆਪਣੇ ਵਕੀਲ ਨੂੰ ਬਹਿਸ ਕਰਨ ਲਈ ਮਾਮਲੇ ਨੂੰ ਮੁਲਤਵੀ ਕਰਨ ਦੀ ਮੰਗ ਨਹੀਂ ਕਰਨਗੇ। ਅੰਮ੍ਰਿਤਪਾਲ ਨੇ ਇਸ ਸ਼ਰਤ ਨੂੰ ਮੰਨ ਲਿਆ। ਬੈਂਚ ਨੇ ਇਸ ਤੱਥ ਦਾ ਨੋਟਿਸ ਲਿਆ ਕਿ ਸੂਬੇ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਅਨੁਪਮ ਗੁਪਤਾ ਪਿਛਲੀ ਸੁਣਵਾਈ ਦੀ ਮਿਤੀ 'ਤੇ ਆਪਣੀਆਂ ਦਲੀਲਾਂ ਪੂਰੀਆਂ ਨਹੀਂ ਕਰ ਸਕੇ ਸਨ ਅਤੇ ਉਨ੍ਹਾਂ ਨੂੰ ਹੋਰ ਸੁਣਿਆ ਜਾਣਾ ਜ਼ਰੂਰੀ ਸੀ। ਪੰਜਾਬ-ਹਰਿਆਣਾ ਹਾਈ ਕੋਰਟ ਵੱਲੋਂ ਅੰਮ੍ਰਿਤਪਾਲ ਸਿੰਘ ਦੀ ਪੈਰੋਲ ਵਾਲੀ ਪਟੀਸ਼ਨ 'ਤੇ ਭਲਕੇ ਬੁੱਧਵਾਰ ਨੂੰ ਮੁੜ ਤੋਂ ਸੁਣਵਾਈ ਕੀਤੀ ਜਾਵੇਗੀ।

# 30 ਸਾਲਾਂ ਤੋਂ ਅਮਰੀਕਾ 'ਚ ਰਹਿ ਰਹੀ ਪੰਜਾਬੀ ਮਹਿਲਾ ਨੂੰ ਕੀਤਾ ਗ੍ਰਿਫ਼ਤਾਰ



ਇੱਕ 60 ਸਾਲਾ ਭਾਰਤੀ-ਅਮਰੀਕੀ ਔਰਤ ਨੂੰ ਅਮਰੀਕਾ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਜਾਣਕਾਰੀ ਦੇ ਮੁਤਾਬਕ ਇਹ ਮਹਿਲਾ ਗ੍ਰੀਨ ਕਾਰਡ ਲਈ ਇੰਟਰਵਿਊ ਦੇਣ ਗਈ ਸੀ। ਉੱਥੇ ਹੀ ਕਾਰਵਾਈ ਕਰਦਿਆਂ ਅਧਿਕਾਰੀਆਂ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਬਬਲੀ ਕੌਰ ਨਾਮ ਦੀ ਇਹ ਮਹਿਲਾ 1994 ਤੋਂ ਅਮਰੀਕਾ ਵਿੱਚ ਰਹਿ ਰਹੀ ਹੈ। ਬਬਲੀ ਕੌਰ ਦੀ ਧੀ ਜੋਤੀ ਦਾ ਕਹਿਣਾ ਹੈ ਕਿ ਉਸਦੀ ਮਾਂ ਨੂੰ 1 ਦਸੰਬਰ ਨੂੰ ਯੂਐਸ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈਸੀਈ) ਏਜੰਟਾਂ ਨੇ ਹਿਰਾਸਤ ਵਿੱਚ ਲੈ ਲਿਆ ਸੀ, ਜਦੋਂ ਉਹ ਗ੍ਰੀਨ ਕਾਰਡ ਦੇ ਇੰਟਰਵਿਊ ਦੀ ਅਰਜ਼ੀ ਨਾਲ ਸਬੰਧਤ ਇੱਕ ਰੁਟੀਨ ਬਾਇਓਮੈਟ੍ਰਿਕਸ ਅਪੌਇੰਟਮੈਂਟ ਵਿੱਚ ਸ਼ਾਮਲ ਹੋ ਰਹੀ ਸੀ।

ਰਿਪੋਰਟ ਦੇ ਅਨੁਸਾਰ, ਕੌਰ ਦੀ ਦੂਜੀ ਧੀ, ਜੋ ਕਿ ਇੱਕ ਅਮਰੀਕੀ ਨਾਗਰਿਕ ਹੈ, ਦੀ ਗ੍ਰੀਨ ਕਾਰਡ ਅਰਜ਼ੀ ਨੂੰ ਮਨਜ਼ੂਰੀ ਮਿਲ ਚੁੱਕੀ ਹੈ ਅਤੇ ਉਸਦੇ ਪਤੀ ਕੋਲ ਵੀ ਗ੍ਰੀਨ ਕਾਰਡ ਹੈ। ਜੋਤੀ ਨੇ ਕਿਹਾ ਕਿ 1 ਦਸੰਬਰ ਨੂੰ ਉਸਦੀ ਮਾਂ ਯੂਐਸ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈਸੀਈ) ਦਫਤਰ ਦੇ ਫਰੰਟ ਡੈਸਕ 'ਤੇ ਸੀ ਜਦੋਂ ਕਈ ਅਧਿਕਾਰੀ ਇਮਾਰਤ ਵਿੱਚ ਦਾਖਲ ਹੋਏ। ਫਿਰ ਕੌਰ ਨੂੰ ਉਸ ਕਮਰੇ ਵਿੱਚ ਬੁਲਾਇਆ ਗਿਆ ਜਿੱਥੇ ਅਧਿਕਾਰੀ ਗਏ ਸਨ ਅਤੇ ਦੱਸਿਆ ਕਿ ਉਸਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ।

### ਕੌਰ ਨੂੰ ਜੇਲ੍ਹ ਭੇਜਿਆ ਗਿਆ

ਜੋਤੀ ਨੇ ਕਿਹਾ ਕਿ ਉਸਦੀ ਮਾਂ ਨੂੰ ਫ਼ੋਨ 'ਤੇ ਉਸਦੇ ਵਕੀਲ ਨਾਲ ਗੱਲ ਕਰਨ ਦੀ ਇਜਾਜ਼ਤ ਦੇਣ ਤੋਂ ਬਾਅਦ ਵੀ ਉਸਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਕਈ ਘੰਟਿਆਂ ਤੱਕ, ਪਰਿਵਾਰ ਨੂੰ ਕੌਰ ਦੇ ਟਿਕਾਣੇ ਬਾਰੇ ਸੂਚਿਤ ਨਹੀਂ ਕੀਤਾ ਗਿਆ। ਬਾਅਦ ਵਿੱਚ, ਪਤਾ ਲੱਗਾ ਕਿ ਉਸਨੂੰ (ਬਬਲੀ ਕੌਰ) ਨੂੰ ਰਾਤੋ-ਰਾਤ ਐਡੇਲੈਂਟੋ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ, ਜੋ ਕਿ ਇੱਕ ਸਾਬਕਾ ਸੰਘੀ ਜੇਲ੍ਹ ਹੈ ਜੋ ਹੁਣ ICE ਨਜ਼ਰਬੰਦੀ ਕੇਂਦਰ ਵਜੋਂ ਵਰਤੀ ਜਾਂਦੀ ਹੈ, ਜਿੱਥੇ ਉਹ ਨਜ਼ਰਬੰਦ ਹੈ।

### ਬਬਲੀ ਕੌਰ ਬਾਰੇ

ਅਮਰੀਕਾ ਜਾਣ ਤੋਂ ਬਾਅਦ ਬਬਲੀ ਕੌਰ ਦਾ ਪਰਿਵਾਰ ਪਹਿਲਾਂ ਲਾਗੁਨਾ ਬੀਚ ਵਿੱਚ ਵਸ ਗਿਆ ਅਤੇ ਫਿਰ ਕੰਮ ਲਈ ਬੇਲਮੌਂਟ ਸ਼ੋਰ ਖੇਤਰ ਵਿੱਚ ਚਲਾ ਗਿਆ। ਕੌਰ ਅਤੇ ਉਸਦੇ ਪਤੀ ਦੇ ਤਿੰਨ ਬੱਚੇ ਹਨ: 34 ਸਾਲਾ ਜੋਤੀ, ਜਿਸਦੀ DACA (ਡੈਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲਜ਼) ਦੇ ਤਹਿਤ ਸੰਯੁਕਤ ਰਾਜ ਅਮਰੀਕਾ ਵਿੱਚ ਕਾਨੂੰਨੀ ਸਥਿਤੀ ਹੈ, ਅਤੇ ਉਸਦਾ ਵੱਡਾ ਭਰਾ ਅਤੇ ਭੈਣ, ਦੋਵੇਂ ਅਮਰੀਕੀ ਨਾਗਰਿਕ ਹਨ।

ਪਰਿਵਾਰ ਨੇ ਸਖ਼ਤ ਮਿਹਨਤ ਕੀਤੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ, ਕੌਰ ਅਤੇ ਉਸਦੇ ਪਤੀ ਬੇਲਮੌਂਟ ਸ਼ੋਰ ਵਿੱਚ ਦੂਜੀ ਸਟਰੀਟ 'ਤੇ ਨਟਰਾਜ ਕੁਜ਼ੀਨ ਆਫ਼ ਇੰਡੀਆ ਐਂਡ ਨੇਪਾਲ ਨਾਮਕ ਇੱਕ ਰੈਸਟੋਰੈਂਟ ਚਲਾਉਂਦੇ ਸਨ। ਉਸਨੇ ਲਗਭਗ 25 ਸਾਲਾਂ ਤੋਂ ਬੇਲਮੌਂਟ ਸ਼ੋਰ ਰਾਈਟ ਏਡ ਵਿੱਚ ਵੀ ਕੰਮ ਕੀਤਾ। ਹਾਲ ਹੀ ਵਿੱਚ, ਉਹ ਰਾਇਲ ਇੰਡੀਅਨ ਕਰੀ ਹਾਊਸ ਵਿੱਚ ਰੈਸਟੋਰੈਂਟ ਦੇ ਕੰਮ ਵਿੱਚ ਵਾਪਸ ਆਉਣ ਦੀ ਤਿਆਰੀ ਕਰ ਰਹੀ ਸੀ।

### ਬਬਲੀ ਕੌਰ ਦੀ ਰਿਹਾਈ ਦੀ ਮੰਗ

ਲੌਂਗ ਬੀਚ ਦੀ ਨੁਮਾਇੰਦਗੀ ਕਰਨ ਵਾਲੇ ਡੈਮੋਕ੍ਰੇਟਿਕ ਕਾਂਗਰਸਮੈਨ ਰੌਬਰਟ ਗਾਰਸੀਆ ਨੇ ਕੌਰ ਦੀ ਰਿਹਾਈ ਦੀ ਮੰਗ ਕੀਤੀ ਹੈ। ਉਨ੍ਹਾਂ ਦੇ ਦਫ਼ਤਰ ਨੇ ਕਿਹਾ ਕਿ ਉਹ ਇਸ ਮੁੱਦੇ 'ਤੇ ਸੰਘੀ ਅਧਿਕਾਰੀਆਂ ਨਾਲ ਸੰਪਰਕ ਵਿੱਚ ਹਨ। ਉਨ੍ਹਾਂ ਦਾ ਪਰਿਵਾਰ ਕੌਰ ਨੂੰ ਕੇਸ ਚੱਲਦੇ ਸਮੇਂ ਜ਼ਮਾਨਤ 'ਤੇ ਰਿਹਾਅ ਕਰਨ ਦੀ ਇਜਾਜ਼ਤ ਦੇਣ ਲਈ ਕਾਨੂੰਨੀ ਕਾਗਜ਼ਾਤ ਤਿਆਰ ਕਰ ਰਿਹਾ ਹੈ। ਪਰਿਵਾਰ ਦੇ ਅਨੁਸਾਰ, ਕੌਰ ਨੂੰ ਐਡੇਲੈਂਟੋ ਵਿਖੇ ਇੱਕ ਵੱਡੇ ਡੌਰਮ-ਸਟਾਈਲ ਵਾਲੇ ਕਮਰੇ ਵਿੱਚ ਦਰਜਨਾਂ ਹੋਰ ਕੈਦੀਆਂ ਨਾਲ ਰੱਖਿਆ ਗਿਆ ਹੈ। ਉਨ੍ਹਾਂ ਦੇ ਪਰਿਵਾਰ ਨੇ ਇੰਡੀਆਵੈਸਟ ਨੂੰ ਦੱਸਿਆ ਕਿ ਉਨ੍ਹਾਂ ਦੇ ਕਮਰੇ ਵਿੱਚ ਰਾਤ ਭਰ ਲਾਈਟਾਂ ਜਗਦੀਆਂ ਰਹਿੰਦੀਆਂ ਹਨ ਅਤੇ ਲਗਾਤਾਰ ਰੌਲਾ ਪੈਂਦਾ ਰਹਿੰਦਾ ਹੈ, ਜਿਸ ਕਾਰਨ ਸੌਣਾ ਮੁਸ਼ਕਲ ਹੋ ਜਾਂਦਾ ਹੈ।

"ਇਹ ਬਹੁਤ ਅਣਮਨੁੱਖੀ ਹੈ"

ਬਬਲੀ ਕੌਰ ਦੀ ਧੀ, ਜੋਤੀ ਨੇ ਕਿਹਾ ਕਿ ਕੌਰ ਨੂੰ ਸੀਮਤ ਮੁਲਾਕਾਤ ਦੇ ਘੰਟਿਆਂ ਦੌਰਾਨ ਪਰਿਵਾਰਕ ਮੈਂਬਰਾਂ ਨੂੰ ਮਿਲਣ ਦੀ ਇਜਾਜ਼ਤ ਦਿੱਤੀ ਗਈ ਹੈ, ਹਾਲਾਂਕਿ ਰਿਪੋਰਟਾਂ ਦਰਸਾਉਂਦੀਆਂ ਹਨ ਕਿ ਇਸ ਪ੍ਰਕਿਰਿਆ ਵਿੱਚ ਅਕਸਰ ਇੱਕ ਛੋਟੀ ਜਿਹੀ ਮੁਲਾਕਾਤ ਲਈ ਵੀ ਸਾਰਾ ਦਿਨ ਇੰਤਜ਼ਾਰ ਕਰਨਾ ਸ਼ਾਮਲ ਹੁੰਦਾ ਹੈ। "ਇਹ ਇੱਕ ਭਿਆਨਕ ਸੁਪਨਾ ਰਿਹਾ ਹੈ, ਅਸੀਂ ਉਸਨੂੰ ਬਾਹਰ ਕੱਢਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹਾਂ। ਉਹ ਉੱਥੇ ਹੋਣ ਦੇ ਲਾਇਕ ਨਹੀਂ ਹੈ, ਇਹ ਬਹੁਤ ਅਣਮਨੁੱਖੀ ਹੈ।"



# ਧੁੰਦ ਕਾਰਨ ਵਾਪਰਿਆ ਰੂਹ-ਕੰਬਾਊ ਹਾਦਸਾ !

## 7 ਬੱਸਾਂ ਤੇ 3 ਕਾਰਾਂ ਦੀ ਹੋਈ ਟੱਕਰ, ਕਈ ਲੋਕ ਜ਼ਿੰਦਾ ਸੜੇ



ਉੱਤਰ ਪ੍ਰਦੇਸ਼: ਮਥੁਰਾ ਵਿੱਚ ਯਮੁਨਾ ਐਕਸਪ੍ਰੈਸਵੇਅ 'ਤੇ ਧੁੰਦ ਕਾਰਨ ਸੱਤ ਬੱਸਾਂ ਅਤੇ ਤਿੰਨ ਕਾਰਾਂ ਆਪਸ ਵਿੱਚ ਟਕਰਾ ਗਈਆਂ। ਟੱਕਰ ਤੋਂ ਬਾਅਦ ਵਾਹਨਾਂ ਨੂੰ ਅੱਗ ਲੱਗ ਗਈ, ਜਿਸ ਕਾਰਨ ਚਾਰ ਲੋਕਾਂ ਦੀ ਮੌਤ ਹੋ ਗਈ। ਮਰਨ ਵਾਲਿਆਂ ਦੀ ਗਿਣਤੀ ਹੋਰ ਵੀ ਵੱਧ ਸਕਦੀ ਹੈ। ਦੱਸ ਦਈਏ ਹੁਣ ਤੱਕ ਇਸ ਹਾਦਸੇ ਵਿੱਚ 66 ਲੋਕਾਂ ਦੇ ਜ਼ਖਮੀ ਹੋਣ ਦੀ ਸੂਚਨਾ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਜ਼ਿਲ੍ਹਾ ਮੈਜਿਸਟ੍ਰੇਟ (ਡੀਐਮ) ਅਤੇ ਪੁਲਿਸ ਸੁਪਰਡੈਂਟ (ਐਸਪੀ) ਸਮੇਤ ਕਈ ਵੱਡੇ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਅਤੇ ਬਚਾਅ ਕਾਰਜ ਸ਼ੁਰੂ ਕੀਤੇ। ਪੁਲਿਸ, ਫਾਇਰ ਬ੍ਰਿਗੇਡ ਅਤੇ ਐਸਡੀਆਰਐਫ ਦੇ ਕਰਮਚਾਰੀ ਅੱਗ ਬੁਝਾਉਣ ਅਤੇ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਉਣ ਲਈ ਜੁਟ ਗਏ। ਜਾਣਕਾਰੀ ਦਿੰਦਿਆਂ ਜ਼ਿਲ੍ਹਾ ਮੈਜਿਸਟਰੇਟ ਚੰਦਰ ਪ੍ਰਕਾਸ਼ ਸਿੰਘ ਨੇ ਦੱਸਿਆ ਕਿ ਇਹ ਹਾਦਸਾ ਬਲਦੇਵ ਥਾਣਾ ਖੇਤਰ ਦੇ ਮਾਈਲ ਸਟੋਨ 127 'ਤੇ ਵਾਪਰਿਆ। ਪੁਲਿਸ, ਫਾਇਰ ਬ੍ਰਿਗੇਡ ਅਤੇ ਐਸਡੀਆਰਐਫ ਦੀਆਂ ਟੀਮਾਂ ਨੇ ਛੇ ਘੰਟਿਆਂ ਦੇ ਅੰਦਰ ਬਚਾਅ ਕਾਰਜ ਪੂਰਾ ਕੀਤਾ। ਹਾਦਸੇ ਤੋਂ ਬਾਅਦ ਹਾਈਵੇਅ 'ਤੇ ਲੰਮਾ ਟ੍ਰੈਫਿਕ ਜਾਮ ਲੱਗ ਗਿਆ। ਦੱਸਿਆ ਜਾ ਰਿਹਾ ਹੈ ਕਿ ਐਕਸਪ੍ਰੈਸਵੇਅ 'ਤੇ ਸੰਘਣੀ ਧੁੰਦ ਸੀ। ਅਚਾਨਕ ਇੱਕ ਬੱਸ ਦੀ ਰਫ਼ਤਾਰ ਹੌਲੀ ਹੋ ਗਈ, ਜਿਸ ਕਾਰਨ ਕਈ ਵਾਹਨ ਇੱਕ ਦੂਜੇ ਨਾਲ ਟਕਰਾ ਗਏ। ਅੱਗ ਲੱਗਣ ਨਾਲ ਬੱਸਾਂ ਪੂਰੀ ਤਰ੍ਹਾਂ ਸੜ ਗਈਆਂ। ਮੌਕੇ ਤੇ ਮੌਜੂਦ ਲੋਕਾਂ ਦਾ ਕਹਿਣਾ ਹੈ ਕਿ ਕਈ ਵਾਹਨ ਆਪਸ ਵਿੱਚ ਟਕਰਾ ਗਏ, ਇੰਝ ਲੱਗਿਆ ਜਿਵੇ ਗੋਲੀਆਂ ਚੱਲ ਗਈਆਂ ਹਨ। ਕਈ ਜ਼ੋਰਦਾਰ ਧਮਾਕੇ ਵੀ ਹੋਏ। ਪੂਰਾ ਪਿੰਡ ਘਟਨਾ ਸਥਾਨ ਵੱਲ ਦੌੜਿਆ। ਸਾਰਿਆਂ ਨੇ ਤੁਰੰਤ ਮਦਦ ਦੀ ਪੇਸ਼ਕਸ਼ ਕੀਤੀ। ਡੀਐਮ ਨੇ ਕਿਹਾ ਕਿ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਘਟਨਾ ਦਾ ਨੋਟਿਸ ਲਿਆ ਹੈ। ਉਨ੍ਹਾਂ ਨੇ ਸਾਨੂੰ ਅਤੇ ਐਸਐਸਪੀ ਨੂੰ ਜ਼ਖਮੀਆਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਦੇ ਆਦੇਸ਼ ਦਿੱਤੇ ਹਨ। ਮੁੱਖ ਮੰਤਰੀ ਯੋਗੀ ਨੇ ਮ੍ਰਿਤਕਾਂ ਦੇ ਪਰਿਵਾਰਾਂ ਲਈ 2-2 ਲੱਖ ਰੁਪਏ ਦੇ ਮੁਆਵਜ਼ੇ ਦਾ ਐਲਾਨ ਕੀਤਾ।

# ਪੰਜਾਬ 'ਚ ਵੋਟਾਂ ਦੀ ਗਿਣਤੀ ਜਾਰੀ :

## ਜ਼ਿਲ੍ਹਾ ਪ੍ਰੀਸ਼ਦ ਦੀ 18, ਬਲਾਕ ਸੰਮਤੀ ਦੀ 263 ਸੀਟਾਂ 'ਤੇ ਅੱਗੇ 'ਆਪ

ਪੰਜਾਬ ਵਿੱਚ ਅੱਜ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਸੀਟਾਂ ਲਈ ਵੋਟਾਂ ਦੀ ਗਿਣਤੀ ਜਾਰੀ ਹੈ। 'ਆਪ' ਨੇ 347 ਜ਼ਿਲ੍ਹਾ ਪ੍ਰੀਸ਼ਦ ਸੀਟਾਂ ਵਿੱਚੋਂ 18 ਜਿੱਤੀਆਂ ਹਨ। 'ਆਪ' ਹੋਰ ਹਲਕਿਆਂ ਵਿੱਚ ਵੀ ਅੱਗੇ ਹੈ। 'ਆਪ' ਨੇ 2,838 ਬਲਾਕ ਸੰਮਤੀ ਸੀਟਾਂ ਵਿੱਚੋਂ 263 ਜਿੱਤੀਆਂ ਹਨ, ਕਾਂਗਰਸ, ਅਕਾਲੀ ਦਲ ਅਤੇ ਹੋਰ ਇੱਕ-ਇੱਕ ਸੀਟ 'ਤੇ ਅੱਗੇ ਹਨ।

ਜਿਵੇਂ ਹੀ ਗਿਣਤੀ ਸ਼ੁਰੂ ਹੋਈ, ਮੁੱਲਾਂਪੁਰ ਦਾਖਾ, ਲੁਧਿਆਣਾ ਵਿੱਚ ਜੀਟੀਵੀ ਕਾਲਜ ਵਿਖੇ ਗਿਣਤੀ ਕੇਂਦਰ 'ਤੇ ਹੰਗਾਮਾ ਹੋ ਗਿਆ। ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੇ ਆਗੂਆਂ ਨੇ ਦੋਸ਼ ਲਗਾਇਆ ਕਿ ਉਨ੍ਹਾਂ ਨੂੰ ਅੰਦਰ ਨਹੀਂ ਜਾਣ ਦਿੱਤਾ ਗਿਆ। ਪਟਿਆਲਾ ਦੇ ਨਾਭਾ ਰੋਡ 'ਤੇ ਵੀ ਅਜਿਹੀ ਹੀ ਸਥਿਤੀ ਦੇਖਣ ਨੂੰ ਮਿਲੀ। ਹਾਲਾਂਕਿ, ਪੁਲਿਸ ਨੇ ਪਹੁੰਚ ਕੇ ਸਥਿਤੀ ਨੂੰ ਕਾਬੂ ਵਿੱਚ ਲਿਆਂਦਾ।

ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਸੀਟਾਂ ਲਈ ਵੋਟਿੰਗ 14 ਦਸੰਬਰ ਨੂੰ ਹੋਈ ਸੀ, ਜਿਸ ਵਿੱਚ 40 ਪ੍ਰਤੀਸ਼ਤ ਵੋਟਰਾਂ ਨੇ ਵੋਟਿੰਗ ਕੀਤੀ ਸੀ। ਬੂਥ ਕੈਪਚਰਿੰਗ ਅਤੇ ਪ੍ਰਿੰਟਿੰਗ ਗਲਤੀਆਂ ਕਾਰਨ ਪੰਜ ਜ਼ਿਲ੍ਹਿਆਂ ਦੇ 16 ਬੂਥਾਂ 'ਤੇ ਵੋਟਿੰਗ ਰੱਦ ਕਰ ਦਿੱਤੀ ਗਈ ਸੀ। ਮਾਮਲਾ ਚੋਣ ਕਮਿਸ਼ਨ ਕੋਲ ਪਹੁੰਚਿਆ।



ਇਸ ਤੋਂ ਬਾਅਦ, 16 ਦਸੰਬਰ ਨੂੰ ਦੁਬਾਰਾ ਵੋਟਿੰਗ ਕਰਵਾਈ ਗਈ। ਵੋਟਿੰਗ ਤੋਂ ਪਹਿਲਾਂ ਹੀ, ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਲਈ 196 ਉਮੀਦਵਾਰ ਬਿਨਾਂ ਵਿਰੋਧ ਦੇ ਚੁਣੇ ਗਏ ਸਨ। ਇਨ੍ਹਾਂ ਵਿੱਚ 15 ਜ਼ਿਲ੍ਹਾ ਪ੍ਰੀਸ਼ਦ ਦੇ ਉਮੀਦਵਾਰ ਸ਼ਾਮਲ ਸਨ। ਤਰਨਤਾਰਨ ਵਿੱਚ ਬਾਰਾਂ ਅਤੇ ਅੰਮ੍ਰਿਤਸਰ ਵਿੱਚ ਤਿੰਨ ਉਮੀਦਵਾਰ ਬਿਨਾਂ ਵਿਰੋਧ ਚੁਣੇ ਗਏ ਸਨ। ਇਸ ਦੌਰਾਨ, 181 ਬਲਾਕ ਸੰਮਤੀ ਉਮੀਦਵਾਰ ਬਿਨਾਂ ਵਿਰੋਧ ਚੁਣੇ ਗਏ ਸਨ। ਇਨ੍ਹਾਂ ਵਿੱਚ ਤਰਨਤਾਰਨ ਵਿੱਚ 98, ਅੰਮ੍ਰਿਤਸਰ ਵਿੱਚ 63, ਹੁਸ਼ਿਆਰਪੁਰ ਵਿੱਚ 17, ਮਲੇਰਕੋਟਲਾ ਵਿੱਚ ਦੋ ਅਤੇ ਐਸਬੀਐਸ ਨਗਰ ਵਿੱਚ ਇੱਕ ਉਮੀਦਵਾਰ ਸ਼ਾਮਲ ਸੀ। ਸਾਰੇ ਆਮ ਆਦਮੀ ਪਾਰਟੀ (ਆਪ) ਨਾਲ ਜੁੜੇ ਹੋਏ ਹਨ।

# ਮੋਹਾਲੀ ਦੇ ਸੋਹਾਣਾ 'ਚ ਕਬੱਡੀ ਕੱਪ ਦੌਰਾਨ ਚੱਲੀਆਂ ਗੋਲੀਆਂ

## ਬਾਈਕ ਸਵਾਰ ਅਣਪਛਾਤਿਆਂ ਨੇ ਵਾਰਦਾਤ ਨੂੰ ਦਿੱਤਾ ਅੰਜਾਮ



ਪੰਜਾਬ ਦੇ ਸੋਹਾਣਾ ਤੋਂ ਵੱਡੀ ਖਬਰ ਸਾਹਮਣੇ ਆਈ ਹੈ ਜਿਥੇ ਕਬੱਡੀ ਕੱਪ ਦੌਰਾਨ ਗੋਲੀਆਂ ਚੱਲੀਆਂ ਹਨ। ਬੈਦਵਾਣ ਸਪੋਰਟਸ ਕਲੱਬ ਸੋਹਾਣਾ ਵੱਲੋਂ ਚਾਰ ਰੋਜ਼ਾ ਮੈਚ ਕਰਵਾਇਆ ਜਾ ਰਿਹਾ ਸੀ ਕਿ ਇਸ ਦੌਰਾਨ ਮੋਟਰਸਾਈਕਲ 'ਤੇ ਆਏ ਅਣਪਛਾਤਿਆਂ ਨੇ ਕੋਚ 'ਤੇ ਫਾਇਰਿੰਗ ਕੀਤੀ । ਇਸ ਪ੍ਰੋਗਰਾਮ ਵਿਚ ਗਾਇਕ ਮਨਕੀਰਤ ਔਲਖ ਵੀ ਪਹੁੰਚਣ ਵਾਲੇ ਸਨ ਪਰ ਉਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਫਾਇਰਿੰਗ ਹੋ ਗਈ ਤੇ ਜ਼ਖਮੀ ਨੂੰ ਇਲਾਜ ਲਈ ਫੋਰਟਿਸ 'ਚ ਦਾਖਲ ਕਰਵਾਇਆ ਗਿਆ ਹੈ ਤੇ ਮੌਕੇ 'ਤੇ ਪਹੁੰਚੀ ਪੁਲਿਸ ਦੀ ਟੀਮ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਇਕ ਪਾਸੇ ਮੁਕਾਬਲਾ ਚੱਲ ਰਿਹਾ ਸੀ ਕਿ ਅਚਾਨਕ ਗੋਲੀ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ ਤੇ ਲੋਕਾਂ ਵਿਚ ਹਫੜਾ-ਦਫੜੀ ਮਚ ਗਈ।

ਹਾਲਾਂਕਿ ਫਾਇਰਿੰਗ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਕੋਚ ਰਾਣਾ ਬਲਾਚੌਰੀਆ ਜਦੋਂ ਬਾਹਰ ਨਿਕਲੇ ਤਾਂ ਉਨ੍ਹਾਂ 'ਤੇ ਬਾਈਕ ਸਵਾਰਾਂ ਵੱਲੋਂ ਫਾਇਰਿੰਗ ਕੀਤੀ ਗਈ। ਉਥੇ ਮੌਜੂਦ ਲੋਕਾਂ ਵੱਲੋਂ ਦੱਸਿਆ ਗਿਆ ਕਿ ਕੋਚ ਨੂੰ ਗਰਾਊਂਡ ਤੋਂ ਬਾਹਰ ਜਾਂਦੇ ਹੋਏ ਫੋਟੋ ਖਿੱਚਣ ਦੇ ਬਹਾਨੇ ਰੋਕਿਆ ਗਿਆ ਤੇ ਬਾਈਕ ਸਵਾਰਾਂ ਵਿਚੋਂ ਇਕ ਨੇ ਕੋਚ ਦੇ ਮੂੰਹ 'ਤੇ ਕੱਪੜਾ ਪਾਇਆ ਤੇ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ ਪਰ ਸਾਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਮਾਨ ਸਰਕਾਰ ਨੇ ਸਖ਼ਤ ਜਨਹਿੱਤ ਫ਼ੈਸਲੇ ਕੀਤੇ ਜਾਰੀ

## ਮਰੀਜ਼ਾਂ ਦੇ ਅਧਿਕਾਰਾਂ ਦੀ ਕੀਤੀ ਜਾਵੇਗੀ ਰੱਖਿਆ, ਨਿੱਜੀ ਹਸਪਤਾਲਾਂ ਨੂੰ ਦਿੱਤੀ ਚੇਤਾਵਨੀ !

ਚੰਡੀਗੜ੍ਹ : ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਨੇ ਸੂਬੇ ਦੇ ਨਿੱਜੀ ਹਸਪਤਾਲਾਂ ਲਈ ਸਖ਼ਤ ਅਤੇ ਲੋਕ-ਪੱਖੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਇਹ ਫੈਸਲੇ ਮਰੀਜ਼ਾਂ ਦੇ ਅਧਿਕਾਰਾਂ ਨੂੰ ਮਜ਼ਬੂਤ ਕਰਨ ਅਤੇ ਸਿਹਤ ਸੰਭਾਲ ਖੇਤਰ ਵਿੱਚ ਮਨੁੱਖੀ ਅਭਿਆਸਾਂ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਹਨ। ਸਿਹਤ ਵਿਭਾਗ ਵੱਲੋਂ ਜਾਰੀ ਹੁਕਮਾਂ ਅਨੁਸਾਰ, ਲਾਸ਼ਾਂ ਦੇ ਸੁਰੱਖਿਅਤ ਅਤੇ ਸਨਮਾਨਜਨਕ ਨਿਪਟਾਰੇ ਨੂੰ ਯਕੀਨੀ ਬਣਾਉਣ ਲਈ ਸਾਰੇ ਨਿੱਜੀ ਹਸਪਤਾਲਾਂ ਵਿੱਚ ਮੁਰਦਾਘਰ ਸਹੂਲਤਾਂ ਲਾਜ਼ਮੀ ਕੀਤੀਆਂ ਗਈਆਂ ਹਨ। ਇਹ ਕਦਮ ਉਨ੍ਹਾਂ ਘਟਨਾਵਾਂ ਨੂੰ ਰੋਕਣ ਲਈ ਚੁੱਕਿਆ ਗਿਆ ਹੈ ਜਿੱਥੇ ਪਰਿਵਾਰਾਂ ਨੂੰ ਆਪਣੇ ਅਜ਼ੀਜ਼ਾਂ ਦੀਆਂ ਲਾਸ਼ਾਂ ਨਾਲ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।




ਸਭ ਤੋਂ ਮਹੱਤਵਪੂਰਨ ਫੈਸਲਾ ਇਹ ਹੈ ਕਿ ਹਸਪਤਾਲਾਂ ਨੂੰ ਮ੍ਰਿਤਕਾਂ ਦੀਆਂ ਲਾਸ਼ਾਂ ਪਰਿਵਾਰਾਂ ਨੂੰ ਸੌਂਪਣੀਆਂ ਚਾਹੀਦੀਆਂ ਹਨ, ਭਾਵੇਂ ਬਕਾਇਆ ਬਿੱਲਾਂ ਦਾ ਭੁਗਤਾਨ ਨਾ ਕੀਤਾ ਗਿਆ ਹੋਵੇ। ਇਹ ਨਿਯਮ ਪਰਿਵਾਰਾਂ ਨੂੰ ਉਨ੍ਹਾਂ ਦੇ ਦੁੱਖ ਦੇ ਸਮੇਂ ਦੌਰਾਨ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਤੋਂ ਬਚਾਉਣ ਲਈ ਤਿਆਰ ਕੀਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਇਹ ਫੈਸਲਾ ਕੁਝ ਨਿੱਜੀ ਮੈਡੀਕਲ ਸੰਸਥਾਵਾਂ ਦੁਆਰਾ ਕਥਿਤ ਸ਼ੋਸ਼ਣ ਦੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਲਿਆ ਗਿਆ ਸੀ, ਖਾਸ ਕਰਕੇ ਮਰੀਜ਼ਾਂ ਦੀ ਮੌਤ ਵਰਗੀਆਂ ਸੰਵੇਦਨਸ਼ੀਲ ਸਥਿਤੀਆਂ ਵਿੱਚ। ਸਿਹਤ ਵਿਭਾਗ ਦੇ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਇਹ ਬਦਲਾਅ ਪੰਜਾਬ ਦੀ ਸਿਹਤ ਸੰਭਾਲ ਪ੍ਰਣਾਲੀ ਨੂੰ ਵਧੇਰੇ ਲੋਕ-ਕੇਂਦ੍ਰਿਤ ਬਣਾਉਣ ਲਈ ਸਰਕਾਰ ਦੀ ਵਿਆਪਕ ਵਚਨਬੱਧਤਾ ਨੂੰ ਦਰਸਾਉਂਦੇ ਹਨ। ਸਾਰੇ ਨਿੱਜੀ ਹਸਪਤਾਲਾਂ ਲਈ ਇਨ੍ਹਾਂ ਨਿਰਦੇਸ਼ਾਂ ਨੂੰ ਦਰਸਾਉਂਦੇ ਸਪੱਸ਼ਟ ਨੋਟਿਸ ਬੋਰਡ ਲਗਾਉਣਾ ਲਾਜ਼ਮੀ ਕੀਤਾ ਗਿਆ ਹੈ। ਇਸ ਕਦਮ ਦਾ ਉਦੇਸ਼ ਜਨਤਕ ਜਾਗਰੂਕਤਾ ਵਧਾਉਣਾ ਅਤੇ ਜਵਾਬਦੇਹੀ ਯਕੀਨੀ ਬਣਾਉਣਾ ਹੈ। ਇਹ ਬੋਰਡ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਅਧਿਕਾਰਾਂ ਨੂੰ ਸਪੱਸ਼ਟ ਤੌਰ 'ਤੇ ਦਰਸਾਉਣਗੇ, ਜਿਸ ਨਾਲ ਉਹ ਆਪਣੇ ਅਧਿਕਾਰਾਂ ਨੂੰ ਸਮਝ ਸਕਣ ਅਤੇ ਕਿਸੇ ਵੀ ਅਨੁਚਿਤ ਅਭਿਆਸ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰ ਸਕਣ। ਸਿਹਤ ਵਿਭਾਗ ਨੇ ਨਿੱਜੀ ਹਸਪਤਾਲਾਂ ਨੂੰ ਇਨ੍ਹਾਂ ਬੋਰਡਾਂ ਨੂੰ ਹਸਪਤਾਲ ਦੇ ਅੰਦਰ ਪ੍ਰਮੁੱਖ ਥਾਵਾਂ 'ਤੇ ਪ੍ਰਮੁੱਖਤਾ ਨਾਲ ਪ੍ਰਦਰਸ਼ਿਤ ਕਰਨ ਦੇ ਨਿਰਦੇਸ਼ ਦਿੱਤੇ ਹਨ ਤਾਂ ਜੋ ਹਰ ਕੋਈ ਉਨ੍ਹਾਂ ਨੂੰ ਆਸਾਨੀ ਨਾਲ ਦੇਖ ਅਤੇ ਪੜ੍ਹ ਸਕੇ।

ਲਾਵਾਰਿਸ ਲਾਸ਼ਾਂ ਲਈ, ਜ਼ਿਲ੍ਹਾ ਪ੍ਰਸ਼ਾਸਨ ਸਸਕਾਰ ਦੀ ਪੂਰੀ ਜ਼ਿੰਮੇਵਾਰੀ ਲਵੇਗਾ। ਇਹ ਵਿਵਸਥਾ ਦੁਖਦਾਈ ਮਾਮਲਿਆਂ ਲਈ ਹੈ ਜਿੱਥੇ ਮ੍ਰਿਤਕ ਦਾ ਕੋਈ ਪਰਿਵਾਰਕ ਮੈਂਬਰ ਨਹੀਂ ਹੈ ਜਾਂ ਉਸਦੀ ਪਛਾਣ ਨਹੀਂ ਹੋ ਸਕਦੀ। ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਅਜਿਹੇ ਮਾਮਲਿਆਂ ਵਿੱਚ ਵੀ, ਮ੍ਰਿਤਕ ਨੂੰ ਸਨਮਾਨਜਨਕ ਵਿਦਾਇਗੀ ਅਤੇ ਸਹੀ ਅੰਤਿਮ ਸੰਸਕਾਰ ਮਿਲੇ। ਜ਼ਿਲ੍ਹਾ ਪ੍ਰਸ਼ਾਸਨ ਨੂੰ ਇਸ ਸਬੰਧ ਵਿੱਚ ਇੱਕ ਸਪੱਸ਼ਟ ਪ੍ਰਕਿਰਿਆ ਵਿਕਸਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ, ਜਿਸ ਵਿੱਚ ਸਥਾਨਕ ਪ੍ਰਸ਼ਾਸਨ, ਪੁਲਿਸ ਅਤੇ ਸਿਹਤ ਵਿਭਾਗ ਦੇ ਅਧਿਕਾਰੀ ਮਿਲ ਕੇ ਕੰਮ ਕਰਨਗੇ। ਇਹ ਪਹਿਲ ਮਨੁੱਖੀ ਕਦਰਾਂ-ਕੀਮਤਾਂ ਅਤੇ ਸਮਾਜਿਕ ਜ਼ਿੰਮੇਵਾਰੀ ਨੂੰ ਦਰਸਾਉਂਦੀ ਹੈ। ਨਿੱਜੀ ਹਸਪਤਾਲਾਂ ਵਿੱਚ ਪਾਲਣਾ ਦੀ ਜਾਂਚ ਕਰਨ ਅਤੇ ਸ਼ਿਕਾਇਤਾਂ ਦਾ ਤੁਰੰਤ ਹੱਲ ਕਰਨ ਲਈ ਵਾਧੂ ਨਿਗਰਾਨੀ ਟੀਮਾਂ ਤਾਇਨਾਤ ਕੀਤੀਆਂ ਜਾਣਗੀਆਂ। ਸਿਹਤ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨਾ ਕਰਨ ਵਾਲੇ ਹਸਪਤਾਲਾਂ ਦੀ ਨਿਯਮਤ ਜਾਂਚ ਕੀਤੀ ਜਾਵੇਗੀ ਅਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਮਰੀਜ਼ਾਂ ਦੇ ਅਧਿਕਾਰਾਂ ਅਤੇ ਮਾਣ-ਸਨਮਾਨ ਨਾਲ ਸਮਝੌਤਾ ਨਹੀਂ ਕੀਤਾ ਜਾਵੇਗਾ। ਵਿਭਾਗ ਇੱਕ ਹੈਲਪਲਾਈਨ ਨੰਬਰ ਜਾਰੀ ਕਰਨ ਦੀ ਵੀ ਯੋਜਨਾ ਬਣਾ ਰਿਹਾ ਹੈ ਜਿੱਥੇ ਲੋਕ ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ ਦਰਜ ਕਰਵਾ ਸਕਦੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਦੁਹਰਾਇਆ ਕਿ ਦਇਆ, ਮਾਣ ਅਤੇ ਪਾਰਦਰਸ਼ਤਾ ਸਿਹਤ ਸੰਭਾਲ ਸੇਵਾਵਾਂ ਦੇ ਮੂਲ ਵਿੱਚ ਹੋਣੀ ਚਾਹੀਦੀ ਹੈ। ਉਨ੍ਹਾਂ ਨਾਗਰਿਕਾਂ ਨੂੰ ਭਰੋਸਾ ਦਿੱਤਾ ਕਿ ਪ੍ਰਸ਼ਾਸਨ ਪ੍ਰਣਾਲੀ ਦੇ ਹਰ ਪੱਧਰ 'ਤੇ ਨਿਰਪੱਖਤਾ ਅਤੇ ਭਰੋਸੇਯੋਗਤਾ ਲਿਆਉਣ ਲਈ ਕੰਮ ਕਰਨਾ ਜਾਰੀ ਰੱਖੇਗਾ। ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਲੋਕਾਂ ਦੇ ਹਿੱਤਾਂ ਦੀ ਰੱਖਿਆ ਲਈ ਵਚਨਬੱਧ ਹੈ ਅਤੇ ਨਿੱਜੀ ਸਿਹਤ ਸੰਭਾਲ ਸੰਸਥਾਵਾਂ ਨੂੰ ਵੀ ਜਨਤਾ ਪ੍ਰਤੀ ਜਵਾਬਦੇਹ ਬਣਾਇਆ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਦਾ ਉਦੇਸ਼ ਇੱਕ ਅਜਿਹੀ ਸਿਹਤ ਪ੍ਰਣਾਲੀ ਬਣਾਉਣਾ ਹੈ ਜਿੱਥੇ ਗਰੀਬ ਤੋਂ ਗਰੀਬ ਵਿਅਕਤੀ ਵੀ ਬਿਨਾਂ ਕਿਸੇ ਭੇਦਭਾਵ ਦੇ ਮਿਆਰੀ ਇਲਾਜ ਪ੍ਰਾਪਤ ਕਰ ਸਕੇ। ਸਰਕਾਰ ਹੋਰ ਸੁਧਾਰਾਂ ਦੀ ਵੀ ਯੋਜਨਾ ਬਣਾ ਰਹੀ ਹੈ, ਜਿਸ ਵਿੱਚ ਇੱਕ ਮਜ਼ਬੂਤ ਸ਼ਿਕਾਇਤ ਨਿਵਾਰਨ ਵਿਧੀ, ਬਿਹਤਰ ਐਮਰਜੈਂਸੀ ਦੇਖਭਾਲ ਮਿਆਰ ਅਤੇ ਜਨਤਕ ਅਤੇ ਨਿੱਜੀ ਸਿਹਤ ਸਹੂਲਤਾਂ ਵਿਚਕਾਰ ਬਿਹਤਰ ਤਾਲਮੇਲ ਸ਼ਾਮਲ ਹੈ। ਸਿਹਤ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਨੂੰ ਲਾਗੂ ਕਰਨ ਲਈ ਇੱਕ ਸਮਾਂ-ਬੱਧ ਕਾਰਜ ਯੋਜਨਾ ਤਿਆਰ ਕੀਤੀ ਗਈ ਹੈ। ਵਿਭਾਗ ਨੇ ਸਾਰੇ ਜ਼ਿਲ੍ਹਾ ਸਿਹਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਆਪਣੇ ਖੇਤਰਾਂ ਦੇ ਸਾਰੇ ਨਿੱਜੀ ਹਸਪਤਾਲਾਂ ਨੂੰ ਇਨ੍ਹਾਂ ਨਿਯਮਾਂ ਬਾਰੇ ਸੂਚਿਤ ਕਰਨ ਅਤੇ ਪਾਲਣਾ ਨੂੰ ਯਕੀਨੀ ਬਣਾਉਣ।

# ਐਲੋਨ ਮਸਕ ਦੀ ਦੌਲਤ $600 ਬਿਲੀਅਨ ਤੋਂ ਪਾਰ



ਐਲੋਨ ਮਸਕ ਇਤਿਹਾਸ ਦੇ ਪਹਿਲੇ ਵਿਅਕਤੀ ਬਣ ਗਏ ਹਨ ਜਿਨ੍ਹਾਂ ਦੀ ਕੁੱਲ ਜਾਇਦਾਦ $600 ਬਿਲੀਅਨ ਤੋਂ ਵੱਧ ਹੋ ਗਈ ਹੈ, ਜਿਸ ਨਾਲ ਵਿਸ਼ਵਵਿਆਪੀ ਦੌਲਤ ਦੇ ਪੈਮਾਨੇ ਵਿੱਚ ਇੱਕ ਵੱਡਾ ਬਦਲਾਅ ਆਇਆ ਹੈ। ਫੋਰਬਸ ਦੇ ਅਨੁਸਾਰ, 15 ਦਸੰਬਰ, 2025 ਤੱਕ, ਮਸਕ ਦੀ ਕੁੱਲ ਜਾਇਦਾਦ ਹੁਣ ਲਗਭਗ $677 ਬਿਲੀਅਨ ਹੈ, ਜਿਸ ਨਾਲ ਉਹ ਦੂਜੇ ਸਭ ਤੋਂ ਅਮੀਰ ਵਿਅਕਤੀ ਤੋਂ $400 ਬਿਲੀਅਨ ਤੋਂ ਵੱਧ ਅੱਗੇ ਹਨ। ਮਸਕ ਦੀ ਇਹ ਪ੍ਰਾਪਤੀ ਮੁੱਖ ਤੌਰ 'ਤੇ ਉਨ੍ਹਾਂ ਦੀ ਨਿੱਜੀ ਰਾਕੇਟ ਕੰਪਨੀ, ਸਪੇਸਐਕਸ ਦੇ ਮੁਲਾਂਕਣ ਵਿੱਚ ਤੇਜ਼ੀ ਨਾਲ ਹੋਏ ਵਾਧੇ ਤੋਂ ਬਾਅਦ ਆਈ ਹੈ। ਉਨ੍ਹਾਂ ਦੀ ਦੌਲਤ ਦਾ ਮਹੱਤਵਪੂਰਨ ਹਿੱਸਾ ਟੇਸਲਾ (ਲਗਭਗ 13%) ਅਤੇ ਸਪੇਸਐਕਸ (42%) ਤੋਂ ਆਉਂਦਾ ਹੈ। ਉਹ ਟੇਸਲਾ ਤੋਂ ਰਵਾਇਤੀ ਤਨਖਾਹ ਨਹੀਂ ਲੈਂਦੇ, ਅਤੇ ਉਨ੍ਹਾਂ ਦੀ ਅਦਾਇਗੀ ਇਕੁਇਟੀ-ਅਧਾਰਤ ਹੈ।

**ਧਰਤੀ ਦੇ ਚੋਟੀ ਦੇ 10 ਸਭ ਤੋਂ ਅਮੀਰ ਲੋਕਾਂ ਦੀ ਸੂਚੀ (ਬਲੂਮਬਰਗ ਬਿਲੀਨੇਅਰਜ਼ ਇੰਡੈਕਸ, 15 ਦਸੰਬਰ 2025)**

1. ਐਲੋਨ ਮਸਕ ($677 ਬਿਲੀਅਨ): ਟੇਸਲਾ ਅਤੇ ਸਪੇਸਐਕਸ ਤੋਂ ਦੌਲਤ ਪ੍ਰਾਪਤ ਹੁੰਦੀ ਹੈ।
2. ਲੈਰੀ ਪੇਜ ($266 ਬਿਲੀਅਨ): ਉਹ ਗੂਗਲ ਦੇ ਸਹਿ-ਸੰਸਥਾਪਕ ਹਨ ਅਤੇ ਉਨ੍ਹਾਂ ਦੀ ਦੌਲਤ ਦਾ ਮੁੱਖ ਹਿੱਸਾ ਯੂਟਿਊਬ ਸਮੇਤ ਅਲਫਾਬੇਟ ਇਕੁਇਟੀ ਤੋਂ ਆਉਂਦਾ ਹੈ।
3. ਜੈਫ ਬੇਜ਼ੋਸ ($249 ਬਿਲੀਅਨ): ਉਹ ਐਮਾਜ਼ਾਨ ਦੇ ਲਗਭਗ 9% ਦੇ ਮਾਲਕ ਹਨ, ਜੋ ਕਿ ਉਨ੍ਹਾਂ ਦੀ ਦੌਲਤ ਦਾ ਮੁੱਖ ਸਰੋਤ ਹੈ।
4. ਸਰਗੇਈ ਬ੍ਰਿਨ ($247 ਬਿਲੀਅਨ): ਲੈਰੀ ਪੇਜ ਦੇ ਨਾਲ ਗੂਗਲ ਦੇ ਸਹਿ-ਸੰਸਥਾਪਕ, ਉਨ੍ਹਾਂ ਦੀ ਦੌਲਤ ਉੱਚ ਵੋਟਿੰਗ ਅਧਿਕਾਰਾਂ ਵਾਲੇ ਕਲਾਸ ਬੀ ਸ਼ੇਅਰਾਂ ਸਮੇਤ ਲੰਬੇ ਸਮੇਂ ਤੋਂ ਚੱਲੀ ਆ ਰਹੀ ਅਲਫਾਬੇਟ ਇਕੁਇਟੀ ਤੋਂ ਆਉਂਦੀ ਹੈ।
5. ਲੈਰੀ ਐਲੀਸਨ ($243 ਬਿਲੀਅਨ): ਉਹ ਓਰੇਕਲ ਦੇ 40% ਤੋਂ ਵੱਧ ਦੇ ਮਾਲਕ ਹਨ, ਜਿਸ ਕਾਰਨ ਉਨ੍ਹਾਂ ਦੀ ਦੌਲਤ ਕੰਪਨੀ ਦੇ ਸਟਾਕ ਮੁੱਲ ਨਾਲ ਸਿੱਧੇ ਤੌਰ 'ਤੇ ਜੁੜੀ ਹੋਈ ਹੈ।
6. ਮਾਰਕ ਜ਼ੁਕਰਬਰਗ ($228 ਬਿਲੀਅਨ): ਮੈਟਾ (ਫੇਸਬੁੱਕ, ਇੰਸਟਾਗ੍ਰਾਮ, ਵਟਸਐਪ) ਦੇ ਮਾਲਕ ਹਨ। ਲਾਗਤ ਕਟੌਤੀਆਂ ਅਤੇ ਏਆਈ 'ਤੇ ਧਿਆਨ ਕੇਂਦਰਿਤ ਕਰਨ ਕਾਰਨ 2023-2024 ਵਿੱਚ ਮੈਟਾ ਦੇ ਸਟਾਕ ਵਿੱਚ ਤੇਜ਼ੀ ਆਈ, ਜਿਸ ਨਾਲ ਉਨ੍ਹਾਂ ਦੀ ਦੌਲਤ ਵਿੱਚ ਵਾਧਾ ਹੋਇਆ।
7. ਬਰਨਾਰਡ ਅਰਨੌਲਟ ($202 ਬਿਲੀਅਨ): ਉਨ੍ਹਾਂ ਦੀ ਦੌਲਤ LVMH (ਲਗਜ਼ਰੀ ਸਾਮਾਨ) ਨਾਲ ਜੁੜੀ ਹੋਈ ਹੈ।
8. ਸਟੀਵ ਬਾਲਮਰ ($167 ਬਿਲੀਅਨ): ਮਾਈਕ੍ਰੋਸਾਫਟ ਦੇ ਸਭ ਤੋਂ ਵੱਡੇ ਵਿਅਕਤੀਗਤ ਸ਼ੇਅਰਧਾਰਕ ਹਨ, ਉਨ੍ਹਾਂ ਦੀ ਦੌਲਤ ਮਾਈਕ੍ਰੋਸਾਫਟ ਦੇ ਕਲਾਉਡ ਕੰਪਿਊਟਿੰਗ ਅਤੇ ਐਂਟਰਪ੍ਰਾਈਜ਼ ਸੌਫਟਵੇਅਰ ਵਿੱਚ ਵਾਧੇ ਕਾਰਨ ਵਧੀ ਹੈ।
9. ਜੇਨਸਨ ਹੁਆਂਗ ($152 ਬਿਲੀਅਨ): ਐਨਵੀਡੀਆ ਦੇ ਸਹਿ-ਸੰਸਥਾਪਕ ਅਤੇ ਸੀਈਓ, ਉਨ੍ਹਾਂ ਦੀ ਦੌਲਤ ਕੰਪਨੀ ਦੇ ਆਰਟੀਫੀਸ਼ੀਅਲ ਇੰਟੈਲੀਜੈਂਸ ਲਈ GPU ਬਾਜ਼ਾਰ ਵਿੱਚ ਦਬਦਬੇ ਤੋਂ ਪੈਦਾ ਹੁੰਦੀ ਹੈ।
10. ਵਾਰਨ ਬਫੇਟ ($150 ਬਿਲੀਅਨ): ਉਨ੍ਹਾਂ ਨੇ ਬਰਕਸ਼ਾਇਰ ਹੈਥਵੇਅ ਰਾਹੀਂ ਲੰਬੇ ਸਮੇਂ ਦੇ ਨਿਵੇਸ਼ਾਂ ਰਾਹੀਂ ਆਪਣੀ ਦੌਲਤ ਬਣਾਈ ਹੈ। ਉਹ ਆਪਣੀ ਜ਼ਿਆਦਾਤਰ ਦੌਲਤ ਚੈਰਿਟੀ ਨੂੰ ਦਾਨ ਕਰਨ ਦਾ ਵਾਅਦਾ ਕਰ ਚੁੱਕੇ ਹਨ।















ਪੰਜਾਬ ਸਟਾਰ
To Contact Us:
Editor:
Simrat Grewal
905-673-7666
Marketing Director:
Lakhwinder Singh Sandhu
647-400-7314
Senior Advisors:
Harkirat Singh
Abnash Nijjer
Davinder Sandhu
Onkar Grewal
Technical Director :
Bobby Bhamra
Accounts Advisor:
Sandeep Assi (CGA)
905-450-8999
Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)
Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611
website:-
www.punjabstar.com
Email:-
editor@punjabstar.com
Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

ਬੁੱਧ–ਚਿੰਤਨ

# ਮਨੁੱਖ ਜਦੋਂ ਲਾਸ਼ ਬਣਦਾ ਹੈ ?





ਬੁੱਧ ਸਿੰਘ ਨੀਲੋਂ
94643 70823

ਜਿਨ੍ਹਾਂ ਸਮਿਆਂ ਚ ਹੁਣ ਅਸੀਂ ਜ਼ਿੰਦਗੀ ਜਿਉਣ ਰਹੇ ਹਾਂ, ਇਹ ਜ਼ਿੰਦਗੀ ਨਹੀਂ, ਭਰਮ ਹੈ। ਅਸੀਂ ਮਰ ਗਈ ਚੇਤਨਾ ਦੀਆਂ ਤੁਰਦੀਆਂ ਫਿਰਦੀਆਂ ਲਾਸ਼ਾਂ ਹਾਂ। ਇਹ ਲਾਸ਼ਾਂ ਹੁਣ ਵਸਤੂਆਂ ਬਣ ਗਈਆਂ ਹਨ। ਵਸਤੂਆਂ ਵਿਚ ਜਾਨ ਨਹੀਂ ਹੁੰਦੀ। ਉਹ ਤਾਂ ਇਸ਼ਾਰੇ ਤੇ ਕੰਮ ਕਰਦੀਆਂ ਹਨ। ਉਨ੍ਹਾਂ 'ਚ ਚੇਤਨਾ ਨਹੀਂ ਹੁੰਦੀ। ਇਨ੍ਹਾਂ ਸਮਿਆਂ ਚ ਅਸੀਂ ਵੀ ਵਸਤੂਆਂ ਬਣ ਗਏ ਹਾਂ। ਅਸੀਂ ਵਸਤੂਆਂ ਤੋਂ ਵੋਟਰ ਬਣ ਗਏ ਹਾਂ, ਵੋਟਰ ਤੋਂ ਪਰਚੀ। ਅਸੀਂ ਸਿਆਸਤ ਲਈ ਉਤਪਾਦਨ ਕਰਦੇ ਹਾਂ, ਭੁੱਖੇ ਮਰਦੇ ਹਾਂ। ਇਸੇ ਕਰਕੇ ਇਹ ਕਵਿਤਾ ਚੇਤੇ ਆ ਰਹੀ ਹੈ–

ਪਹਿਲਾਂ ਉਹ ਯਹੂਦੀਆਂ ਲਈ ਆਏ
ਤੇ ਮੈਂ ਕੁੱਝ ਨਾ ਬੋਲਿਆ
ਕਿਉਂਕਿ ਮੈਂ ਯਹੂਦੀ ਨਹੀਂ ਸੀ
ਫਿਰ ਉਹ ਕਮਿਊਨਿਸਟਾਂ ਦਾ ਖੂਨ ਪੀਣ ਆਏ
ਮੈਂ ਚੁੱਪ ਰਿਹਾ
ਕਿਉਂਕਿ ਮੈਂ ਕਮਿਊਨਿਸਟ ਨਹੀਂ ਸੀ
ਫਿਰ ਉਹ ਪਰੋਟੈਸਟਾ ਨੂੰ ਮਾਰਨ ਆਏ
ਇਸ ਵਾਰ ਵੀ ਮੈਂ ਨਾ ਬੋਲਿਆ ਇੱਕ ਵੀ ਸ਼ਬਦ
ਕਿਉਕਿ ਮੈਂ ਪਰੋਟੈਸਟ ਨਹੀਂ ਸੀ
ਅੰਤ ਵਿੱਚ ਆਏ ਉਹ ਮੇਰੇ ਲਈ
ਤੇ ਹੋਰ ਕੋਈ ਨਹੀਂ ਸੀ
ਜੋ ਮੇਰੇ ਲਈ ਬੋਲਦਾ

ਇਹ ਕਵਿਤਾ ਅੱਜ ਸਾਡੇ ਸਮਿਆਂ ਦੀ ਬਾਤ ਪਾਉਂਦੀ ਹੈ। ਭਾਵੇਂ ਸਮਾਂ ਤਕਨਾਲੋਜੀ ਦਾ ਆ ਗਿਆ ਹੈ ਪਰ ਅਸੀਂ ਸਾਡੀ ਸੋਚ ਤੇ ਸਮਝ ਰੂੜੀਵਾਦੀ ਹੈ। ਅਸੀਂ ਹੁਣ ਆਪਣੇ ਤੇ ਨਹੀਂ ਸਗੋਂ ਉਨ੍ਹਾਂ 'ਤੇ ਭਰੋਸਾ ਕਰਦੇ ਹਾਂ ਜਿਹੜੇ ਸਾਡੀ ਸੋਚ ਨੂੰ ਪੁਰਾਤਨ ਸਮਿਆਂ ਦੀ ਬਨਾਉਂਣ ਲੱਗੇ ਹਨ ਤੇ ਅਸੀਂ ਮੋਦੀ ਦੇ ਚਾਰ ਬਾਂਦਰ ਬਣ ਕੇ ਰਹਿ ਗਏ ਹਾਂ। ਬੋਲਣਾ ਨਹੀ, ਦੇਖਣਾ ਨਹੀਂ ,ਸੁਣਨਾ ਨਹੀਂ ਤੇ ਕੁੱਝ ਕਰਨਾ ਨਹੀਂ। ਬਸ ਡਰ ਡਰ ਕੇ ਦਿਨ ਕਟੀ ਕਰਨੀ ਹੈ। ਇਸੇ ਕਰਕੇ ਸਾਨੂੰ ਭਿਖਾਰੀ ਸਮਝਿਆ ਜਾ ਰਿਹਾ। ਸਾਨੂੰ ਭੀਖ ਦੇਣ ਦੀਆਂ ਗੱਲਾਂ ਹੁੰਦੀਆਂ ਹਨ। ਸਿਆਸੀ ਪਾਰਟੀਆਂ ਦੇ ਵਿੱਚ ਮੁਕਾਬਲਾ ਚੱਲ ਰਿਹਾ ਭਿਖਾਰੀਆਂ ਨੂੰ ਵੱਧ ਤੋਂ ਵੱਧ ਭੀਖ ਦੇਣ ਕੌਣ ਦੇਵੇਗਾ। ਸਾਨੂੰ ਰੁਜ਼ਗਾਰ, ਸਿਹਤ, ਸਿੱਖਿਆ ਤੇ ਜੀਵਨ ਸੁਰੱਖਿਆ ਕੌਣ ਦੇਵੇਗਾ ? ਕੋਈ ਨਹੀਂ ਦੱਸਦਾ ਸਭ ਵੋਟਾਂ ਲਈ ਸਾਨੂੰ ਲਾਲਚ ਦੇਦੇ ਹਨ। ਸਾਡੇ ਕੋਲੋਂ ਕਿਰਤ ਵੀ ਖੋਈ ਜਾ ਰਹੀ ਤੇ ਕਿਰਤ ਨੂੰ ਲੁੱਟ ਕੇ ਧਨਾਡ ਵਿਦੇਸ਼ਾਂ ਵੱਲ ਲਈ ਜਾ ਰਹੇ ਹਨ। ਅਸੀਂ ਸੁਪਨਿਆਂ ਦੇ ਰੇਤ ਦੇ ਮਹਿਲ ਉਸਾਰ ਰਹੇ ਹਾਂ। ਤਾਬੂਤਾਂ ਵਿਚ ਘਰ ਪਰਤਦੇ ਹਾਂ ਜਾਂ ਲਵਾਰਿਸ ਲਾਸ਼ਾਂ ਬਣ ਕੇ ਸਿਵਿਆਂ ਵਿੱਚ ਸੜਦੇ ਹਾਂ। ਦੰਗਿਆਂ ਵਿਚ ਮਰਦੇ ਹਾਂ ਜਾਂ ਮਾਰੇ ਜਾ ਰਹੇ ਹਾਂ। ਸਾਡੇ ਹੱਥ ਵੱਢੇ ਜਾ ਰਹੇ ਹਨ। ਅਸੀਂ ਬੁੱਤਾਂ ਦੇ ਡੇਗਣ ਦੇ ਹੀ ਕੀਰਨੇ ਪਾਈ ਜਾ ਰਹੇ ਹਾਂ ਪਰ ਅਸੀਂ ਭੁੱਲ ਗਏ ਹਾਂ ਕਿ ਸਾਡੀ ਵੀ ਵਾਰੀ ਆਉਣ ਵਾਲੀ ਹੈ। ਜਾਂ ਅਸੀਂ ਤਾਂ ਮੀਟਿੰਗਾਂ, ਧਰਨੇ ਤੇ ਰੈਲੀਆਂ ਕਰਨ ਵਾਲੇ ਬੁੱਤ ਹੀ ਤਾਂ ਹਾਂ। ਕੁੱਝ ਜੱਥੇਬੰਦੀਆਂ ਤਾਂ ਸਟੇਟ ਨਾਲ ਰਲ ਕੇ ਧਰਨੇ, ਮੁਜ਼ਾਹਰੇ ਤੇ ਰੋਸ ਮਾਰਚ ਕਰਦੀਆਂ ਹਨ। ਜਿਵੇਂ ਗੇਟ ਰੈਲੀਆਂ ਹੁੰਦੀਆਂ ਸਨ। ਅਸੀਂ ਹੁਣ ਅਜਿਹੇ ਸਮਿਆਂ ਵਿੱਚ ਪੁਜ ਗਏ ਹਾਂ ਜਿੱਥੇ ਅਸੀਂ ਨਾ ਬੋਲ ਸਕਦੇ ਹਾਂ ਨਾ ਦੇਖ ਸਕਦੇ ਹਾਂ ਸਿਰਫ ਸੁਣ ਸਕਦੇ ਹਾਂ। ਸਾਡੇ ਮੂੰਹਾਂ ਨੂੰ ਛਿੱਕਲੀਆਂ ਬੰਨ੍ਹ ਦਿੱਤੀਆਂ ਹਨ, ਅਸੀਂ ਜੁਗਾਲੀ ਕਰਨ ਜੋਗੋ ਰਹਿ ਗਏ ਹਾਂ। ਅਸੀਂ ਜੁਗਾਲੀ ਕਰ ਰਹੇ ਹਾਂ ਤੇ ਆਸਥਾ ਦਾ ਕੀਰਤਨ ਸੁਨਣ ਜੋਗੋ ਰਹਿ ਗਏ ਹਾਂ। ਸਾਡੇ ਅੰਦਰੋਂ ਮਨੁੱਖ ਮਰ ਗਿਆ ਹੈ। ਜਿਹਨਾਂ ਦੇ ਅੰਦਰ ਮਨੁੱਖ ਜਿਉਂਦਾ ਉਸ ਨੂੰ ਮਾਰ ਰਹੇ ਹਨ। ਬਾਕੀ ਮਰਨ ਦੀ ਉਡੀਕ ਚ ਘਰਾਂ ਵਿੱਚ ਬੈਠੇ ਹਨ। ਉਪਰੋਕਤ ਕਵਿਤਾ ਫਿਰ ਦੁਰਹਾਈ ਜਾ ਰਹੀ ਹੈ। ਪਰ ਹਾਲਾਤ ਦਿਨੋਂ ਦਿਨ ਖਰਾਬ ਹੋ ਰਹੇ ਹਨ। ਸਾਡੇ ਹਥੇਲੀ ਉਤੇ ਅੱਗ ਰੱਖੀ ਜਾ ਰਹੀ ਹੈ। ਸਾਨੂੰ ਫਿਰ ਭਰਾ ਮਾਰੂ ਲੜ੍ਹਾਈ ਵੱਲ ਤੋਰਿਆ ਜਾ ਰਿਹਾ ਹੈ। ਝੂਠ ਦਾ ਪਾਠ ਪੜ੍ਹਾਇਆ ਜਾ ਰਿਹਾ ਹੈ। ਅਸੀਂ ਖੇਤਾਂ ਵਿੱਚ ਫਸਲ ਬੀਜੀ ਤੇ ਅਸੀਂ ਅੰਨਦਾਤੇ ਬਣੇ, ਹੁਣ ਹੱਕ ਮੰਗੇ ਤਾਂ ਘਰਾਂ ਤੇ ਖੇਤਾਂ ਵਿੱਚ ਹਥਿਆਰਾਂ ਦੀ ਫਸਲ ਬੀਜ ਦਿੱਤੀ। ਅਸੀਂ ਆਪਣੇ ਆਪ ਦੇ ਕਾਤਲ ਬਣਗੇ। ਫਿਰ ਨਸ਼ੇ ਦਾ ਬੀਜ ਬੀਜਿਆ ਤੇ ਚਿੱਟਾ ਘਰ ਘਰ ਉਗ ਪਿਆ। ਹਰਿਕ ਨੂੰ ਗ਼ਲੀ ਮੁਹੱਲਿਆਂ ਤੇ ਪਿੰਡਾਂ ਵਿਚੋਂ ਨਸ਼ਾ ਮਿਲਦਾ ਹੈ, ਪੁਲਿਸ ਨੂੰ ਤਸਕਰ ਲੱਭਦੇ ਨਹੀਂ। ਅਸੀਂ ਨਾ ਸਮਝ ਸਕੇ। ਸਿਵਿਆ ਤੇ ਡੇਰਿਆ ਦੇ ਵਿੱਚ ਰੌਣਕ ਮੇਲੇ ਵਧੇ,ਅਸੀਂ ਚੁੱਪ ਰਹੇ। ਸਾਨੂੰ ਗੂੰਗੇ ਕਿਸ ਨੇ ਬਣਾਇਆ ? ਨਾਦਰਸ਼ਾਹ ਤੇ ਦੁਰਾਨੀਆਂ ਤੇ ਅਬਦਾਲੀਆਂ ਦੇ ਰਾਹ ਰੋਕਣ ਵਾਲਿਆਂ ਦੇ ਵਾਰਸ, ਹੁਣ ਮੁਫ਼ਤ ਦੀਆਂ ਸੁੱਖ ਸਹੂਲਤਾਂ ਲੈਣ ਲਈ ਮੰਗਤੇ ਬਣ ਗਏ ਹਨ। ਕੁੱਝ ਤਾਂ ਸ਼ਰਮ ਕਰੋ, ਦੇਣ ਵਾਲੇ ਹੁਣ ਭਿਖਾਰੀ ਬਣ ਕੇ, ਇੱਕ ਦੂਜੇ ਦੇ ਸਿਰ ਪਾੜ ਰਹੇ ਹਨ। ਕੀ ਇਹੋ ਜਿਹਾ ਸੀ ਸਾਡਾ ਵਿਰਸਾ ਤੇ ਵਿਰਾਸਤ? ਕੁੱਝ ਤਾਂ ਵਿਚਾਰ ਕਰਨ ਲਈ ਸੋਚੋ। ਸਾਡੀ ਕਿਰਤ ਖੋ ਕੇ ਸਾਨੂੰ ਭਿਖਾਰੀ ਬਣਾ ਕੇ ਆਟੇ ਦਾਲ ਲਈ ਲਾਇਨਾਂ ਵਿੱਚ ਲਗਾਇਆ। ਮੈਨੂੰ ਇਲਤੀ ਬਾਬੇ ਕਵਿਤਾ ਚੇਤੇ ਆ ਗਈ ਹੈ, ਤੁਸੀਂ ਵੀ ਸੁਣ ਲਵੋ।

++++

ਕੇਹੀ ਹੋਣੀ ਹੈ ?
ਕਿਰਤੀ ਤੋ ਭਿਖਾਰੀ
ਭਿਖਾਰੀ ਤੋ ਵੋਟਰ
ਵੋਟਰ ਤੋਂ ਨਸ਼ੇੜੀ
ਨਸ਼ੇੜੀ,ਬੇਰੁਜ਼ਗਾਰ
ਗੈਂਗਸਟਰ
ਸਿਆਸਤ ਕਰੇ ਵਪਾਰ
ਅਸੀਂ ਲਾਚਾਰ
ਬਣੇ ਨਚਾਰ
ਨੱਚ ਲੈ ਨੱਚ ਲੈ, ਕਹੇ ਸਿਆਸਤਦਾਨ
ਸਿਆਸਤ ਜਿਹੇ ਜਿਵੇਂ ਨਚਾਵੇ
ਅਸੀਂ ਨੱਚੀ ਜਾਂਦੇ ਹਾਂ
ਤੇ ਮੱਚੀ ਜਾਂਦੇ ਹਾਂ
ਸਾਡਾ ਮੱਚ ਮਰ ਗਿਆ ਹੈ
ਮਰਿਆਂ ਨੂੰ ਕੌਣ ਯਾਦ ਕਰਦਾ ਹੈ?
ਸਾਨੂੰ ਭਜਾਇਆ ਜਾ ਰਿਹਾ ਹੈ
ਗੈਰਾਂ ਨੂੰ ਸਾਡੇ ਘਰਾਂ ਵਿੱਚ ਵਸਾਇਆ ਜਾ ਰਿਹਾ ਹੈ
ਅਸੀਂ ਭੱਜ ਰਹੇ ਹਾਂ
ਹੁਣ ਸਾਨੂੰ ਮਰਨ ਜਾ ਭੱਜਣ ਲਈ ਕਰ ਦਿੱਤਾ ਮਜਬੂਰ
ਉਝ ਅਸੀ ਬਹੁਤ ਮਸ਼ਹੂਰ
ਸਾਡੀਆਂ ਹੁੰਦੀਆਂ ਨੇ ਗੱਲਾਂ
ਜ਼ਮੀਨ ਤੇ ਜ਼ਮੀਰ ਵੇਚਣ ਲਾ ਦਿੱਤਾ
ਹੁਣ ਦੋਵੇ ਵਿਕ ਰਹੀਆਂ ਹਨ.
ਖੇਤਾਂ ਵਿੱਚ ਹੁਣ ਫਸਲਾਂ ਨਹੀਂ
ਇਮਾਰਤਾਂ ਉਗਦੀਆਂ ਹਨ
ਘਰ ਧੁਖਦੇ ਹਨ ਤੇ ਸੁਲਗਦੇ ਹਨ.
ਸਾਨੂੰ ਯੋਧਿਆਂ ਤੋਂ ਭਗੌੜੇ ਬਣਾ ਦਿੱਤਾ
ਹੁਣ ਸਾਡੀ ਲੋੜ ਨਹੀਂ
ਪਰ ਜਿਹਨਾਂ ਕੋਲ ਜ਼ਮੀਨ ਨਹੀਂ
ਜ਼ਮੀਰ ਬਚੀ ਹੈ, ਉਹ ਵੋਟਾਂ ਬਣ ਕੇ ਕੁੱਟ ਖਾਣ ਤੇ ਮਰਨ ਲਈ ਰਹਿ ਗਏ
ਜਿਹਨਾਂ ਕੋਲ ਭੱਜ ਜਾਣ ਲਈ ਕੁੱਝ ਨਹੀਂ ,
ਉਹ ਹੁਣ ਕੀ ਕਰਨਗੇ, ਲੜਨਗੇ ਜਾਂ ਮਰਨਗੇ?
ਸੋਚੋ ਕਰੋ ਯਾਦ
ਮੇਰੀ ਇਕ ਫਰਿਆਦ
ਮਿੱਤਰੋ ! ਮਰਨਾ ਸਭ ਨੇ ਹੈ.
ਪਰ ਕੁੱਤੇ ਦੀ ਮੌਤ ਮਰਨ ਨਾਲੋਂ ਯੋਧਿਆਂ ਤੇ ਮੌਤ ਮਰੋ
ਆਪਣਾ ਵਿਰਸਾ ਤੇ ਵਿਰਾਸਤ ਹੀ ਯੋਧਿਆਂ ਦਾ ਹੈ
ਹੁਣ ਘਰਾਂ ਵਿੱਚ ਵੋਟਾਂ ਬਣ ਕੇ ਨਾ ਰਹੋ.
ਯੋਧੇ ਬਣੋ, ਭਗਤ ਸਿੰਘ, ਬੰਦਾ ਬਹਾਦਰ, ਹਰੀ ਸਿੰਘ ਨਲੂਆ,
ਸ਼ਾਮ ਸਿੰਘ ਅਟਾਰੀ ਤੇ ਜੱਸਾ ਸਿੰਘ ਰਾਮਗੜ੍ਹੀਆ
ਆਪਣੇ ਆਪ ਦੀ ਪਛਾਣ ਕਰੋ
ਨਹੀਂ, ਅੱਜ ਨਹੀਂ ਤੇ ਕੱਲ੍ਹ ਨੂੰ ਸਾਡੀ ਵਾਰੀ ਹੈ
ਹੁਣ ਲੜ੍ਹਾਈ ਹਥਿਆਰਾਂ ਦੀ ਨਹੀਂ
ਵਿਚਾਰਾਂ ਦੀ ਹੈ
ਵਿਚਾਰ ਪੈਦਾ ਕਰਨ ਲਈ ਸ਼ਬਦ ਗੁਰੂ ਨਾਲ
ਜੁੜੋ, ਪੜ੍ਹ ਕੇ ਵਿਚਾਰ ਕਰੋ
ਜੁੜੋ, ਤੁਰੋ ਤੇ ਸੰਗਠਿਤ ਹੋ ਕੇ ਸੰਘਰਸ਼ ਕਰੋ
ਸੋਚੋ ਤੁਸੀਂ ਤੇ ਵਿਚਾਰ ਕਰੋ
ਇਕ ਦੂਜੇ ਨਾਲ ਵੈਰ ਨਹੀਂ
ਪਿਆਰ ਕਰੋ
ਤੁਸੀਂ ਟੈਕਸ ਹਰ ਚੀਜ਼ 'ਤੇ ਦੇਂਦੇ ਹੋ
ਪੁਛੋ ਹਾਕਮਾਂ ਨੂੰ ਉਹ ਕਿਥੇ ਜਾਂਦਾ ਹੈ?
ਤੁਸੀਂ ਭਿਖਾਰੀ ਨੀ ਦਾਤੇ ਹੋ.
ਭਿਖਾਰੀ ਤਾਂ ਉਹ ਹਨ ਜੋ ਆਖਦੇ ਹਨ ਕਿ
ਖਜ਼ਾਨਾ ਖਾਲੀ ਹੈ
ਕੌਣ ਹੈ ਖਜ਼ਾਨੇ ਦਾ ਮਾਲਕ ਤੇ
ਕੌਣ ਹੈ ਲੁਟੇਰਾ ?
ਪਹਿਚਾਣ ਕਰੋ
ਸਿਆਸਤਦਾਨ ਹਨ ਲੁਟੇਰੇ
ਅਫਸਰਸ਼ਾਹੀ ਭਾਈਵਾਲ ਹਨ
ਜਦੋਂ ਤੱਕ
ਪੁਜਾਰੀ, ਵਪਾਰੀ, ਅਧਿਕਾਰੀ
ਤੇ ਸਿਆਸਤਦਾਨ ਦੀ ਯਾਰੀ ਹੈ
ਤਾਂ ਤੁਸੀਂ ਭਿਖਾਰੀ ਹੀ ਰਹੋਗੇ.
ਸਮਝਦੇ ਹੋ ਇਹ ਸੱਚ ਹੈ
ਜਰੂਰ ਕਰੋ ਵਿਚਾਰ ਤੇ ਸੋਚੋ
ਬਾਕੀ ਤੁਹਾਡੀ ਮਰਜ਼ੀ ਹੈ ?
ਪਰ ਹੁਣ ਵਾਰੀ ਸਾਡੀ ਨਹੀਂ ਤੇ ਤੁਹਾਡੀ ਹੈ।
ਬਹੁਤ ਸਹਿ ਲਿਆ, ਬਹੁਤ ਜਰ ਲਿਆ ਤੇ
ਬਹੁਤ ਮਰ ਲਿਆ
ਹੁਣ ਜਿਉਣਾ ਤੇ ਜੀਣਾ ਤੇ ਸੀਣਾਂ ਸਿੱਖੋ
ਉਹ ਗੁਰੂ ਦੇ ਸਿੱਖੋ
ਹੁਣ ਬਾਣੀ ਤੇ ਬਾਣੇ ਦੇ ਅਰਥ ਸਮਝੋ

---

ਬੁੱਧ ਬੋਲ ਕੋਈ ਅਗਲਾ ਵਰਕਾ ਫੋਲ
ਪੋਲ ਖੋਲ, ਨਾ ਘੱਟ ਤੋਲ, ਕੱਢ ਦੇ ਝੋਲ
ਵਜਾ ਢੋਲ ਮਾਜਦੇ ਡੋਲ
ਲੁੱਟਮਾਰ ਕਰਨ ਵਾਲੇ ਭੇਸ ਬਦਲ ਕੇ ਆ ਗਏ
ਕਰ ਵਿਚਾਰ ਚੁੱਕ ਸ਼ਾਸਤਰ ਤੇ ਸਸ਼ਤਰ
ਕਰ ਵਿਰਸਾ ਤੇ ਵਿਰਾਸਤ ਯਾਦ
ਬਣ ਪਹਿਰੇਦਾਰ ਆਪਣੇ ਘਰ ਨੂੰ ਬਚਾ !
ਤੂੰ ਵੋਟ ਨਹੀਂ, ਤੂੰ ਵਸਤੂਆਂ ਨਹੀਂ
ਤੂੰ ਬੰਦਾ ਹੈ
ਤਾਂ ਬੰਦਿਆਂ ਵਾਲੇ ਕੰਮ ਕਰ
ਨਾ ਡਰ ਨਾ ਬਿਨ ਮੌਤ ਰੋਜ਼ ਮਰ
ਬੰਦਾ ਸਿੰਘ ਬਹਾਦਰ ਬਣ
ਖੜਕਾ ਦੇ ਸਰਹੰਦ ਦੀ ਇੱਟ ਨਾਲ ਇੱਟ !
ਚੜ੍ਹਿਆ ਆਉਂਦਾ ਧਾੜਵੀ।
ਇਹ ਕੇਹੀ ਹੋਣੀ ਹੈ?

# ਚੋਣਾਂ ਦੌਰਾਨ ਅਧਿਆਪਕਾਂ ਦਾ ਇੱਕ ਰੁੱਖ ਹੋਰ ਵੀ



ਬਤੌਰ ਅਧਿਆਪਕ ਮੇਰੀ 29 ਸਾਲ ਦੀ ਨੌਕਰੀ ਹੋ ਚੁੱਕੀ ਹੈ। ਬਹੁਤ ਵਾਰ ਚੋਣਾਂ ਵਿੱਚ ਡਿਊਟੀ ਲੱਗੀ। ਹੁਣ ਅਧਿਆਪਕਾਂ ਵਿੱਚ ਡਿਊਟੀ ਕਟਵਾਉਣ ਦਾ ਅਮਲ ਜਿਆਦਾ ਹੈ। ਜੇਕਰ ਕੋਈ ਸਿਹਤ ਸਮੱਸਿਆ ਹੋਵੇ ਜਾਂ ਮਜਬੂਰੀ ਤਾਂ ਇਹ ਸਹੀ ਵੀ ਹੈ। ਪਰ ਇਸ ਵਾਰ ਜੋ ਦੇਖਿਆ ਉਹ ਇਹ ਸੀ ਕਿ ਅਧਿਆਪਕ ਲੁਕ ਰਹੇ ਸੀ॥ ਉਹਨਾਂ ਨੂੰ ਲੱਗਦਾ ਸੀ ਕਿ ਜੇਕਰ ਅਸੀਂ ਸਾਹਮਣੇ ਨਹੀਂ ਜਾਵਾਂਗੇ ਤਾਂ ਡਿਊਟੀ ਤੋਂ ਬਚ ਜਾਵਾਂਗੇ। ਸੱਚ ਕਹਾਂ ਤਾਂ ਅਧਿਆਪਕਾਂ ਦਾ ਵਿਹਾਰ ਚੋਰਾਂ ਵਰਗਾ ਸੀ। ਬਾਰ-ਬਾਰ ਸਟੇਜ ਤੋਂ ਆਵਾਜ਼ਾਂ ਦਿੱਤੀਆਂ ਜਾ ਰਹੀਆਂ ਸਨ। ਅਧਿਆਪਕ ਉੱਥੇ ਹੀ ਹਾਜ਼ਰ ਸਨ ਪਰ ਸਾਹਮਣੇ ਨਹੀਂ ਆ ਰਹੇ ਸੀ। ਅਧਿਆਪਕਾਂ ਲਈ ਇਸ ਤਰ੍ਹਾਂ ਕਰਨਾ ਸ਼ਰਮਨਾਕ ਹੈ। ਬੱਚਿਆਂ ਨੂੰ ਆਪਣੀ ਜਿੰਮੇਵਾਰੀ ਤੇ ਅਨੁਸ਼ਾਸਨ ਦੀ ਸਿੱਖਿਆ ਦੇਣ ਵਾਲੇ ਅਧਿਆਪਕਾਂ ਤੋਂ ਇਹ ਉਮੀਦ ਨਹੀਂ ਕੀਤੀ ਜਾਂਦੀ। ਇਸਤਰੀ ਅਧਿਆਪਕਾਂ ਦੀ ਗੱਲ ਤਾਂ ਛੱਡੋ ਪੁਰਸ਼ ਅਧਿਆਪਕ ਵੀ ਇੰਝ ਹੀ ਕਰ ਰਹੇ ਸਨ। ਇਸ ਸਭ ਦੇ ਚਲਦਿਆਂ ਸਮਾਨ ਵੰਡਣ ਵਾਲੇ ਦਿਨ ਰਾਤ ਦੇ 9 ਵਜ ਗਏ। ਜਿਨਾਂ ਸਮਾਨ ਲੈ ਕੇ ਪਾਰਟੀ ਨਾਲ ਬੂਥ ਵਿੱਚ ਜਾਣਾ ਸੀ ਉਹ ਬਹੁਤ ਖੱਜਲ ਖੁਆਰ ਹੋਏ। ਕਚਹਿਰੀ ਵਿੱਚ ਜਿਹੜਾ ਬੰਦਾ ਇਹ ਹੋਕਾ ਦਿੰਦਾ ਹੈ ਕਿ ਫਲਾਣਾ ਬੰਦਾ ਹਾਜ਼ਰ ਹੋਵੇ ਉਹ ਵੀ ਸਰਕਾਰ ਦਾ ਹਿੱਸਾ ਹੈ। ਅਸੀਂ ਸਰਕਾਰੀ ਮੁਲਾਜ਼ਮ ਸਰਕਾਰ ਦਾ ਇੱਕ ਅੰਗ ਹਾਂ। ਸਾਡਾ ਇਸ ਤਰ੍ਹਾਂ ਦਾ ਵਿਹਾਰ ਬਹੁਤ ਗਲਤ ਹੈ। ਮੈਨੂੰ ਯਾਦ ਹੈ ਜਦੋਂ ਪਹਿਲਾਂ ਅਸੀਂ ਡਿਊਟੀ ਦਿੰਦੇ ਸੀ ਤਾਂ ਸਾਡੇ ਨਾਲ ਦੇ ਪੁਰਸ਼ ਅਧਿਆਪਕ ਬੜੇ ਧੜੱਲੇਦਾਰ ਹੁੰਦੇ ਸਨ। ਡਿਊਟੀ ਕਟਵਾਉਣ ਦਾ ਤਾਂ ਉਹਨਾਂ ਨੇ ਕਦੇ ਨਾ ਹੀ ਨਹੀਂ ਸੀ ਲਿਆ। ਉਹ ਸਾਨੂੰ ਵੀ ਹੌਸਲਾ ਦਿੰਦੇ ਸਨ ਕਿ ਚਲੋ ਕੋਈ ਫਿਕਰ ਵਾਲੀ ਗੱਲ ਨਹੀਂ। ਕੋਈ ਕੰਮ ਔਖਾ ਨਹੀਂ ਹੁੰਦਾ। ਸਾਰੇ ਅਧਿਆਪਕ ਘਰੇਲੂ ਮਜਬੂਰੀਆਂ ਦਾ ਹਵਾਲਾ ਦਿੰਦੇ ਹਨ। ਪਰ ਦੇਖਿਆ ਜਾਵੇ ਤਾਂ ਫਿਰ ਸਰਕਾਰ ਵੀ ਬੰਦੇ ਕਿੱਥੋਂ ਲਿਆਵੇ। ਲੋਕਤੰਤਰ ਵਿੱਚ ਚੋਣਾਂ ਤਾਂ ਹੋਣਗੀਆਂ ਹੀ। ਗੈਰ ਸਰਕਾਰੀ ਬੰਦੇ ਦੀ ਡਿਊਟੀ ਲੱਗ ਨਹੀਂ ਸਕਦੀ। ਜਦੋਂ ਅਸੀਂ ਸਰਕਾਰੀ ਮੁਲਾਜ਼ਮ ਹਾਂ ਤੇ ਸਰਕਾਰ ਤੋਂ ਤਨਖਾਹ ਲੈਂਦੇ ਹਾਂ ਤਾਂ ਡਿਊਟੀ ਕਰਨਾ ਸਾਡੀ ਜਿੰਮੇਵਾਰੀ ਹੈ। ਮਜਬੂਰੀ ਜਾ ਪਰੇਸ਼ਾਨੀ ਕੁਝ ਕੁ ਲੋਕਾਂ ਦੀ ਹੁੰਦੀ। ਬਹੁਤ ਸਾਰੇ ਅਜਿਹੇ ਵੀ ਹਨ ਜੋ ਡਿਊਟੀ ਲੱਗ ਜਾਵੇ ਤਾਂ ਵੀ ਰੋਂਦੇ ਹਨ ਤੇ ਜੇ ਡਿਊਟੀ ਨਾ ਲੱਗੇ ਤੇ ਸਕੂਲ ਵਿੱਚ ਜਿਆਦਾ ਬੱਚੇ ਸਾਂਭਣੇ ਪੈਣ ਤਾਂ ਵੀ ਰੋਂਦੇ ਹਨ। ਇਹ ਸੋਚਿਆ ਕਰੋ ਕਿ ਭਾਗਾਂ ਵਾਲੇ ਹੋ ਕਿ ਤੁਹਾਨੂੰ ਸਰਕਾਰੀ ਨੌਂਕਰੀ ਮਿਲੀ ਹੈ।

ਅਧਿਆਪਕਾਂ ਦਾ ਇਸ ਤਰ੍ਹਾਂ ਦਾ ਰਵਈਆ ਦੇਖ ਕੇ ਨਿਰਾਸ਼ਾ ਹੋਈ।

ਨੱਥੀ ਤਸਵੀਰ ਉਸ ਸਕੂਲ ਦੀ ਹੈ ਜਿੱਥੇ ਮੈਂ ਡਿਊਟੀ ਦਿੱਤੀ। ਇਸ ਪਿੰਡ ਬਾਰੇ ਗੱਲ ਫਿਰ ਸਹੀ।



ਹਰਪ੍ਰੀਤ ਕੌਰ ਸੰਧੂ

# ਬੇਨਾਮ

ਮੈਂ ਤੈਨੂੰ
ਕਿਸੇ ਨਾਮ ਨਾਲ ਨਹੀਂ ਬੁਲਾਇਆ
ਨਾਮ ਤਾਂ ਰਿਸ਼ਤਿਆਂ ਦੀ
ਹਿਫ਼ਾਜ਼ਤ ਲਈ ਬਣਦੇ ਨੇ...

ਤੂੰ ਮੇਰੇ ਕੋਲ
ਇੱਕ ਸਵਾਲ ਵਾਂਗ ਆਇਆ
ਅਤੇ ਉੱਤਰ ਬਣਨ ਤੋਂ
ਇਨਕਾਰ ਕਰ ਗਿਆ...

ਅਸੀਂ ਦੋਵੇਂ
ਇਕੋ ਗਲਤੀ ਦੇ
ਵੱਖ-ਵੱਖ ਜ਼ਮਾਨੇ ਸਾਂ
ਇਸ ਲਈ ਮਿਲ ਕੇ ਵੀ
ਇਕੱਠੇ ਨਾ ਹੋ ਸਕੇ....

ਇਤਿਹਾਸ ਨੇ
ਤੈਨੂੰ ਯੋਧਾ ਲਿਖਿਆ
ਮੈਨੂੰ ਖ਼ਾਮੋਸ਼ੀ
ਪਰ ਦੋਵੇਂ
ਇਕੋ ਜੰਗ ਹਾਰੇ...
ਹੁਣ ਜਦੋਂ
ਮੈਂ ਤੈਨੂੰ ਯਾਦ ਕਰਦੀ ਹਾਂ
ਹਰ ਬਾਰ
ਥੋੜ੍ਹੀ ਥੋੜ੍ਹੀ ਮਰ ਜਾਂਦੀ ਹਾਂ...।

ਹੀਰ







# ਆਓ ਇਸ ਭਾਵਨਾ ਨਾਲ ਗੁਰੂ ਘਰ ਜਾਣਾ ਸ਼ੁਰੂ ਕਰੀਏ !



""ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ"

ਗੁਰੂ ਰਾਮਦਾਸ ਜੀ ਇਸ ਬਚਨ ਵਿੱਚ ਸਮਝਾਉਂਦੇ ਹਨ ਕਿ ਸਤਸੰਗਤ ਇਕ ਪਾਠਸ਼ਾਲਾ ਦੀ ਨਿਆਈ ਹੈ ਜਿਥੇ ਹਰੀ ਪਰਮਾਤਮਾ ਦੇ ਗੁਣ ਸਿਖਾਏ ਜਾਂਦੇ ਹਨ ਅੱਜ ਹੱਥਲੇ ਲੇਖ ਵਿੱਚ ਅਸੀਂ ਸਤਸੰਗਤ ਸਬੰਧੀ ਵਿਚਾਰ ਕਰਾਂਗੇ।

ਇਹ ਵਿਚਾਰ ਕਰਨੀ ਤਾਂ ਵੀ ਜਰੂਰੀ ਬਣਦੀ ਹੈ ਕਿਉਂਕਿ ਜਦੋਂ ਅਸੀਂ ਸਿੱਖ ਧਰਮ ਦੇ ਕੇਂਦਰੀ ਅਸਥਾਨ ਧਾਰਮਿਕ ਸਥਾਨ ਗੁਰਦੁਆਰਾ ਸਾਹਿਬਾਨ ਜਾ ਕੇ ਦੇਖਦੇ ਹਾਂ ਤੇ ਉੱਥੇ ਆਉਣ ਵਾਲੀ ਬਹੁ ਗਿਣਤੀ ਦੇ ਵਿੱਚ ਜੋ ਲੋਕ ਪਹੁੰਚਦੇ ਹਨ ਉਹਨਾਂ ਦੇ ਆਉਣ ਦੇ ਢੰਗ ਤਰੀਕੇ ਨੂੰ ਵੇਖਦੇ ਹਾਂ ਉਹ ਕੀ ਸੋਚ ਕੇ ਆ ਰਹੇ ਹਨ।

ਇੱਕ ਸਵਾਲ ਪੈਦਾ ਹੁੰਦਾ ਹੈ ਕੀ ਗੁਰਦੁਆਰਾ ਕੇਵਲ ਪੂਜਾ ਕੇਂਦਰ ਹੈ।

ਜਿਵੇਂ ਕਿ ਆਮ ਤੌਰ ਤੇ ਬਹੁ ਗਿਣਤੀ ਦੇ ਵਿੱਚ ਗੁਰਦੁਆਰਾ ਸਾਹਿਬ ਵਿਖੇ ਆਉਣ ਵਾਲੀ ਸੰਗਤ ਵੱਲੋਂ ਬਣਾ ਦਿੱਤਾ ਗਿਆ ਹੈ ਜੇਕਰ ਅਸੀਂ ਸਿਧਾਂਤਕ ਪੱਖ ਤੋਂ ਵੇਖਾਂਗੇ ਤਾਂ ਗੁਰਦੁਆਰਾ ਕੇਵਲ ਪੂਜਾ ਕੇਂਦਰ ਨਹੀਂ ਬਲਕਿ ਸਿਖਲਾਈ ਕੇਂਦਰ ਹੈ ਇੱਥੋਂ ਸਾਨੂੰ ਸਮਝ ਮਿਲਣੀ ਹੈ ਅਸੀਂ ਗੁਰੂ ਸਾਹਿਬ ਜੀ ਕੋਲ ਸਿੱਖਣਾ ਹੈ ਗੁਰੂ ਦੁਆਰੈ ਹੋਇ ਸੋਝੀ ਪਾਏ ਸੀ ਅਸੀਂ ਸਮਝ ਲੈਣੀ ਹੈ ਸੂਝ ਲੈਣੀ ਹੈ ਪਰ ਮਾਫ ਕਰਨਾ ਅਸੀਂ ਸਿੱਖਣ ਵਾਲਾ ਸਮਝਣ ਵਾਲਾ ਪੱਖ ਬਹੁ ਗਿਣਤੀ ਲੋਕਾਂ ਨੇ ਛੱਡ ਦਿੱਤਾ ਅਤੇ ਕੇਵਲ ਮੱਥਾ ਟੇਕਣ ਵਾਲਾ ਪੂਜਾ ਪਾਠ ਵਾਲਾ ਪੱਖ ਸਾਹਮਣੇ ਰੱਖਿਆ ਹੋਇਆ ਹੈ,ਅੱਜ ਬਹੁਗਿਣਤੀ ਦੀ ਸੋਚ ਇਹ ਬਣ ਗਈ ਹੈ ਨਵਾਂ ਮਹੀਨਾ ਚੜ੍ਹਿਆ ਹੈ ਤੇ ਅਸੀਂ ਗੁਰਦੁਆਰੇ ਜਾਣਾ ਜਾਂ ਐਤਵਾਰ ਵਾਲੇ ਦਿਨ ਗੁਰਦੁਆਰੇ ਜਾਣਾ ਜਾਂ ਨਵਾਂ ਸਾਲ ਆਰੰਭ ਹੋ ਰਿਹਾ ਹੈ ਤੇ ਅਸੀਂ ਗੁਰਦੁਆਰੇ ਜਾਣਾ !ਇਸੇ ਕਰਕੇ ਨਵੇਂ ਸਾਲ ਵਾਲੇ ਦਿਨ ਜਾਂ ਸੰਗਰਾਂਦ ਵਾਲੇ ਦਿਨ ਗੁਰਦੁਆਰਿਆਂ ਵਿੱਚ ਆਮ ਦਿਨਾਂ ਦੇ ਨਾਲੋਂ ਵੱਧ ਸੰਗਤ ਮਿਲਦੀ ਹੈ ਮੁੱਕਦੀ ਗੱਲ ਕਰੀਏ ਅੱਜ ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲੇ ਬਹੁ ਗਿਣਤੀ ਵਿੱਚ ਨਵੇਂ ਸਾਲ ਵਾਲੇ ਸਿੱਖ ਬਣ ਗਏ ਸੰਗਰਾਂਦੀਏ ਸਿੱਖ ਬਣ ਗਏ ਪੁੰਨਿਆਂ ਵਾਲੇ ਸਿੱਖ ਬਣ ਗਏ ਮੱਸਿਆ ਵਾਲੇ ਸਿੱਖ ਬਣ ਗਏ ਗੁਰਪੁਰਬ ਦਿਨ ਦਿਹਾੜੇ ਵਾਲੇ ਸਿੱਖ ਬਣ ਗਏ ਅਸੀਂ ਇਸ ਗੱਲ ਨੂੰ ਸਮਝ ਹੀ ਨਹੀਂ ਸਕੇ ਕਿ ਗੁਰੂ ਘਰ ਵੀ ਇੱਕ ਸਕੂਲ ਹੈ ਇੱਕ ਪਾਠਸ਼ਾਲਾ ਹੈ ਗੁਰੂ ਰਾਮਦਾਸ ਜੀ ਨੇ ਇਸੇ ਕਰਕੇ ਬਚਨ ਕੀਤਾ ਸੀ।

"ਸਤਸੰਗਤ ਸਤਿਗੁਰ ਚਟਸਾਲ ਹੈ ਜਿਤ ਹਰਿ ਗੁਣ ਸਿਖਾ"

ਪਾਠਸ਼ਾਲਾ ਦਾ ਸਕੂਲ ਦਾ ਇੱਕ ਨਿਯਮ ਹੁੰਦਾ ਹੈ ਕਿ ਬੱਚੇ ਨੂੰ ਹਰ ਰੋਜ਼ ਸਕੂਲ ਜਾਣਾ ਪੈਂਦਾ ਇਹ ਨਹੀਂ ਕਿ ਬੱਚਾ ਨਵੇਂ ਸਾਲ ਵਾਲੇ ਦਿਨ ਸਕੂਲ ਚਲੇ ਜਾਵੇ ਜਾਂ ਬੱਚਾ ਸੰਗਰਾਂਦ ਵਾਲੇ ਦਿਨ ਸਕੂਲ ਚਲੇ ਜਾਵੇ ਜਾਂ ਬੱਚਾ ਐਤਵਾਰ ਵਾਲੇ ਦਿਨ ਸਕੂਲ ਚਲੇ ਜਾਵੇ ਜਾਂ ਬੱਚਾ ਕਿਸੇ ਵਿਸ਼ੇਸ਼ ਦਿਨ ਤੇ ਸਕੂਲ ਚਲਾ ਜਾਵੇ !

ਵਿਦਿਆਰਥੀ ਜੇਕਰ ਰੋਜ ਸਕੂਲ ਨਾ ਜਾਵੇ ਤਾਂ ਫਿਰ ਉਸ ਬੱਚੇ ਨੂੰ ਪੜ੍ਹਾਈ ਨਹੀਂ ਆਉਂਦੀ ਉਸ ਬੱਚੇ ਦਾ ਨਾਮ ਵੀ ਸਕੂਲ ਤੋਂ ਕੱਢ ਦਿੱਤਾ ਜਾਂਦਾ ਹੈ।

ਸੋ ਸਾਨੂੰ ਵੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦਾ ਹੁਕਮ ਹੈ।

ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ਪਾਵਨ ਗ੍ਰੰਥ ਸਾਹਿਬ ਜੀ ਦੀ ਬਾਣੀ ਰੋਜ਼ ਪੜ੍ਹਨੀ ਹੈ ਸਤਿਗੁਰ ਜੀ ਦਰਸ਼ਨ ਰੋਜ ਕਰਨੇ ਹਨ ਗੁਰੂ ਘਰ ਦੀ ਹਾਜਰੀ ਰੋਜਾਨਾ ਦੀ ਆਪਾਂ ਯਕੀਨੀ ਬਣਾਉਣੀ ਹੈ ਅਤੇ ਹਰ ਰੋਜ਼ ਸਤਿਗੁਰ ਜੀ ਪਾਸੋਂ ਕੁਝ ਨਾ ਕੁਝ ਸਿੱਖਣ ਦੀ ਕੋਸ਼ਿਸ਼ ਕਰਨੀ ਹੈ ਕਿਉਂਕਿ ਅਸੀਂ ਸਿੱਖ ਹਾਂ।

ਧਰਮ ਸਥਾਨਾਂ ਤੇ ਗੁਰਦੁਆਰਿਆਂ ਵਿੱਚ ਇੱਕ ਚੀਜ਼ ਹੋਰ ਵੇਖਣ ਨੂੰ ਮਿਲਦੀ ਹੈ ਦੀਵਾਨ ਚੱਲ ਰਿਹਾ ਹੁੰਦਾ ਕਥਾ ਕੀਰਤਨ ਦਾ ਪ੍ਰਵਾਹ ਚੱਲ ਰਿਹਾ ਹੁੰਦਾ ਹੈ ਉਸ ਵੇਲੇ ਕਈ ਸਰੀਰ ਗੁਟਕੇ ਸਾਹਿਬ ਲੈ ਕੇ ਆਪ ਪਾਠ ਕਰ ਰਹੇ ਹੁੰਦੇ ਹਨ !

ਚਲਦੇ ਦੀਵਾਨ ਦੇ ਵਿੱਚ ਅਸੀਂ ਆਪਣਾ ਨਿੱਜੀ ਪਾਠ ਕਰਨ ਲੱਗ ਪੈਂਦੇ ਹਾਂ ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਸਾਡਾ ਬੱਚਾ ਸਕੂਲ ਵਿੱਚ ਪੜ੍ਹਦਾ ਇਤਿਹਾਸ ਦਾ ਟੀਚਰ ਕੰਮ ਸਮਝਾ ਰਿਹਾ ਤੇ ਉਸ ਵੇਲੇ ਕੋਈ ਬੱਚਾ ਪੰਜਾਬੀ ਜਾਂ ਇੰਗਲਿਸ਼ ਦੀ ਕਿਤਾਬ ਕੱਢ ਕੇ ਪੜਨ ਲੱਗ ਪਵੇ ਟੀਚਰ ਵੱਲ ਧਿਆਨ ਨਾ ਦੇਵੇ ਤਾਂ ਉਸ ਬੱਚੇ ਨੂੰ ਪੜ੍ਹਾਈ ਨਹੀਂ ਆਵੇਗੀ ਹਾਂ ਜਦੋਂ ਟੀਚਰ ਕਲਾਸ ਵਿੱਚ ਨਹੀਂ ਹੈ ਉਸ ਸਮੇਂ ਬੱਚਾ ਕੋਈ ਵੀ ਸੈਲਫ ਸਟੱਡੀ ਕਰ ਸਕਦਾ ਹੈ ਇਸੇ ਤਰੀਕੇ ਦੇ ਨਾਲ ਜਦੋਂ ਅਸੀਂ ਗੁਰਦੁਆਰਾ ਸਾਹਿਬ ਜਾਂਦੇ ਹਾਂ ਸੰਗਤ ਕਰਦੇ ਹਾਂ ਜੋ ਪ੍ਰਵਾਹ ਉਥੇ ਬਾਣੀ ਦਾ ਚਲ ਰਿਹਾ ਹੈ ਸਾਨੂੰ ਉਸ ਨੂੰ ਸੁਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਸੀਂ ਉਸ ਨੂੰ ਸਮਝਣ ਦੀ ਕੋਸ਼ਿਸ਼ ਕਰੀਏ।

ਨਾ ਕਿ ਆਪਣਾ ਗੁਟਕਾ ਸਾਹਿਬ ਲੈ ਕੇ ਆਪਾਂ ਪਾਠ ਕਰਨਾ ਸ਼ੁਰੂ ਕਰ ਦੇਈਏ। ਸੋ ਆਓ ਆਪਾਂ ਸਾਰੇ ਗੁਰੂ ਸਾਹਿਬ ਜੀ ਦੇ ਇਸ ਸਿਧਾਂਤ ਨੂੰ ਸਮਝੀਏ ਅਤੇ ਆਪਣੇ ਨਜ਼ਦੀਕੀ ਗੁਰੂ ਘਰ ਵਿਖੇ ਰੋਜ਼ਾਨਾ ਦੀ ਹਾਜ਼ਰੀ ਭਰਨ ਦੀ ਕੋਸ਼ਿਸ਼ ਕਰੀਏ ਹਰ ਰੋਜ ਗੁਰਬਾਣੀ ਦੇ ਨਾਲ ਸਾਂਝ ਪਾਈਏ ਆਪਣੇ ਬੱਚਿਆਂ ਨੂੰ ਗੁਰਬਾਣੀ ਗੁਰ ਇਤਿਹਾਸ ਤੋਂ ਜਾਣੂ ਕਰਾਈਏ ਅਤੇ ਜੋ ਗੁਰਬਾਣੀ ਸਾਨੂੰ ਪਿਆਰ ਬਖਸ਼ਦੀ ਹੈ ਆਪ ਜਪਹੁ ਅਵਰਾ ਨਾਮ ਜਪਾਵੋ ਇਹ ਸਾਡੀ ਸਾਰਿਆਂ ਦੀ ਜਿੰਮੇਵਾਰੀ ਬਣ ਜਾਂਦੀ ਹੈ ਅਸੀਂ ਸਾਰੇ ਗੁਰੂ ਨਾਨਕ ਸਾਹਿਬ ਦੇ ਘਰ ਦੇ ਪ੍ਰਚਾਰਕ ਹਾਂ ਸੋ ਗੁਰੂ ਸਾਹਿਬ ਦੀ ਵਿਚਾਰਧਾਰਾ ਘਰ ਘਰ ਪਹੁੰਚ ਸਕੇ ਜਿਸ ਨੂੰ ਭਾਈ ਗੁਰਦਾਸ ਜੀ ਘਰ ਘਰ ਅੰਦਰ ਧਰਮਸ਼ਾਲ ਹੋਵੈ ਕੀਰਤਨ ਸਦਾ ਵਿਸੋਆ ਆਖਦੇ ਹਨ ਤੇ ਸਾਨੂੰ ਗੁਰੂ ਕੀ ਅਸੀਸ ਪ੍ਰਾਪਤ ਹੋਵੇਗੀ ਗੁਰੂ ਸਾਹਿਬ ਦੀ ਖੁਸ਼ੀ ਮਿਲੇਗੀ !

ਅਖੀਰ ਵਿੱਚ ਇੱਕ ਬੇਨਤੀ ਕਰਕੇ ਇਸ ਲੇਖ ਨੂੰ ਸਮਾਪਤ ਕਰਦਾ ਹਾਂ 20 ਅੰਗਰੇਜੀ ਸਾਲ ਬਤੀਤ ਹੋਇਆ ਹੈ 26 ਦਾ ਸਾਲ ਚੜ੍ਹਿਆ ਹੈ ਜੇਕਰ ਅਸੀਂ ਗੁਰਬਾਣੀ ਦੀ ਗੱਲ ਕਰਾਂਗੇ ਤੇ ਗੁਰਬਾਣੀ ਕਹਿੰਦੀ ਹੈ।

ਸੋਈ ਚੰਦ ਚੜਹਿ ਸੇ ਤਾਰੇ ਸੋਈ ਦਿਨੀਅਰ ਤਪਤੁ ਰਹੈ।

ਉਹੀ ਚੰਦ ਚੜਨਾ ਹੈ ਉਹੀ ਤਾਰੇ ਚੜਨੇ ਹਨ ਓਹੀ ਸੂਰਜ ਤਪਣਾ ਉਹੀ ਰਾਤ ਹੋਣੀ ਹੈ ਉਹੀ ਤਾਰੇ ਹੋਣਗੇ !

ਅਸੀਂ ਇੱਕ ਦੂਜੇ ਨੂੰ ਕੇਵਲ ਨਵੇਂ ਸਾਲ ਦੀਆਂ ਵਧਾਈਆਂ ਹੀ ਨਾ ਦਈਏ ਬਲਕਿ ਅਸੀਂ ਆਪਣੇ ਜੀਵਨ ਦੇ ਵਿੱਚ ਇੱਕ ਨਵੀਂ ਊਰਜਾ ਲੈ ਕੇ ਆਈਏ ਆਪਣੇ ਜੀਵਨ ਵਿੱਚ ਪਰਮਾਤਮਾ ਦੇ ਨਵੇਂ ਗੁਣ ਧਾਰਨ ਕਰਨ ਦੀ ਕੋਸ਼ਿਸ਼ ਕਰੀਏ ਪਰਮਾਤਮਾ ਦੇ ਗੁਣ ਗੁਰੂ ਸਾਹਿਬ ਜੀ ਸਾਨੂੰ ਦੱਸਦੇ ਹਨ ਤੇ ਉਹਦੇ ਵਾਸਤੇ ਫਿਰ ਸਾਨੂੰ ਰੋਜ਼ਾਨਾ ਗੁਰੂ ਸਾਹਿਬ ਜੀ ਦੇ ਕੋਲ ਸਿੱਖਣ ਦੀ ਭਾਵਨਾ ਲੈ ਕੇ ਬੈਠਣਾ ਪਵੇਗਾ।



ਕਥਾਵਾਚਕ ਜੈਦੀਪ ਸਿੰਘ ਫਗਵਾੜਾ
98883-86233

# ਭਾਵੁਕ ਬੰਦਿਆ !



ਤੂੰ ਜਿਨ੍ਹਾਂ ਲਈ ਜਿੰਦੜੀ ਗਾਲੇਂ,
ਜਿਹਨਾਂ ਤੋਂ ਤੂੰ ਮੋਹ ਪਿਆ ਭਾਲੇਂ,
ਜਿਨ੍ਹਾਂ ਲਈ ਕੰਮ ਅਪਣੇ ਟਾਲੇਂ,
ਆਖਣਗੇ ਤੂੰ ਬਹੁਤ ਸਿਆਣਾ,
ਪੱਲੇ ਉਹਨਾਂ ਕੁਝ ਨਾ ਪਾਉਣਾ,
ਉਹਨਾਂ ਤੈਨੂੰ ਵਰਤੀ ਜਾਣਾ,
ਤੇਰੀ ਪਿੱਠ ਤੇ ਵਾਹਵਾ ਹੱਸਦੇ,
ਨਿਰਾ ਨਿਕੰਮਾ ਤੈਨੂੰ ਦੱਸਦੇ,
ਸੱਪਾਂ ਵਾਂਗੂੰ ਤੈਨੂੰ ਡੱਸਦੇ,
ਸ਼ਬਦ ਜਾਲ ਉਹ ਪਾਈ ਜਾਂਦੇ,
ਨਿੱਤ ਤੈਨੂੰ ਉਲਝਾਈ ਜਾਂਦੇ,
ਅਪਣਾ ਡੰਗ ਟਪਾਈ ਜਾਂਦੇ,
ਉਸ ਵੇਲ਼ੇ ਤੂੰ ਫੁੱਟ-ਫੁੱਟ ਰੋਣਾ,
ਰੂਹ ਤੇਰੀ ਨੇ ਭਾਰ ਹੀ ਢੋਣਾ,
ਜਦ ਵੀ ਤੈਨੂੰ ਚਾਨਣ ਹੋਣਾ,
'ਕੱਲਾ ਹੀ ਰਹਿ ਜਾਵੇਂਗਾ ਤੂੰ,
ਉਸ ਵੇਲੇ ਪਛਤਾਵੇਂਗਾ ਤੂੰ,
ਗ਼ਮ ਨੂੰ ਕਿਵੇਂ ਭੁਲਾਵੇਂਗਾ ਤੂੰ,
ਵਗਦੇ ਨਿਰਮਲ ਨੀਰ ਜਿਹਾ ਤੂੰ,
ਸੋਹਣੀ ਜਿਹੀ ਤਕਦੀਰ ਜਿਹਾ ਤੂੰ,
ਮੇਰੇ ਨਿੱਕੜੇ ਵੀਰ ਜਿਹਾ ਤੂੰ,
ਦੇਖ-ਪਰਖ ਕੇ ਯਾਰੀ ਲਾਵੀਂ,
ਹਰ ਇਕ 'ਤੇ ਨਾ ਡੁੱਲ- ਡੁੱਲ ਜਾਵੀਂ,
ਰੱਜ-ਰੱਜ ਹੱਸੀਂ,ਖੇਡੀਂ,ਖਾਵੀਂ,
ਭਾਵੁਕ ਬੰਦਿਆ ! ਖ਼ਤਾ ਨਾ ਖਾਵੀਂ।

– ਗੁਰਚਰਨ ਸਿੰਘ 'ਜੋਗੀ'

# ਟੀ.ਪੀ.ਏ.ਆਰ.ਕਲੱਬ ਨੇ ਕ੍ਰਿਸਮਸ ਪਾਰਟੀ ਤੇ ਸਲਾਨਾ ਸਮਾਗਮ ਸਾਂਝੇ ਮਨਾਏ

## * ਕਈ ਸਿਆਸੀ ਤੇ ਸਮਾਜਿਕ ਸ਼ਖ਼ਸੀਅਤਾਂ ਨੇ ਕੀਤੀ ਸ਼ਿਰਕਤ * ਤੇਜ਼-ਤਰਾਰ ਮੈਰਾਥਨ ਦੌੜਾਕਾਂ ਤੇ ਵਾਲੰਟੀਅਰਾਂ ਨੂੰ ਕੀਤਾ ਗਿਆ ਸਨਮਾਨਿਤ














ਬਰੈਂਪਟਨ, (ਡਾ.ਝੰਡ) - ਲੰਘੇ ਸ਼ਨੀਵਾਰ 13 ਦਸੰਬਰ ਵੱਲੋਂ 'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ' (ਟੀ.ਪੀ.ਏ.ਆਰ.ਕਲੱਬ) ਨੇ ਕ੍ਰਿਸਮਸ ਪਾਰਟੀ ਅਤੇ ਸਲਾਨਾ ਸਮਾਗ਼ਮ ਨੂੰ ਸਾਂਝੇ ਤੌਰ 'ਤੇ ਬਰੈਂਪਟਨ ਸਥਿਤ 'ਸਤਿਕਾਰ ਬੈਂਕੁਇਟ ਹਾਲ' ਵਿੱਚ ਮਨਾਇਆ ਗਿਆ। ਸ਼ਾਮ ਦੇ ਸੱਤ ਵਜੇ ਆਰੰਭ ਹੋਇਆ ਇਹ ਸਮਾਗ਼ਮ ਰਾਤ ਦੇ 11.00 ਵਜੇ ਤੱਕ ਚੱਲਿਆ। ਕਲੱਬ ਦੇ ਮੈਂਬਰਾਂ ਤੇ ਸਪੌਂਸਰਾਂ ਤੋਂ ਇਲਾਵਾ ਇਸ ਸਮਾਗ਼ਮ ਵਿੱਚ ਓਨਟਾਰੀਓ ਪ੍ਰੋਵਿੰਸ ਦੇ ਐੱਮ.ਪੀ.ਪੀਜ਼. ਅਮਰਜੋਤ ਸਿੰਘ ਸੰਧੂ ਤੇ ਹਰਦੀਪ ਸਿੰਘ ਗਰੇਵਾਲ, ਬਰੈਂਪਟਨ ਸਿਟੀ ਕੌਂਸਲ ਦੇ ਡਿਪਟੀ ਮੇਅਰ ਹਰਕੀਰਤ ਸਿੰਘ, ਰੀਜਨਲ ਕੌਂਸਲਰ ਗੁਰਪ੍ਰਤਾਪ ਸਿੰਘ ਤੂਰ ਅਤੇ ਸਕੂਲ-ਟਰੱਸਟੀ, ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ ਡਿਪਟੀ ਚੇਅਰਪਰਸਨ ਸਤਪਾਲ ਸਿੰਘ ਜੌਹਲ, ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਆਫ਼ ਬਰੈਂਪਟਨ ਜੰਗੀਰ ਸੈਂਹਬੀ ਤੇ ਕਈ ਹੋਰ ਸਮਾਜਿਕ ਸ਼ਖ਼ਸੀਅਤਾਂ ਵੱਲੋਂ ਭਰਪੂਰ ਸ਼ਮੂਲੀਅਤ ਕੀਤੀ ਗਈ। ਮੈਂਬਰਾਂ ਤੇ ਮਹਿਮਾਨਾਂ ਵੱਲੋਂ ਸਨੈਕਸ ਵਗ਼ੈਰਾ ਲੈਣ ਤੋਂ ਬਾਅਦ ਲੱਗਭੱਗ ਸੱਤ ਵਜੇ ਕਲੱਬ ਦੇ ਸਰਗ਼ਰਮ ਮੈਂਬਰ ਮਨਜੀਤ ਸਿੰਘ ਨੋਟਾ ਵੱਲੋਂ ਕਲੱਬ ਦੇ ਸਮੂਹ ਮੈਂਬਰਾਂ ਤੇ ਮਹਿਮਾਨਾਂ ਨੂੰ 'ਜੀ-ਆਇਆਂ' ਕਹਿੰਦਿਆਂ ਹੋਇਆਂ ਸਮਾਗ਼ਮ ਦੀ ਰੂਪ-ਰੇਖਾ ਬਾਰੇ ਦੱਸਿਆ ਗਿਆ। ਨਾਲ ਹੀ ਉਨ੍ਹਾਂ ਵੱਲੋਂ ਜਸਵਿੰਦਰ ਉਰਫ਼ ਜੱਸੀ ਧਾਲੀਵਾਲ ਨੂੰ ਮੰਚ-ਸੰਚਾਲਕ ਵਜੋਂ ਸਮਾਗ਼ਮ ਦੀ ਕਾਰਵਾਈ ਚਲਾਉਣ ਲਈ ਬੇਨਤੀ ਕੀਤੀ ਗਈ, ਜਿਨ੍ਹਾਂ ਨੇ ਸੱਭ ਤੋਂ ਪਹਿਲਾਂ ਕਲੱਬ ਦੀ ਚੁਣੀ ਗਈ ਨਵੀਂ ਕਾਰਜਕਾਰਨੀ ਕਮੇਟੀ ਦੇ ਅਹੁਦੇਦਾਰਾਂ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਅਤੇ ਉਨ੍ਹਾਂ ਦੀ ਜਾਣ-ਪਛਾਣ ਸਰੋਤਿਆਂ ਨਾਲ ਕਰਵਾਈ।

ਕਲੱਬ ਦੇ ਨਵੇਂ ਚੁਣੇ ਗਏ ਪ੍ਰਧਾਨ ਸੁਰਿੰਦਰ ਸਿੰਘ ਨਾਗਰਾ ਏਹਨੀਂ ਦਿਨੀਂ ਪੰਜਾਬ ਗਏ ਹੋਣ ਕਾਰਨ ਇਹ ਸਮਾਗ਼ਮ ਉਪ-ਪ੍ਰਧਾਨ ਪਰਮਿੰਦਰ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਚੱਲਿਆ। ਉਨ੍ਹਾਂ 81 ਸਾਲਾ ਇੰਜੀ. ਈਸ਼ਰ ਸਿੰਘ ਚਾਹਲ, ਜੋ ਇਸ ਕਲੱਬ ਦੇ ਸੱਭ ਤੋਂ ਸੀਨੀਅਰ ਮੈਂਬਰ ਹਨ, ਨੂੰ ਕਲੱਬ ਵੱਲੋਂ ਸਰਪ੍ਰਸਤ ਬਣਨ 'ਤੇ ਹਾਰਦਿਕ ਵਧਾਈ ਦਿੰਦਿਆਂ ਕਿਹਾ ਕਿ ਕਲੱਬ ਉਨ੍ਹਾਂ ਦੀ ਅਗਵਾਈ ਹੇਠ ਅੱਗੋਂ ਹੋਰ ਬੁਲੰਦੀਆਂ ਨੂੰ ਛੂਹੇਗੀ। ਇਸ ਦੇ ਨਾਲ ਹੀ ਕਲੱਬ ਦੇ ਨਵੇਂ ਮੈਂਬਰਾਂ ਦਾ ਸੁਆਗ਼ਤ ਕਰਦਿਆਂ ਹੋਇਆਂ ਉਨ੍ਹਾਂ ਕਲੱਬ ਦੇ ਮੈਂਬਰਾਂ ਦੀਆਂ ਵਿਸ਼ੇਸ਼ ਪ੍ਰਾਪਤੀਆਂ ਬਾਰੇ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ। ਇਸ ਦੌਰਾਨ ਤੇਜ਼-ਤਰਾਰ ਮੈਰਾਥਨ ਦੌੜਾਕਾਂ ਜਸਵੀਰ ਸਿੰਘ ਖਹਿਰਾ ਤੇ ਜਸਵਿੰਦਰ ਧਾਲੀਵਾਲ ਨੂੰ 'ਫੁੱਲ ਮੈਰਾਥਨ' ਵਿਚ ਵਧੀਆ ਕਾਰਗ਼ੁਜ਼ਾਰੀ ਵਿਖਾਉਣ (ਸਮਾਂ: ਕ੍ਰਮਵਾਰ ਪੂਰੇ ਤਿੰਨ ਘੰਟੇ ਤੇ 3 ਘੰਟੇ 48 ਮਿੰਟ 27 ਸਕਿੰਟ) ਅਤੇ ਸੂਰਤ ਸਿੰਘ ਚਾਹਲ ਨੂੰ 'ਸਿਕਸ-ਸਟਾਰ ਮੈਰਾਥਨ ਇੰਟਰਨੈਸ਼ਨਲ' ਪੂਰੇ ਕਰਨ ਅਤੇ ਫੁੱਲ ਮੈਰਾਥਨ 3 ਘੰਟੇ 10 ਮਿੰਟ ਵਿੱਚ ਲਗਾਉਣ ਲਈ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਕਲੱਬ ਦੇ ਵਾਲੰਟੀਅਰਾਂ ਰਾਕੇਸ਼ ਕੁਮਾਰ, ਸੁਖਦੇਵ ਸਿਧਵਾਂ ਤੇ ਤਜਿੰਦਰ ਗਰੇਵਾਲ ਨੂੰ ਵੀ ਸਨਮਾਨਿਤ ਕੀਤਾ ਗਿਆ। ਉਪਰੰਤ, ਮੰਚ-ਸੰਚਾਲਕ ਵੱਲੋਂ ਐੱਮ.ਪੀ.ਪੀ. ਅਮਰਜੋਤ ਸੰਧੂ ਨੂੰ ਮੰਚ 'ਤੇ ਆਉਣ ਲਈ ਬੇਨਤੀ ਕੀਤੀ ਗਈ, ਜਿਨ੍ਹਾਂ ਨੇ ਕਲੱਬ ਦੀ ਸ਼ਾਨਦਾਰ ਕਾਰਗ਼ੁਜ਼ਾਰੀ ਲਈ ਇਸ ਨੂੰ ਵਧਾਈ ਦਿੰਦਿਆਂ ਹੋਇਆਂ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ। ਉਨ੍ਹਾ ਕਿਹਾ ਕਿ ਓਨਟਾਰੀਓ ਪ੍ਰੋਵਿੰਸ਼ੀਅਲ ਅਸੈਂਬਲੀ ਇਸ ਕਲੱਬ ਦੇ ਸਰਗਰਮ ਮੈਂਬਰ ਹਰਜੀਤ ਸਿੰਘ 'ਆਇਰਨਮੈਨ' ਨੂੰ ਸਨਮਾਨਿਤ ਕਰਕੇ ਬੇਹੱਦ ਮਾਣ ਮਹਿਸੂਸ ਕਰ ਰਹੀ ਹੈ। ਐੱਮ.ਪੀ.ਪੀ. ਹਰਦੀਪ ਗਰੇਵਾਲ ਨੇ ਕਲੱਬ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਹ ਕਲੱਬ ਪਿਛਲੇ 10-12 ਸਾਲ ਤੋਂ ਸਿਹਤ ਸਬੰਧੀ ਜਾਗਰੂਕਤਾ ਲਈ ਬੜਾ ਵੱਡਾ ਯੋਗਦਾਨ ਪਾ ਰਹੀ ਹੈ। ਕਲੱਬ ਦੇ ਮੈਂਬਰ ਵੱਖ-ਵੱਖ ਦੌੜਾਂ ਅਤੇ ਹੋਰ ਸਮਾਜਿਕ ਗਤੀਵਿਧੀਆਂ ਵਿੱਚ ਸ਼ਾਮਲ ਹੋ ਕੇ ਬਹੁਤ ਸਾਰੇ ਲੋਕਾਂ ਲਈ ਪ੍ਰੇਰਨਾ ਦਾ ਸਰੋਤ ਬਣ ਰਹੇ ਹਨ।

ਬਰੈਂਪਟਨ ਸਿਟੀ ਕੌਂਸਲ ਦੇ ਡਿਪਟੀ ਮੇਅਰ ਹਰਕੀਰਤ ਸਿੰਘ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਇਹ ਕਲੱਬ ਸਮਾਜਿਕ ਜੀਵਨ ਵਿੱਚ ਨਵੇਂ ਕੀਰਤੀਮਾਨ ਸਥਾਪਿਤ ਕਰ ਰਹੀ ਹੈ। ਬਰੈਂਮਟਨ ਸਿਟੀ ਦੇ ਸਹਿਯੋਗ ਨਾਲ ਕਰਵਾਈ ਗਈ 'ਬਰੈਂਪਟਨ ਹਾਫ਼-ਮੈਰਾਥਨ ਈਵੈਂਟ' ਦਾ ਹਵਾਲਾ ਦਿੰਦਿਆਂ ਹੋਇਆਂ ਉਨ੍ਹਾਂ ਕਿਹਾ ਕਿ ਇਸ ਵਿੱਚ ਹਜ਼ਾਰਾਂ ਦੌੜਾਕਾਂ ਤੇ ਪੈਦਲ-ਚਾਲਕਾਂ ਨੇ ਹਿੱਸਾ ਲਿਆ ਜੋ ਬੜਾ ਸ਼ਲਾਘਾਯੋਗ ਕਦਮ ਹੈ। ਉਨ੍ਹਾਂ ਸਿਟੀ ਵੱਲੋਂ ਕਲੱਬ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦੀ ਗੱਲ ਕੀਤੀ। ਰੀਜਨਲ ਕੌਂਸਲਰ ਗੁਰਪ੍ਰਤਾਪ ਸਿੰਘ ਤੂਰ ਨੇ ਕਿਹਾ ਕਿ ਕਲੱਬ ਦੀਆਂ ਸਰਗਰਮੀਆਂ ਅਤੀ ਸ਼ਲਾਘਾਯੋਗ ਹਨ। ਇਹ ਬਰੈਂਪਟਨ-ਵਾਸੀਆਂ ਲਈ ਸਿਹਤ ਸਬੰਧੀ ਜਾਗਰੂਕਤਾ ਦਾ ਸ਼ਾਨਦਾਰ ਹੋਕਾ ਦਿੰਦੀ ਹੈ ਅਤੇ ਉਨ੍ਹਾਂ ਨੂੰ ਆਪਣੇ ਆਪ ਨੂੰ ਅਰੋਗ ਤੇ ਚੁਸਤ-ਦਰੁੱਸਤ ਰੱਖਣ ਲਈ ਪ੍ਰੇਰਿਤ ਕਰਦੀ ਹੈ। ਪੀਲ ਡਿਸਟ੍ਰਿਕਟ ਸਕੂਲ ਦੇ ਡਿਪਟੀ ਚੇਅਰ ਤੇ ਵਾਰਡ ਨੰਬਰ 9-10 ਦੇ ਸਕੂਲ ਟਰੱਸਟੀ ਸਤਪਾਲ ਸਿੰਘ ਜੌਹਲ ਵੱਲੋਂ ਆਪਣੇ ਸੰਬੋਧਨ ਦੌਰਾਨ ਸਕੂਲੀ ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ ਲਈ ਖੇਡਾਂ ਵਿੱਚ ਭਾਗ ਲੈਣ ਦੀ ਅਹਿਮੀਅਤ ਉੱਪਰ ਵੀ ਜ਼ੋਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਬਰੈਂਪਟਨ ਦੇ ਕੁਝ ਸਕੂਲਾਂ ਵਿੱਚ ਇਸ ਸਾਲ ਪਹਿਲੀ ਵਾਰ ਵਿਦਿਆਰਥੀਆਂ ਦੇ ਕਬੱਡੀ ਦੇ ਮੈਚ ਕਰਵਾਉਣ ਤੋਂ ਬਾਅਦ ਉਨ੍ਹਾਂ ਨੂੰ ਸਨਮਾਨਿਤ ਕਰਕੇ ਉਤਸ਼ਾਹਿਤ ਕੀਤਾ ਗਿਆ ਅਤੇ ਇਸ ਦੇ ਨਾਲ ਹੀ ਸਕੂਲਾਂ ਵਿੱਚ ਭੰਗੜੇ ਦੀਆਂ ਟੀਮਾਂ ਦੇ ਮੁਕਾਬਲੇ ਵੀ ਕਰਵਾਏ ਗਏ ਹਨ, ਜਿਨ੍ਹਾਂ ਵਿੱਚ ਵਿਦਿਆਰਥੀਆਂ ਨੇ ਬੜੇ ਸ਼ੌਕ ਨਾਲ ਭਾਗ ਲਿਆ ਹੈ। ਕਲੱਬ ਦੇ ਸਰਗਰਮ ਮੈਂਬਰ ਨਰਿੰਦਰਪਾਲ ਬੈਂਸ ਕਲੱਬ ਦੇ ਇਤਿਹਾਸ ਅਤੇ ਇਸ ਦੀ ਕਾਰਗੁਜ਼ਾਰੀ ਨੂੰ ਸੰਖੇਪ ਵਿੱਚ ਦੱਸਦਿਆਂ ਹੋਇਆਂ ਕਿਹਾ ਕਿ ਕਲੱਬ ਦੇ ਥੋੜ੍ਹੇ ਹੀ ਸਮੇਂ ਵਿੱਚ ਵੱਡੀਆਂ ਮੱਲਾਂ ਮਾਰੀਆਂ ਹਨ ਅਤੇ ਇਸ ਤਰ੍ਹਾਂ ਆਪਣਾ ਨਾਂ ਨਾਮਵਰ ਖੇਡ-ਕਲੱਬਾਂ ਵਿੱਚ ਦਰਜ ਕਰਵਾ ਲਿਆ ਹੈ। ਇਸ ਦੇ ਮੈਂਬਰ ਵੱਖ-ਵੱਖ ਸ਼ਹਿਰਾਂ ਵਿੱਚ ਹੋਣ ਵਾਲੇ ਦੌੜਾਂ ਦੇ ਈਵੈਂਟਾਂ ਵਿੱਚ ਸ਼ਾਮਲ ਹੁੰਦੇ ਹਨ ਅਤੇ ਇਨ੍ਹਾਂ ਵਿੱਚ ਵਧੀਆ ਸਥਾਨਾਂ 'ਤੇ ਆਉਂਦੇ ਹਨ। ਇਸ ਦੀ ਪ੍ਰੋੜ੍ਹਤਾ ਕਰਦਿਆਂ ਹੋਇਆਂ ਕਲੱਬ ਦੇ ਮੈਂਬਰ ਡਾ. ਸੁਖਦੇਵ ਸਿੰਘ ਝੰਡ ਨੇ ਕਿਹਾ ਕਿ 2012 ਵਿੱਚ 5-6 ਜਣਿਆਂ ਨੇ ਇਕੱਠੇ ਦੌੜਨਾ ਸ਼ੁਰੂ ਕੀਤਾ ਸੀ, ਜਿਸ ਨੂੰ ਨਿਯਮਤ ਰੂਪ ਵਿੱਚ ਸ਼ਨੀਵਾਰ ਤੇ ਐਤਵਾਰ ਦੌੜਦਿਆਂ ਹੋਇਆਂ ਉਸ ਤੋਂ ਅਗਲੇ ਸਾਲ 2013 ਵਿੱਚ ਇਹ ਕਲੱਬ ਹੋਂਦ 'ਚ ਆ ਗਈ ਜੋ ਹੁਣ 100 ਤੋਂ ਵੀ ਵਧੇਰੇ ਮੈਂਬਰਾਂ ਦੇ ਵੱਡੇ ਕਾਫ਼ਲੇ ਦੇ ਰੂਪ ਵਿੱਚ ਕੇਵਲ ਬਰੈਂਪਟਨ ਦੇ ਆਸ-ਪਾਸ ਦੇ ਸ਼ਹਿਰਾਂ 'ਚ ਹੀ ਨਹੀਂ, ਸਗੋਂ ਜੀਟੀਏ ਦੇ ਦੂਰ-ਦੁਰੇਢੇ ਦੇ ਸ਼ਹਿਰਾਂ ਵਿੱਚ ਵੀ ਵਧੀਆ ਕਾਰਗੁਜ਼ਾਰੀ ਦਾ ਪ੍ਰਦਰਸ਼ਨ ਕਰ ਰਹੀ ਹੈ। ਉਨ੍ਹਾਂ ਕਲੱਬ ਦੇ ਨਵ-ਨਿਯੁੱਕਤ ਸਰਪ੍ਰਸਤ ਇੰਜੀ. ਈਸ਼ਰ ਸਿੰਘ ਹੋਰਾਂ ਦੀ ਸ਼ਖ਼ਸੀਅਤ, ਉਨ੍ਹਾਂ ਦੇ ਪੰਜਾਬ ਦੇ ਪਿਛੋਕੜ ਅਤੇ ਸਭਾ ਦੇ ਸੱਭ ਤੋਂ ਉਚੇਰੇ ਇਸ 'ਪਦ' ਲਈ ਯੋਗ ਵਿਅੱਕਤੀ ਦੀ ਸਹੀ ਚੋਣ ਬਾਰੇ ਵੀ ਗੱਲ ਕੀਤੀ। ਇਸ ਮੌਕੇ 'ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਆਫ਼ ਬਰੈਂਪਟਨ' ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ, 'ਗਰੈਟਰ ਟੋਰਾਂਟੋ ਮੌਰਟਗੇਜ' ਦੇ ਮੁੱਖ-ਸੰਚਾਲਕ ਤੇ ਉੱਘੇ ਨਾਟ-ਕਰਮੀ ਬਲਜਿੰਦਰ ਲੇਲਣਾ ਅਤੇ ਕਲੱਬ ਦੇ ਮੈਂਬਰਾਂ, ਜਸਵੀਰ ਸਿੰਘ ਪਾਸੀ, ਕਰਮਜੀਤ ਗਿੱਲ, ਅਰੁਨ ਗੁਪਤਾ ਤੇ ਜੱਸੀ ਭੁੱਲਰ ਵੱਲੋਂ ਵੀ ਮੈਂਬਰਾਂ ਨੂੰ ਸੰਬੋਧਨ ਕੀਤਾ ਗਿਆ। ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਕਲੱਬ ਦੇ ਸਰਪ੍ਰਸਤ ਇੰਜੀ. ਈਸ਼ਰ ਸਿੰਘ ਵੱਲੋਂ ਇਹ ਮਾਣ ਬਖ਼ਸ਼ਣ ਲਈ ਕਲੱਬ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਪ੍ਰੋਗਰਾਮ ਨੂੰ ਸੰਖੇਪ-ਰੂਪ ਦਿੰਦੇ ਹੋਏ ਕਲੱਬ ਦੇ ਸਪਾਂਸਰਾਂ ਤੇ ਵਾਲੰਟੀਅਰਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਸੱਭਨਾਂ ਦੇ ਸਹਿਯੋਗ ਸਦਕਾ ਹੀ ਇਹ ਕਲੱਬ ਸਿਹਤ ਆਰੋਗਤਾ ਦਾ ਸੁਨੇਹਾ ਦਿੰਦੀ ਹੋਈ ਤੇਜ਼ੀ ਨਾਲ ਅੱਗੇ ਵੱਧ ਰਹੀ ਹੈ। ਉਨ੍ਹਾਂ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਇਸ ਸੁਚੱਜੇ ਸਮਾਗ਼ਮ ਲਈ ਵਿਸ਼ੇਸ਼ ਧੰਨਵਾਦ ਕੀਤਾ। ਮੰਚ ਦਾ ਸੰਚਾਲਨ ਜੱਸੀ ਧਾਲੀਵਾਲ ਵੱਲੋਂ ਪ੍ਰੋਫ਼ੈਸ਼ਨਲ ਢੰਗ ਨਾਲ ਬਾਖ਼ੂਬੀ ਕੀਤਾ ਗਿਆ। ਉਪਰੰਤ, ਖਾਣ-ਪੀਣ ਦਾ ਸਿਲਸਿਲਾ ਤੇਜ਼ੀ ਫੜ੍ਹ ਗਿਆ ਜੋ ਰਾਤ ਦੇ ਗਿਆਰਾਂ ਵਜੇ ਤੀਕ ਚੱਲਦਾ ਰਿਹਾ।

GTA Plumbing & Electrical Supplies
GTA Plumbing & Electrical Supplies
ONE STOP SHOP
FOR ALL PLUMBING &
ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets,
ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.
Business Loan
Credit Line
Truck/Taxi Loan
New Immigrant Package
416-366-1234
Jaswinder Khosa
416-894-9400
1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ
ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ
STOP
ਨਸ਼ਾ ਛੁਡਾਓ
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ
ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੂਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ
ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ੁਪਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜ੍ਹੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay &
Lucky Stone, Book and Appointment Today!

ਪੰਜਾਬ ਸਟਾਰ
www.punjabstar.com

# ਐਲੂਮਿਨਿਯਮ ਫੋਇਲ ਦੇ ਖ਼ਤਰੇ




ਐਲੂਮਿਨਿਯਮ ਫੋਇਲ ਇੱਕ ਆਮ ਘਰੇਲੂ ਵਸਤੂ ਹੈ ਜਿਸਦੀ ਵਰਤੋਂ ਖਾਣੇ ਅਤੇ ਭੋਜਨ ਦੀ ਸਾਂਭ ਸੰਭਾਲ ਅਤੇ ਪੈਕੇਜਿੰਗ ਲਈ ਕੀਤੀ ਜਾਂਦੀ ਹੈ। ਇਹ ਵਰਤੋਂ ਵਿੱਚ ਆਸਾਨ ਅਤੇ ਬਹੁਤ ਸਾਰੇ ਕੰਮਾਂ ਲਈ ਵਰਤੋਂਯੋਗ ਹੈ। ਇਸਦੇ ਵਰਤੋਂ ਨਾਲ ਕੁਝ ਸੰਭਾਵਿਤ ਖ਼ਤਰੇ ਹਨ ਜੋ ਧਿਆਨ ਦੇਣ ਯੋਗ ਹਨ।

## ਸਿਹਤ ਸੰਬੰਧੀ ਚਿੰਤਾਵਾਂ

### ਐਲੂਮਿਨਿਯਮ ਦੀ ਲੀਚਿੰਗ

ਐਲੂਮਿਨਿਯਮ ਫੋਇਲ ਦੀ ਸਭ ਤੋਂ ਮੁੱਖ ਚਿੰਤਾ ਇਹ ਹੈ ਕਿ ਇਹ ਗਰਮ ਹੋਣ ਤੇ ਖਾਣੇ ਵਿੱਚ ਐਲੂਮਿਨਿਯਮ ਦੇ ਕਣ ਸਥਾਪਿਤ ਕਰ ਸਕਦੀ ਹੈ। ਜਦੋਂ ਐਲੂਮਿਨਿਯਮ ਫੋਇਲ ਨੂੰ ਗਰਮ ਜਾਂ ਮਸਾਲੇਦਾਰ ਭੋਜਨ ਵਿੱਚ ਲਪੇਟਿਆ ਜਾਂਦਾ ਹੈ ਜਾਂ ਜਦੋਂ ਇਸਨੂੰ ਉੱਚ ਤਾਪਮਾਨ 'ਤੇ ਰੱਖਿਆ ਜਾਂਦਾ ਹੈ ਤਾਂ ਇਹ ਸੰਭਾਵਨਾ ਹੁੰਦੀ ਹੈ ਕਿ ਐਲੂਮਿਨਿਯਮ ਦੇ ਕਣ ਖਾਣੇ ਵਿੱਚ ਸਥਾਪਿਤ ਹੋ ਸਕਦੇ ਹਨ। ਅਧਿਐਨ ਦਰਸਾਂਉਂਦੇ ਹਨ ਕਿ ਐਲੂਮਿਨਿਯਮ ਫੋਇਲ ਨਾਲ ਖਾਣਾ ਬਣਾਉਣਾ ਖਾਣੇ ਵਿੱਚ ਐਲੂਮਿਨਿਯਮ ਦੀ ਮਾਤਰਾ ਵੱਧਾ ਸਕਦਾ ਹੈ ਜੋ ਇਸ ਦੀ ਲੰਬੇ ਸਮੇਂ ਦੀ ਵਰਤੋਂ ਬਾਰੇ ਚਿੰਤਾ ਉੱਠਾਉਂਦਾ ਹੈ।

### ਐਲੂਮਿਨਿਯਮ ਅਤੇ ਸਿਹਤ ਸਮੱਸਿਆਵਾਂ

ਐਲੂਮਿਨਿਯਮ ਦੇ ਸੰਪਰਕ ਨਾਲ ਸਿਹਤ ਖ਼ਤਰੇ ਬਾਰੇ ਚਰਚਾ ਜਾਰੀ ਹੈ। ਕੁਝ ਅਧਿਐਨ ਇਹ ਦਰਸਾਉਂਦੇ ਹਨ ਕਿ ਸਰੀਰ ਵਿੱਚ ਉੱਚ ਪੱਧਰ ਦੇ ਐਲੂਮਿਨਿਯਮ ਨਾਲ ਦਿਮਾਗ਼ੀ (ਨੈਰੋਲੌਜੀਅਲ) ਬਿਮਾਰੀਆਂ ਜਿਵੇਂ ਕਿ ਅਲਜ਼ਾਈਮਰ ਦੀ ਬਿਮਾਰੀ, ਦਾ ਸੰਬੰਧ ਹੋ ਸਕਦਾ ਹੈ। ਬੇਸ਼ੱਕ ਅਜੇ ਤੱਕ ਨਤੀਜ਼ੇ ਨਹੀਂ ਨਿਕਲੇ ਪਰ ਬਹੁਤ ਸਾਰੇ ਲੋਕ ਐਲੂਮਿਨਿਯਮ ਦੇ ਸੰਪਰਕ ਨੂੰ ਘਟਾਉਣ ਦੀ ਕੋਸ਼ਿਸ਼ ਕਰ ਰਹੇ ਹਨ।

## ਵਾਤਾਵਰਨ 'ਤੇ ਪ੍ਰਭਾਵ

### ਉਤਪਾਦਨ ਪ੍ਰਕਿਰਿਆ

ਐਲੂਮਿਨਿਯਮ ਫੋਇਲ ਦਾ ਉਤਪਾਦਨ ਊਰਜਾ-ਗਤੀਸ਼ੀਲ ਹੈ ਅਤੇ ਇਸਦੇ ਨਾਲ ਵੱਡੇ ਵਾਤਾਵਰਨੀ ਪ੍ਰਭਾਵ ਜੁੜੇ ਹੋਏ ਹਨ। ਬਾਅਕਸਾਈਟ ਦੀ ਖ਼ੁਦਾਈ, ਜੋ ਐਲੂਮਿਨਿਯਮ ਬਣਾਉਣ ਲਈ ਵਰਤੀ ਜਾਂਦੀ ਹੈ, ਜੰਗਲਾਂ ਦੀ ਕੱਟਾਈ, ਜੀਵ-ਜੰਤੂਆਂ ਦੇ ਵਾਸੇ ਦੇ ਨਾਸ਼ ਅਤੇ ਪ੍ਰਦੂਸ਼ਣ ਦਾ ਕਾਰਨ ਬਣਦੀ ਹੈ। ਰਿਫਾਇਨਿੰਗ ਪ੍ਰਕਿਰਿਆ ਵੀ ਗ੍ਰੀਨਹਾਉਸ ਗੈਸਾਂ ਨੂੰ ਉਤਪਾਦਿਤ ਕਰਦੀ ਹੈ, ਜੋ ਕਿ ਮੌਸਮੀ ਤਬਦੀਲੀ ਵਿੱਚ ਯੋਗਦਾਨ ਪਾਉਂਦੀ ਹੈ।

### ਵੇਸਟ ਅਤੇ ਰੀਸਾਈਕਲਿੰਗ

ਐਲੂਮਿਨਿਯਮ ਫੋਇਲ ਅਕਸਰ ਖਾਣੇ ਦੇ ਬਾਕੀ ਪਦਾਰਥਾਂ ਦੇ ਕਾਰਨ ਠੀਕ ਤਰੀਕੇ ਨਾਲ ਰੀਸਾਈਕਲ ਨਹੀਂ ਹੁੰਦੀ। ਹਾਲਾਂਕਿ ਐਲੂਮਿਨਿਯਮ ਰੀਸਾਈਕਲ ਕੀਤਾ ਜਾ ਸਕਦਾ ਹੈ ਪਰ ਗਲਤ ਤਰੀਕੇ ਨਾਲ ਛੱਡਿਆ ਗਿਆ ਫੋਇਲ ਵੇਸਟ ਅਤੇ ਵਾਤਾਵਰਨੀ ਨਾਸ਼ ਦਾ ਕਾਰਨ ਬਣਦਾ ਹੈ। ਸਹੀ ਰੀਸਾਈਕਲਿੰਗ ਅਭਿਆਸਾਂ ਨੂੰ ਉਤਸ਼ਾਹਿਤ ਕਰਨਾ ਇਸਦੇ ਪ੍ਰਭਾਵਾਂ ਨੂੰ ਘਟਾਉਣ ਲਈ ਮਹੱਤਵਪੂਰਣ ਹੈ।

### ਅੱਗ ਦੇ ਖ਼ਤਰੇ

ਐਲੂਮਿਨਿਯਮ ਫੋਇਲ ਗ਼ਲਤ ਤਰੀਕੇ ਨਾਲ ਵਰਤੋਂ ਕਰਨ 'ਤੇ ਅੱਗ ਦੇ ਖਤਰਿਆਂ ਦਾ ਕਾਰਨ ਬਣ ਸਕਦੀ ਹੈ, ਖਾਸ ਕਰਕੇ ਮਾਈਕ੍ਰੋਵੇਵ ਓਵਨਾਂ ਵਿੱਚ। ਜੇ ਐਲੂਮਿਨਿਯਮ ਫੋਇਲ ਮਾਈਕ੍ਰੋਵੇਵ ਦੀਆਂ ਕੰਧਾਂ ਨਾਲ ਸੰਪਰਕ ਵਿੱਚ ਆ ਜਾਂਦੀ ਹੈ ਜਾਂ ਜੇ ਇਹ ਗੁੰਠੀ ਜਾਂਦੀ ਹੈ, ਤਾਂ ਇਹ ਚਿੰਗਾਰੀ ਪੈਦਾ ਕਰ ਸਕਦੀ ਹੈ ਅਤੇ ਅੱਗ ਦਾ ਕਾਰਨ ਬਣ ਸਕਦੀ ਹੈ। ਮਾਈਕ੍ਰੋਵੇਵ ਵਿੱਚ ਐਲੂਮਿਨਿਯਮ ਫੋਇਲ ਦੀ ਵਰਤੋਂ ਸਬੰਧੀ ਨਿਰਮਾਤਾ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨਾ ਜਰੂਰੀ ਹੈ।

## ਖਾਣੇ ਦੀ ਸੁਰੱਖਿਆ ਸੰਬੰਧੀ ਚਿੰਤਾਵਾਂ

### ਬੈਕਟੀਰੀਅਲ ਵਾਧਾ

ਐਲੂਮਿਨਿਯਮ ਫੋਇਲ ਨੂੰ ਭੋਜਨ ਦੀ ਸਾਂਭ ਸੰਭਾਲ ਲਈ ਵਰਤਣ ਨਾਲ ਕਈ ਵਾਰੀ ਬੈਕਟੀਰੀਆ ਦਾ ਵਾਧਾ ਹੋ ਸਕਦੀ ਹੈ ਜੇ ਖਾਣਾ ਠੀਕ ਤਰੀਕੇ ਨਾਲ ਠੰਡਾ ਨਹੀਂ ਕੀਤਾ ਗਿਆ। ਇਹ ਖਾਣੇ ਦੇ ਜ਼ਹਿਰੀਲੇ ਹੋਣ ਦਾ ਕਾਰਨ ਬਣ ਸਕਦਾ ਹੈ ਜੇ ਖਾਣਾ ਲੰਬੇ ਸਮੇਂ ਤੱਕ ਠੀਕ ਤਾਪਮਾਨ 'ਤੇ ਸਟੋਰ ਨਾ ਕੀਤਾ ਜਾਵੇ।

### ਖਾਣੇ ਦੀਆਂ ਪ੍ਰਤੀਕਿਰਿਆਵਾਂ

ਕੁਝ ਖਾਣੇ ਐਲੂਮਿਨਿਯਮ ਫੋਇਲ ਨਾਲ ਰਸਾਇਣਿਕ ਪ੍ਰਤੀਕਿਰਿਆ ਕਰ ਸਕਦੇ ਹਨ, ਖਾਸ ਕਰਕੇ ਉਹ ਜੋ ਉੱਚ ਤੇਜ਼ਾਬੀ ਗੁਣਾਂ ਵਾਲੇ ਹੁੰਦੇ ਹਨ (ਜਿਵੇਂ ਕਿ ਟਾਮਾਟਰ ਅਤੇ ਨਿੰਬੂ)। ਇਹ ਨਾ ਸਿਰਫ਼ ਖਾਣੇ ਦਾ ਸੁਆਦ ਬਦਲ ਸਕਦਾ ਹੈ ਪਰ ਇਹ ਰਸਾਇਣਿਕ ਪ੍ਰਤੀਕਿਰਿਆਵਾਂ ਨੂੰ ਵੀ ਪੈਦਾ ਕਰ ਸਕਦਾ ਹੈ ਜੋ ਹਾਨਿਕਾਰਕ ਯੌਗਿਕਾਂ ਨੂੰ ਉਤਪਾਦਿਤ ਕਰ ਸਕਦੇ ਹਨ।

## ਐਲੂਮਿਨਿਯਮ ਫੋਇਲ ਦੇ ਵਿਕਲਪ

ਐਲੂਮਿਨਿਯਮ ਫੋਇਲ ਨਾਲ ਜੁੜੇ ਸੰਭਾਵਿਤ ਖ਼ਤਰਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਬਹੁਤ ਸਾਰੇ ਲੋਕ ਖਾਣੇ ਦੀ ਸਾਂਭ ਸੰਭਾਲ ਲਈ ਵਿਕਲਪਾਂ ਦੀ ਖੋਜ ਕਰ ਰਹੇ ਹਨ:

- **ਪਾਰਚਮੇਂਟ ਪੇਪਰ:** ਬੇਕਿੰਗ ਲਈ ਇੱਕ ਸੁਖਾਦ ਵਿਕਲਪ ਜੋ ਖਾਣੇ ਵਿੱਚ ਰਸਾਇਣ ਸਥਾਪਿਤ ਨਹੀਂ ਕਰਦਾ।
- **ਬੀਜ਼ਵੈਕਸ ਰੈਪ:** ਖਾਣੇ ਨੂੰ ਲਪੇਟਣ ਲਈ ਇੱਕ ਪਰਿਵਾਰਿਕ ਵਿਕਲਪ ਜੋ ਕਈ ਵਾਰੀ ਦੁਬਾਰਾ ਵਰਤਿਆ ਜਾ ਸਕਦਾ ਹੈ।
- **ਗਿਲਾਸ ਦੇ ਡੱਬੇ:** ਭੋਜਨ ਸਟੋਰੇਜ ਲਈ, ਗਿਲਾਸ ਦੇ ਡੱਬੇ ਗੈਰ-ਪ੍ਰਤੀਕਿਰਿਆਸ਼ੀਲ ਹੁੰਦੇ ਹਨ ਅਤੇ ਖਾਣੇ ਵਿੱਚ ਪਦਾਰਥ ਲੀਚ ਨਹੀਂ ਕਰਦੇ।
- **ਸਟੇਨਲੇਸ ਸਟੀਲ:** ਖਾਣਾ ਬਣਾਉਣ ਅਤੇ ਸਟੋਰੇਜ ਲਈ, ਸਟੇਨਲੇਸ ਸਟੀਲ ਮਜ਼ਬੂਤ ਹੁੰਦਾ ਹੈ ਅਤੇ ਰਸਾਇਣਕ ਕਿਰਿਆਵਾਂ ਨਾਲ ਸੰਬੰਧਿਤ ਸਿਹਤ ਖਤਰਿਆਂ ਦਾ ਕਾਰਨ ਨਹੀਂ ਬਣਦਾ।

ਮੌਜੂਦਾ ਯੁੱਗ ਵਿੱਚ ਐਲੂਮਿਨਿਯਮ ਫੋਇਲ ਕਈ ਰਸੋਈਆਂ ਦਾ ਇੱਕ ਮੁੱਖ ਭਾਗ ਹੈ ਅਤੇ ਇਸ ਦੀ ਆਸਾਨੀ ਨਾਲ ਵਰਤਣ ਦੀ ਖ਼ੂਬੀ ਕਰਕੇ ਇਸਦੀ ਬਹੁਤ ਸਾਰੇ ਕੰਮਾਂ ਲਈ ਵਰਤੋਂ ਕੀਤੀ ਜਾਂਦੀ ਹੈ, ਇਹ ਜਰੂਰੀ ਹੈ ਕਿ ਇਸਦੇ ਵਰਤੋਂ ਨਾਲ ਜੁੜੇ ਸੰਭਾਵਿਤ ਖ਼ਤਰਿਆਂ ਬਾਰੇ ਜਾਣਕਾਰੀ ਹੋਵੇ। ਐਲੂਮਿਨਿਯਮ ਦੇ ਸੰਪਰਕ ਨਾਲ ਸਿਹਤ ਸੰਬੰਧੀ ਚਿੰਤਾਵਾਂ ਤੋਂ ਲੈ ਕੇ ਵਾਤਾਵਰਨ 'ਤੇ ਪ੍ਰਭਾਵ ਅਤੇ ਸੁਰੱਖਿਆ ਸਮੱਸਿਆਵਾਂ ਤੱਕ, ਇਹ ਗੱਲਾਂ ਸਮਝ ਕੇ ਲੋਕ ਆਪਣੇ ਰਸੋਈ ਪ੍ਰਥਾਵਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਵਿਕਲਪਾਂ ਦੀ ਖੋਜ ਕਰਕੇ ਅਤੇ ਖਾਣੇ ਦੀ ਸਾਂਭ ਸੰਭਾਲ ਲਈ ਸੁਰੱਖਿਅਤ ਤਰੀਕੇ ਅਪਣਾਕੇ ਅਸੀਂ ਇਨ੍ਹਾਂ ਖਤਰਿਆਂ ਨੂੰ ਘਟਾਉਣ ਅਤੇ ਚੰਗੀ ਸਿਹਤ ਅਤੇ ਵਾਤਾਵਰਨ ਦੀ ਟਿਕਾਊਤਾ ਨੂੰ ਉਤਸ਼ਾਹਿਤ ਕਰ ਸਕਦੇ ਹਾਂ।



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ
ਪੰਜਾਬ।

# ਠੰਢ ਨੇ ਵਧਾਈ ਗਲੇ ਦੀ ਖਰਾਸ਼






Anil Dheer
Columnist
anil.dheer@yahoo.com

"ਠੰਢ ਦੌਰਾਨ ਹਰ ਉਮਰ ਦਾ ਵਿਅਕਤੀ ਗਲੇ ਅੰਦਰ ਪੀੜ ਅਤੇ ਖਰਾਸ਼ ਮਹਿਸੂਸ ਕਰ ਰਿਹਾ ਹੈ। ਲਾਪ੍ਰਵਾਹੀ ਛੱਡ ਕੇ ਬਿਨਾ ਦੇਰੀ ਇਲਾਜ਼ ਦੀ ਲੋੜ ਹੈ"-ਡਾ.ਅਨਿਲ ਧੀਰ, ਕਾਲਮਨਿਸਟ. ਥੈਰਾਪਿਸਟ. ਲੇਖਕ 'ਸੇਲਫ-ਕੇਅਰ ਟਿੱਪਸ ਐਨਸਾਈਕਲੋਪੀਡੀਆ' ਹੈਲਥ ਮੀਡੀਆ ਕੈਨੇਡਾ: (ਡਾ ਅਨਿਲ ਧੀਰ) ਠੰਢ - ਬਰਫਵਾਰੀ ਚਲ ਰਹੀ ਹੈ। ਇਸ ਕਰਕੇ ਕਈ ਬਾਰ ਡੇਲੀ ਜਨਜੀਵਨ 'ਤੇ ਵੀ ਅਸਰ ਪੈ ਰਿਹਾ ਹੈ। ਆਮਤੌਰ 'ਤੇ ਇਸ ਮੌਸਮ 'ਚ ਬੱਚੇ, ਨੌਜਵਾਨ, ਮੱਧ ਉਮਰ, ਅਤੇ ਸੀਨੀਅਰਜ਼ ਆਮ ਸਮੱਸਿਆ ਗਲੇ ਅੰਦਰ ਦਰਦ ਦੇਖੀ ਜਾ ਰਹੀ ਹੈ। ਵਾਇਰਲ-ਬੈਕਟੀਰੀਅਲ ਗਲੇ ਦੀ ਇਨਫੈਕਸ਼ਨ ਦਾ ਆਮ ਕਾਰਨ ਗਰੁੱਪ ਸਟ੍ਰੈਪਟੋਕੋਕਸ (ਜੀ. ਏ. ਬੀ. ਐਚ. ਐਚ.) ਹੈ। ਇਹ ਵਾਇਰਸ 72%, 5 ਤੋਂ 16 ਸਾਲ ਦੀ ਉਮਰ 'ਚ ਦੇਖਣ ਨੂੰ ਮਿਲ ਰਿਹਾ ਹੈ। ਕਰੀਬਨ 96% ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ 'ਤੇ ਅਟੈਕ ਕਰਦਾ ਹੈ।

ਸੋਰ-ਥਰੋਟ ਦੀ ਹਾਲਤ 'ਚ ਖਾਣ-ਪੀਣ ਦੀ ਚੀਜ਼ ਨੂੰ ਨਿਗਲਨਾ ਔਖਾ ਹੋ ਜਾਂਦਾ ਹੈ। ਦਰਦ,ਖਰਾਸ਼, ਘੱਟ ਜਾਂ ਵੱਧ ਅਤੇ ਲੰਬੇ ਸਮੇਂ ਤੱਕ ਵੀ ਇਹ ਹਾਲਤ ਬਣੀ ਰਹਿ ਸਕਦੀ ਹੈ। ਗਲੇ ਅੰਦਰ ਨਾੜੀਆਂ ਸੁੱਜ ਜਾਂਦੀਆਂ ਹਨ। ਨਾਲ ਹੀ ਸਿਰ-ਪੀੜ, ਜਿਸਮ ਦੇ ਦਰਦ ਨਾਲ ਬੁਖਾਰ ਵੀ ਹੋ ਜਾਂਦਾ ਹੈ। ਗਲੇ ਦੀ ਆਵਾਜ਼ ਭੈੜੀ, ਬੋਲਨਾ ਔਖਾ, ਅਤੇ ਟਾਨਸਿਲ ਲਾਲ ਦਿਸਦੇ ਹਨ। ਗਲੇ ਅੰਦਰ ਖਰਾਸ਼ ਵਾਇਰਲ- ਬੈਕਟੀਰੀਅਲ ਇਨਫੈਕਸ਼ਨ, ਜ਼ੁਕਾਮ, ਫਲੂ, ਖੰਘ, ਅਲਰਜੀ, ਖੁਸ਼ਕ ਹਵਾ, ਇੰਡਸਟਰੀਅਲ ਧੂੰਆ, ਮੌਸਮੀ ਪਰਦੂਸ਼ਨ, ਤੰਬਾਕੂਨੋਸ਼ੀ ਦਾ ਧੂੰਆ, ਮਸਾਲੇਦਾਰ ਭੋਜਨ, ਮਾਂਸਪੇਸ਼ੀ ਤਨਾਅ, ਜੀ. ਆਰ.ਡੀ. ਅਤੇ ਐਚ.ਆਈ.ਵੀ ਇਨਫੈਕਸ਼ਨ ਜੀਭ, 'ਤੇ ਗਲੇ ਦੇ ਕੈਂਸਰ ਦਾ ਕਾਰਨ ਵੀ ਬਣ ਸਕਦਾ ਹੈ।

ਆਮ ਰੇਮੇਡੀਜ਼ ਦੇ ਨਾਲ ਲੋੜ ਹੈ ਖਿਆਲ ਰੱਖਣ ਦੀ:

* ਛੋਟੇ ਬੱਚੇ ਅਤੇ ਗਰਭਵਤੀ ਔਰਤਾਂ, ਗਲੇ ਅੰਦਰ ਦਰਦ ਦੀ ਸ਼ਿਕਾਇਤ ਕਰਨ ਦੀ ਹਾਲਤ 'ਚ ਬਿਨਾ ਦੇਰੀ ਜਾਂਚ 'ਤੇ ਇਲਾਜ਼ ਸ਼ੁਰੂ ਕਰੋ।
* ਆਪਣਾ ਖਾਣਾ-ਪੀਣਾ ਕਿਸੇ ਨਾਲ ਵੀ ਸਾਂਝਾ ਨਾ ਕਰੋ। ਬਰਤਨ ਅਲੱਗ ਹੀ ਰੱਖੋ। ਪਰਸਨਲ ਸਫਾਈ ਦੇ ਨਾਲ-ਨਾਲ ਘਰ ਦੇ ਅੰਦਰ 'ਤੇ ਬਾਹਰ ਆਪਣਾ ਨੱਕ-ਮੂੰਹ ਮਾਸਕ ਨਾਲ ਕਵਰ ਕਰਕੇ ਰੱਖੋ ਅਤੇ ਸੇਨੀਟਾਈਜ਼ਰ ਦਾ ਇਸਤੇਮਾਲ ਕਰੋ।

ਅਤੇ ਕੈਮਿਸਟ ਤੋਂ ਮੇਡੀਕੇਟਿਡ ਗਾਰਗਲ ਲਈ ਲੀਕੀਉਡ ਲੈ ਸਕਦੇ ਹੋ। ਗਰਾਰੇ ਡੇਲੀ 4-5 ਬਾਰ ਵੀ ਕੀਤੇ ਜਾ ਸਕਦੇ ਹਨ।

* ਘਰ ਅੰਦਰ ਕੂਲ-ਫਾਸਟ ਵੱਪੋਰਾਈਜ਼ਰ ਜਾਂ ਹਿਮਡਿਫਾਇਰ ਬਰਤ ਸਕਦੇ ਹੋ। ਇਸ ਨਾਲ ਖੁਸ਼ਕੀ ਦੀ ਸਮੱਸਿਆ ਘੱਟ ਹੋ ਜਾਂਦੀ ਹੈ।
* ਛੋਟੇ ਬਚਿਆਂ ਨੂੰ ਸ਼ਹਿਦ ਚਟਾਓ। ਬੜੇ ਬੱਚੇ, ਵਿਅਸਕ ਅਦਰਕ ਵਾਲੇ ਪਾਣੀ 'ਚ 1 ਚਮਚ ਸ਼ਹਿਦ ਮਿਲਾ ਕੇ ਦਿਨ 'ਚ 3-4 ਬਾਰ ਸੇਵਨ ਕਰਨ ਨਾਲ ਆਰਾਮ ਮਿਲਦਾ ਹੈ।
* ਤਾਜ਼ੀ ਸਬਜ਼ੀਆਂ ਦਾ ਸੂਪ, ਗ੍ਰੀਨ ਟੀ, ਕੋਫੀ, ਅਤੇ ਚਿਕਨ-ਸੂਪ ਪੀਂਦੇ ਰਹੋ।
* ਪਿਪਰਮੈਂਟ ਵਾਲੀ ਖੰਘ-ਕੈਂਡੀ ਦੇ ਨਾਲ ਮੁਲੱਠੀ ਵੀ ਚੂਸ ਸਕਦੇ ਹੋ, ਆਰਾਮ ਮਿਲੇਗਾ। ਪਿਪਰਮੈਂਟ 'ਚ ਮੌਜੂਦ ਮੇਨਥੋਲ ਜੋ ਐਂਟੀ-ਇਨਫਲਾਮੈਂਟਰੀ ਅਤੇ ਐਂਟੀ-ਬੈਕਟੀਰੀਅਲ ਹੋਣ ਕਰਕੇ ਗਲੇ ਦੀ ਤਕਲੀਫ 'ਚ ਰਾਹਤ ਮਿਲਦੀ ਹੈ। ਚੂਸਨ ਵਾਲੀ ਵਿਟਾਮਿਨ -ਸੀ ਵੀ ਲੈ ਸਕਦੇ ਹੋ।
* ਮੁਲੱਠੀ ਦੇ ਪਾਉਡਰ 'ਚ ਸ਼ਹਿਦ ਮਿਕਸ ਕਰਕੇ ਰੋਜ਼ਾਨਾ 3-4 ਬਾਰ ਲਵੋ।
* ਡਾਕਟਰੀ ਸਲਾਹ ਨਾਲ ਕਫ-ਸਿਰਪ ਅਤੇ ਐਂਟੀਬਾਇਟਿਕ 'ਤੇ ਦਰਦ ਨਾਸ਼ਕ ਗੋਲੀ ਵੀ ਲੈ ਸਕਦੇ ਹੋ।
* ਸਿਗਰੇਟ-ਬੀੜੀ ਤੋਂ ਰਹੋ ਦੂਰ। ਇਨਾਂ ਦਾ ਧੂੰਆ ਗਲੇ ਅੰਦਰ ਇਰੀਟੇਸ਼ਨ ਵਧਾ ਦਿੰਦਾ ਹੈ। ਬਿਮਾਰੀ ਤੋਂ ਛੁਟਕਾਰਾ ਵੀ ਦੇਰ ਨਾਲ ਮਿਲਦਾ ਹੈ।
* ਸਰੀਰ ਦੀ ਇਮਊਨਿਟੀ ਵਧਾਉਣ ਅਤੇ ਬਰਕਰਾਰ ਰੱਖਣ ਲਈ ਸਬਜ਼ੀਆਂ 'ਚ ਅਦਰਕ, ਲਸਣ, ਪਿਆਜ਼, ਸਲਾਦ 'ਚ ਕੱਚਾ ਆਂਵਲਾ, ਅਤੇ ਵਿਟਾਮਿਨ-ਸੀ, ਜ਼ਿੰਕ, ਮੈਗਨੀਸ਼ੀਅਮ ਸ਼ਾਮਲ ਕਰਨ ਦੀ ਲੋੜ ਹੁੰਦੀ ਹੈ।
* ਬਿਮਾਰੀ ਦੌਰਾਣ ਅਲਕੋਹਲ ਤੋਂ ਦੂਰ ਰਹੋ।

**ਨੋਟ:** ਕੁਝ ਦਿਨ ਲਗਾਤਾਰ ਗਲੇ ਦੀ ਸ਼ਿਕਾਇਤ ਰਹਿਣ ਦੀ ਹਾਲਤ 'ਚ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਲਵੋ। ਮਸਾਲੇਦਾਰ, ਜੰਕ-ਫੂਡ ਤਕਲੀਫ ਵਧਾ ਸਕਦੀ ਹੈ।

# ਸੇਬ ਹੈ ਜਾਂ ਸੋਨਾ? 700 ਰੁਪਏ ਤੱਕ ਵਿਕਦੈ ਇਹ 'ਕਾਲਾ ਫਲ', ਦਿਲ ਅਤੇ ਇਮਿਊਨਿਟੀ ਲਈ ਮੰਨਿਆ ਜਾਂਦੈ ਵਰਦਾਨ

ਸੇਬ ਨੂੰ ਹਮੇਸ਼ਾ ਹੀ ਇੱਕ ਹੈਲਦੀ ਮੰਨਿਆ ਗਿਆ ਹੈ। ਬਹੁਤ ਸਾਰੇ ਪੋਸ਼ਕ ਤੱਤਾਂ ਨਾਲ ਭਰਪੂਰ ਹੋਣ ਕਰਕੇ ਡਾਕਟਰ ਵੀ ਇਨ੍ਹਾਂ ਨੂੰ ਖੁਰਾਕ ਵਿੱਚ ਸ਼ਾਮਲ ਕਰਨ ਦੀ ਸਲਾਹ ਦਿੰਦੇ ਹਨ। ਆਮ ਤੌਰ 'ਤੇ ਬਾਜ਼ਾਰ ਵਿੱਚ ਮਿਲਣ ਵਾਲੇ ਸੇਬ ਲਾਲ ਅਤੇ ਹਰੇ ਰੰਗ ਦੇ ਹੁੰਦੇ ਹਨ, ਪਰ ਕੀ ਤੁਸੀਂ ਜਾਣਦੇ ਹੋ ਕਿ ਸੇਬ ਦੀ ਇੱਕ ਕਿਸਮ ਅਜਿਹੀ ਵੀ ਹੈ, ਜਿਸ ਦਾ ਰੰਗ ਲਗਪਗ ਕਾਲਾ ਨਜ਼ਰ ਆਉਂਦਾ ਹੈ।

ਜੀ ਹਾਂ, ਤੁਸੀਂ ਸਹੀ ਪੜ੍ਹਿਆ—ਕਾਲੇ ਰੰਗ ਦਾ ਸੇਬ। ਇਹ ਸੇਬ ਦੀ ਇੱਕ ਦੁਰਲੱਭ ਕਿਸਮ ਹੈ, ਜੋ ਤੁਹਾਨੂੰ ਸਥਾਨਕ ਬਾਜ਼ਾਰਾਂ ਵਿੱਚ ਨਹੀਂ ਮਿਲੇਗਾ। ਬਹੁਤ ਦੂਰ-ਦੁਰਾਡੇ ਇਲਾਕਿਆਂ ਵਿੱਚ ਉਗਾਇਆ ਜਾਣ ਵਾਲਾ ਇਹ 'ਬਲੈਕ ਡਾਇਮੰਡ' (Black Diamond Apple) ਸੇਬ ਆਮ ਸੇਬਾਂ ਨਾਲੋਂ ਬਿਲਕੁਲ ਵੱਖਰਾ ਹੈ। ਆਓ ਜਾਣਦੇ ਹਾਂ ਕਿ ਇਸ ਸੇਬ ਵਿੱਚ ਅਜਿਹਾ ਕੀ ਖਾਸ ਹੈ।

## ਬਲੈਕ ਡਾਇਮੰਡ ਸੇਬ ਕੀ ਹੈ?

ਬਲੈਕ ਡਾਇਮੰਡ ਸੇਬ 'ਹੁਆਨੀਊ' (Hua Niu) ਕਿਸਮ ਦਾ ਇੱਕ ਸੇਬ ਹੈ। ਇਸ ਦੀ ਖੇਤੀ ਵਿਸ਼ੇਸ਼ ਤੌਰ 'ਤੇ ਤਿੱਬਤ ਦੇ ਨਿੰਗਚੀ ਇਲਾਕੇ ਵਿੱਚ 3,500 ਮੀਟਰ ਤੋਂ ਵੱਧ ਦੀ ਉਚਾਈ 'ਤੇ ਕੀਤੀ ਜਾਂਦੀ ਹੈ। ਤੇਜ਼ ਯੂਵੀ (UV) ਕਿਰਨਾਂ ਅਤੇ ਤਾਪਮਾਨ ਵਿੱਚ ਅਚਾਨਕ ਹੋਣ ਵਾਲੇ ਬਦਲਾਅ ਕਾਰਨ ਇਸ ਦੀ ਉੱਪਰਲੀ ਪਰਤ ਗੂੜ੍ਹੀ ਜਾਮਣੀ-ਕਾਲੀ ਹੁੰਦੀ ਹੈ, ਜਦਕਿ ਅੰਦਰਲਾ ਹਿੱਸਾ ਰਸੀਲਾ ਅਤੇ ਚਿੱਟਾ ਹੁੰਦਾ ਹੈ।



ਇਸ ਦੀ ਕੀਮਤ ਲਗਪਗ 500 ਰੁਪਏ ਤੋਂ ਲੈ ਕੇ 700 ਰੁਪਏ ਪ੍ਰਤੀ ਫਿਚਣ ਤੱਕ ਹੋ ਸਕਦੀ ਹੈ, ਜਿਸ ਕਾਰਨ ਇਹ ਦੁਨੀਆ ਦੇ ਸਭ ਤੋਂ ਮਹਿੰਗੇ ਸੇਬਾਂ ਵਿੱਚੋਂ ਇੱਕ ਹੈ।

## ਬਲੈਕ ਡਾਇਮੰਡ ਸੇਬ ਦੇ ਫਾਇਦੇ:

**ਐਂਟੀ-ਆਕਸੀਡੈਂਟਸ ਨਾਲ ਭਰਪੂਰ:** ਇਸ ਦਾ ਗੂੜ੍ਹਾ ਰੰਗ 'ਐਂਥੋਸਾਇਨਿਨ' ਕਾਰਨ ਹੁੰਦਾ ਹੈ, ਜੋ ਕਿ ਸ਼ਕਤੀਸ਼ਾਲੀ ਐਂਟੀ-ਆਕਸੀਡੈਂਟ ਹਨ। ਇਹ ਸਰੀਰ ਨੂੰ ਗੰਭੀਰ ਬਿਮਾਰੀਆਂ ਤੋਂ ਬਚਾਉਣ ਅਤੇ ਸੈੱਲਾਂ ਦੀ ਕਾਰਜਪ੍ਰਣਾਲੀ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਦੇ ਹਨ।

**ਪਾਚਨ ਲਈ ਬਿਹਤਰੀਨ:** ਇਹ ਸੇਬ ਫਾਈਬਰ ਨਾਲ ਭਰਪੂਰ ਹੁੰਦਾ ਹੈ, ਜੋ ਪੇਟ ਦੀ ਸਿਹਤ (Gut Health) ਲਈ ਜ਼ਰੂਰੀ ਹੈ। ਫਾਈਬਰ ਪਾਚਨ ਨੂੰ ਸੁਧਾਰਦਾ ਹੈ, ਕਬਜ਼ ਤੋਂ ਬਚਾਉਂਦਾ ਹੈ ਅਤੇ ਭਾਰ ਘਟਾਉਣ ਵਿੱਚ ਵੀ ਮਦਦਗਾਰ ਹੁੰਦਾ ਹੈ।

**ਇਮਿਊਨਿਟੀ ਵਧਾਉਂਦਾ ਹੈ:** ਵਿਟਾਮਿਨ-ਸੀ ਅਤੇ ਪੌਦਿਆਂ ਤੋਂ ਮਿਲਣ ਵਾਲੇ ਪੋਸ਼ਕ ਤੱਤਾਂ ਨਾਲ ਭਰਪੂਰ ਹੋਣ ਕਾਰਨ ਇਹ ਸਰੀਰ ਨੂੰ ਇਨਫੈਕਸ਼ਨਾਂ ਨਾਲ ਲੜਨ ਦੀ ਤਾਕਤ ਦਿੰਦਾ ਹੈ। ਇਹ ਚਮੜੀ ਨੂੰ ਸਿਹਤਮੰਦ ਰੱਖਣ ਵਿੱਚ ਵੀ ਮਦਦ ਕਰਦਾ ਹੈ।

**ਦਿਲ ਦੀ ਸਿਹਤ ਲਈ ਫਾਇਦੇਮੰਦ:** ਇਸ ਵਿੱਚ ਮੌਜੂਦ ਪੋਟਾਸ਼ੀਅਮ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਵਿੱਚ ਰੱਖਦਾ ਹੈ। ਖੋਜ ਅਨੁਸਾਰ, ਫਲੇਵੋਨੋਇਡਜ਼ ਅਤੇ ਪੋਟਾਸ਼ੀਅਮ ਨਾਲ ਭਰਪੂਰ ਖੁਰਾਕ ਦਿਲ ਦੀਆਂ ਬਿਮਾਰੀਆਂ ਦੇ ਖਤਰੇ ਨੂੰ ਘਟਾਉਂਦੀ ਹੈ।












# ਰਾਸ਼ੀਫਲ

**ਮੇਖ :** ਗਰਭਵਤੀ ਔਰਤਾਂ ਦੇ ਲਈ ਬਹੁਤ ਚੰਗਾ ਦਿਨ ਹੈ ਚਲਦੇ ਫਿਰਦੇ ਸਮੇਂ ਖਾਸ ਧਿਆਨ ਰੱਖਣ ਦੀ ਲੋੜ ਹੈ। ਅਤਿਰਿਕਤ ਉਮਰ ਦੇ ਲਈ ਆਪਣੇ ਸੁਜਨਾਤਮਕ ਵਿਚਾਰਾਂ ਦਾ ਲਉ। ਤੁਹਾਡਾ ਮਜ਼ਾਕੀਆ ਸੁਭਾਅ ਸਮਾਜਿਕ ਮੇਲ ਜੋਲ ਦੀ ਜਗਾਹ ਉੱਤੇ ਤੁਹਾਡੀ ਲੋਕਪ੍ਰਿਯਤਾ ਵਿਚ ਵਾਧਾ ਕਰੇਗਾ। ਰੁਕੇ ਕੰਮਾਂ ਦੇ ਬਾਵਜੂਦ ਰੋਮਾਂਸ ਅਤੇ ਬਾਹਰ ਘੁੰਮਣਾ ਫਿਰਨਾ ਤੁਹਾਡੇ ਦਿਲ ਦਿਮਾਗ ਤੇ ਛਾਇਆ ਰਹੇਗਾ। ਆਪਣੇ ਚਾਰੇ ਤਰਫ ਹੋਣ ਵਾਲੀਆਂ ਗਤੀਵਿਧੀਆਂ ਦਾ ਧਿਆਨ ਰੱਖੋ ਕਿਉਂ ਕਿ ਤੁਹਾਡੇ ਕੰਮ ਦਾ ਕਰੈਡਿਟ ਕੋਈ ਹੋਰ ਲੈ ਸਕਦਾ ਹੈ। ਖਾਸ ਲੋਕ ਨਾਲ ਗੱਲਬਾਤ ਕਰਦੇ ਸਮੇਂ ਆਪਣੇ ਸ਼ਬਦਾਂ ਤੇ ਧਿਆਨ ਦਿਉ। ਅੱਜ ਦਾ ਦਿਨ ਦਿਵਾਨਗੀ ਵਿਚ ਗਿਰ ਜਾਣ ਦਾ ਹੈ ਤੁਸੀ ਆਪਣੇ ਜੀਵਨਸਾਥੀ ਨਾਲ ਪਿਆਰ ਅਤੇ ਰੋਮਾਂਸ ਦੀ ਚਰਮਸੀ ਤੱਕ ਪਹੁੰਚੋਗੇ।

**ਬ੍ਰਿਸ਼ਭ:** ਅਚਾਨਕ ਯਾਤਰਾ ਕਰਨਾ ਥਕਾਵਟ ਭਰਿਆ ਸਾਬਿਤ ਹੋਵੇਗਾ। ਹਾਲਾਂ ਕਿ ਪੈਸਾ ਤੁਹਾਡੇ ਲਈ ਮਹੱਤਵਪੂਰਨ ਤੱਥ ਹੈ ਪਰੰਤੂ ਧੰਨ ਨੂੰ ਲੈ ਕੇ ਸੰਜੀਦਾ ਨਾ ਹੋ ਜਾਵੇ ਕਿ ਤੁਹਾਡੇ ਰਿਸ਼ਤਿਆਂ ਨੂੰ ਖਰਾਬ ਕਰ ਦੇਵੇ। ਸਭ ਨੂੰ ਆਪਣੀ ਮਹਿਫਿਲ ਵਿਚ ਦਾਵਤ ਦੇਵੋ। ਕਿਉਂ ਕਿ ਅੱਜ ਤੁਹਾਡੇ ਕੋਲ ਜ਼ਿਆਦਾ ਉਰਜਾ ਹੈ ਜੋ ਤੁਹਾਨੂੰ ਕਿਸੇ ਪਾਰਟੀ ਜਾ ਕੰਮਕਾਰ ਦਾ ਆਯੋਜਨ ਕਰਨ ਦੇ ਲਈ ਪ੍ਰੇਰਿਤ ਕਰੇਗੀ। ਉਨਾਂ ਦੁਆਰਾ ਪਿਆਰ ਦਾ ਸੰਗੀਤ ਸੁਣਿਆਂ ਜਾਂਦਾ ਹੈ ਜੋ ਹਰ ਸਮੇਂ ਇਸ ਵਿਚ ਲੀਨ ਰਹਿੰਦੇ ਹਨ ਅੱਜ ਤੁਸੀ ਅਜਿਹਾ ਸੰਗੀਤ ਸੁਣੋਗੇ ਜਿਸ ਨਾਲ ਤੁਸੀ ਸੰਸਾਰ ਦੇ ਸਾਰੇ ਗਾਣੇ ਭੁੱਲ ਜਾਵੋਂਗੇ। ਕੰਮ ਵਿਚ ਮਨ ਲਗਾਉ ਅਤੇ ਸਾਫ ਜਜ਼ਬਾਤੀ ਗੱਲਾਂ ਤੋਂ ਬਚੋ। ਅੱਜ ਦੀ ਬੀਜੀ ਜੀਵਨ ਸ਼ੈਲੀ ਵਿਚ ਆਪਣੇ ਲਈ ਸਮਾਂ ਕੱਢਣਾ ਬਹੁਤ ਮੁਸ਼ਕਿਲ ਹੈ ਪਰੰਤੂ ਅੱਜ ਅਜਿਹਾ ਦਿਨ ਹੈ ਜਦੋਂ ਤੁਹਾਡੇ ਕੋਲ ਆਪਣੇ ਲਈ ਭਰਪੂਰ ਸਮਾਂ ਹੋਵੇਗਾ। ਲਗਦਾ ਹੈ ਕਿ ਤੁਹਾਡਾ ਪਾਰਟਨਰ ਅੱਜ ਵਧੀਆ ਮੂਡ ਵਿਚ ਹੈ ਤੁਹਾਨੂੰ ਸਿਰਫ ਵਿਵਾਹਿਕ ਜੀਵਨ ਨਾਲ ਜੁੜੀ ਉਨਾਂ ਯੋਜਨਾਵਾਂ ਵਿਚ ਮਦਦ ਕਰਨ ਦੀ ਲੋੜ ਹੈ।

**ਮਿਥੁਨ:** ਗਰਭਵਤੀ ਔਰਤਾਂ ਦੇ ਲਈ ਬਹੁਤ ਚੰਗਾ ਦਿਨ ਹੈ ਚਲਦੇ ਫਿਰਦੇ ਸਮੇਂ ਖਾਸ ਧਿਆਨ ਰੱਖਣ ਦੀ ਲੋੜ ਹੈ। ਜਿਨਾਂ ਲੋਕਾਂ ਨੇ ਅਤੀਤ ਵਿਚ ਆਪਣਾ ਧੰਨ ਨਿਵੇਸ਼ ਕੀਤਾ ਸੀ ਅੱਜ ਉਸ ਧੰਨ ਨਾਲ ਲਾਭ ਹੋਣ ਦੀ ਸੰਭਾਵਨਾ ਬਣ ਰਹੀ ਹੈ। ਤੁਸੀ ਮਾਤਾ ਪਿਤਾ ਨੂੰ ਖੁਸ਼ ਕਰਨ ਵਿਚ ਮੁਸ਼ਕਿਲ ਮਹਿਸੂਸ ਕਰੋਂਗੇ ਉਨਾਂ ਨੂੰ ਸਮਝਣ ਅਤੇ ਉਨਾਂ ਦੇ ਨਜ਼ਰੀਏ ਤੋਂ ਦੇਖਣ ਦੀ ਕੋਸ਼ਿਸ਼ ਕਰੋ ਤੁਹਾਨੂੰ ਸਾਕਾਰਾਤਮਕ ਨਤੀਜਾ ਮਿਲੇਗਾ ਉਨਾਂ ਨੂੰ ਤੁਹਾਡੀ ਪਰਵਾਹ ਪਿਆਰ ਅਤੇ ਸਮੇਂ ਦੀ ਲੋੜ ਹੈ। ਇਕ ਤਰਫਾ ਲਗਾਵ ਤੁਹਾਡੇ ਲਈ ਸਿਰਫ ਦਿਲ ਤੋੜਨ ਦਾ ਕੰਮ ਕਰੇਗਾ। ਫੈਂਸਲੇ ਲੈਂਦੇ ਸਮੇਂ ਆਪਣੇ ਅਹਮ ਨੂੰ ਵਿਚ ਨਾ ਆਉਣ ਦਿਉ ਸੁਣੋ ਕਿ ਅਧੀਨ ਕੰਮ ਕਰਨ ਵਾਲਿਆਂ ਦਾ ਕੀ ਕਹਿਣਾ ਹੈ। ਅੱਜ ਖਾਲੀ ਸਮਾਂ ਕਿਸੀ ਬੇਕਾਰ ਦੇ ਕੰਮ ਵਿਚ ਖਰਾਬ ਹੋ ਸਕਦਾ ਹੈ। ਅੱਜ ਮੁਸ਼ਕਿਲ ਹਾਲਾਤ ਵਿਚੋਂ ਨਿਕਲਣ ਤੇ ਜੀਵਨ ਸਾਥੀ ਵੱਲੋਂ ਜਿਆਦਾ ਸਹਿਯੋਗ ਨਹੀਂ ਮਿਲੇਗਾ।

**ਕਰਕ :** ਵਾਹਨ ਚਲਾਉਂਦੇ ਸਮੇਂ ਸਾਵਧਾਨੀ ਵਰਤੋ ਖਾਸ ਤੌਰ ਤੇ ਜੇਕਰ ਤੁਸੀ ਰਾਤ ਦੇ ਸਮੇਂ ਯਾਤਰਾ ਕਰ ਰਹੇ ਹੋ। ਅੱਜ ਦੇ ਦਿਨ ਭੁੱਲ ਕੇ ਵੀ ਕਿਸੇ ਨੂੰ ਪੈਸਾ ਉਧਾਰ ਨਾ ਦਿਉ ਅਤੇ ਜੇਕਰ ਦੇਣਾ ਜਰੂਰੀ ਹੋਵੇ ਤਾਂ ਦੇਣ ਵਾਲੇ ਤੋਂ ਲਿਖਿਤ ਵਿਚ ਲਿਖਵਾ ਲਵੋ ਕੀ ਉਹ ਪੈਸਾ ਕਦੋਂ ਤੱਕ ਵਾਪਿਸ ਕਰੇਗਾ। ਤੁਹਾਡੀ ਖਰਚੀਲੀ ਜੀਵਨਸ਼ੈਲੀ ਘਰ ਵਿਚ ਤਣਾਵ ਪੈਦਾ ਕਰ ਸਕਦੀ ਹੈ ਇਸ ਲਈ ਦੇਰ ਰਾਤ ਤੱਕ ਬਾਹਰ ਰਹਿਣ ਅਤੇ ਦੂਜਿਆਂ ਤੇ ਖਰਚ ਕਰਨ ਤੋਂ ਬਚੋ। ਅਚਾਨਕ ਹੋਈ ਰੋਮਾਂਟਿਕ ਮੁਲਾਕਾਤ ਤੁਹਾਨੂੰ ਉਲਝਣ ਵਿਚ ਪਾ ਸਕਦੀ ਹੈ। ਕੋਈ ਵੀ ਵਚਨ ਨਾ ਕਰੋ ਜਦੋਂ ਤੱਕ ਤੁਸੀ ਇਸ ਨੂੰ ਸਨਮਾਨਿਤ ਕਰਨ ਬਾਰੇ ਯਕੀਨ ਨਹੀਂ ਕਰਦੇ। ਬਿਨਾਂ ਕੋਈ ਨੋਟਿਸ ਦਿੱਤੇ ਅੱਜ ਤੁਹਾਡੇ ਘਰ ਦੂਰ ਦਾ ਰਿਸ਼ਤੇਦਾਰ ਆ ਸਕਦਾ ਹੈ ਜਿਸ ਨਾਲ ਤੁਹਾਡਾ ਜ਼ਿਆਦਾਤਰ ਸਮਾਂ ਬਤੀਤ ਹੋ ਸਕਦਾ ਹੈ। ਬਾਹਰਲੇ ਲੋਕਾਂ ਦੀ ਦਖਲਅੰਦਾਜ਼ੀ ਤੁਹਾਡੇ ਵਿਆਹੁਤਾ ਜੀਵਨ ਵਿਚ ਗੜਬੜੀ ਦਾ ਕਾਰਨ ਬਣ ਸਕਦੀ ਹੈ।

**ਸਿੰਘ:** ਤੁਹਾਡਾ ਦੁਖੀ ਸੁਭਾਅ ਤੁਹਾਨੂੰ ਉਦਾਸ ਅਤੇ ਦੁਖੀ ਬਣਾ ਸਕਦਾ ਹੈ ਤੁਸੀ ਇਹ ਚੋਟ ਖੁਦ ਨੂੰ ਪਹੁੰਚਾ ਰਹੇ ਹੋ ਇਸ ਲਈ ਜਿੰਨੀ ਜਲਦੀ ਹੋ ਸਕੇ ਇਸ ਨੂੰ ਛੋਡ ਦਿਉ। ਦੂਸਰਿਆਂ ਦੇ ਦੁੱਖ ਸੁੱਖ ਵੰਡਣ ਦੀ ਆਦਤ ਵਿਕਸਿਤ ਕਰੋ। ਆਪਣੇ ਖਰਚਿਆਂ ਤੇ ਕਾਬੂ ਰੱਖੋ ਅਤੇ ਅੱਜ ਹੱਥ ਖੋਲ ਕੇ ਖਰਚਾ ਨਾ ਕਰੋ। ਜਦੋਂ ਲੋਕ ਤੁਹਾਡੇ ਕਰੀਬ ਹਨ ਤੇ ਤੁਹਾਡਾ ਗਲਤ ਫਾਇਦਾ ਉਠਾ ਸਕਦੇ ਹਨ। ਅੱਜ ਤੁਹਾਨੂੰ ਪਿਆਰ ਦੀ ਅਮੀਰ ਚੋਕਲੇਟ ਦਾ ਸਵਾਦ ਦੇਖਣ ਨੂੰ ਮਿਲੇਗਾ। ਤੁਸੀ ਕਾਮਯਾਬੀ ਜ਼ਰੂਰ ਹਾਸਿਲ ਕਰੋਂਗੇ ਬਸ ਸਮੇਂ ਸਮੇਂ ਤੇ ਕੁਝ ਮਹੱਤਵਪੂਰਨ ਕਦਮ ਉਠਾਉਣ ਦੀ ਲੋੜ ਹੈ। ਦਿਨ ਦੀ ਸ਼ੁਰੂਆਤ ਭਾਂਵੇ ਥੋੜੀ ਥਕਾਵਟ ਭਰੀ ਹੋਵੇ ਪਰੰਤੂ ਦਿਨ ਜਿਸ ਤਰਾਂ ਵਿਕਾਸ ਕਰੇਗਾ ਤੁਹਾਡੇ ਲਈ ਵਧੀਆ ਨਤੀਜੇ ਆਉਣਗੇ ਦਿਨ ਦੇ ਅੰਤ ਵਿਚ ਤੁਸੀ ਆਪਣੇ ਆਪ ਲਈ ਸਮੇਂ ਦੀ ਭਾਲ ਕਰੋਂਗੇ ਅਤੇ ਕੁਝ ਕਰੀਬੀਆਂ ਨੂੰ ਮਿਲਣ ਦੀ ਯੋਜਨਾ ਬਣਾਉਂਗੇ। ਤੁਹਾਡੀ ਜੀਵਨ ਸਾਥੀ ਤੁਹਾਡੇ ਪਿਆਰ ਦੇ ਆਨੰਦ ਨਾਲ ਸਭ ਹੈਰਾਨ ਕਰਨ ਵਾਲੇ ਮੂਡ ਵਿਚ ਹੈ ਉਸ ਦੀ ਮਦਦ ਕਰੋ।

**ਕੰਨਿਆ:** ਬਹੁਤ ਜ਼ਿਆਦਾ ਰੁਮਾਂਚ ਅਤੇ ਦਿਵਾਨਗੀ ਦੀ ਉਚਾਈ ਤੁਹਾਡੇ ਵਿਸਫੋਟਕ ਜਨੂੰਨ ਨੂੰ ਨੁਕਸਾਨ ਪਹੁੰਚਾ ਸਕਦੀ ਹੈ ਇਨਾਂ ਦਿੱਕਤਾਂ ਤੋਂ ਬਚਣ ਲਈ ਆਪਣੇ ਜਜ਼ਬਾਤ ਕਾਬੂ ਵਿਚ ਰੱਖੋ। ਜੋ ਲੋਕ ਆਪਣੇ ਕਰੀਬੀਆਂ ਜਾਂ ਰਿਸ਼ਤੇਦਾਰਾਂ ਨਾਲ ਮਿਲ ਕੇ ਕਾਰੋਬਾਰ ਕਰ ਰਹੇ ਹਨ ਉਨਾਂ ਨੂੰ ਬਹੁਤ ਧਿਆਨ ਰੱਖਣ ਦੀ ਲੋੜ ਹੈ ਨਹੀਂ ਤਾਂ ਆਰਥਿਕ ਘਾਟਾ ਹੋ ਸਕਦਾ ਹੈ। ਆਪਣੇ ਪਰਿਵਾਰ ਦੇ ਨਾਲ ਸੁਖ ਵਿਚਾਰ ਕਰੋ ਇਹ ਪਰਿਵਾਰਿਕ ਸ਼ਾਂਤੀ ਨੂੰ ਭੰਗ ਕਰ ਸਕਦਾ ਹੈ। ਤੁਹਾਡੀ ਬੱਕੀ ਅਤੇ ਉਦਾਸ ਜ਼ਿੰਦਗੀ ਵਿਚ ਆਪਣੇ ਜੀਵਨ ਸਾਥੀ ਨੂੰ ਤਣਾਵ ਦੇ ਸਕਦੀ ਹੈ। ਜੇਕਰ ਤੁਸੀ ਕਾਰੋਬਾਰ ਵਿਚ ਨਵੇਂ ਭਾਗੀਦਾਰੀ ਨੂੰ ਜੋੜਨ ਤੇ ਵਿਚਾਰ ਕਰ ਰਹੇ ਹੋ ਤਾਂ ਉਸ ਨਾਲ ਕੋਈ ਵੀ ਵਚਨ ਕਰਨ ਤੋਂ ਪਹਿਲਾਂ ਤੁਸੀ ਤੱਥਾਂ ਨੂੰ ਚੰਗੀ ਤਰਾਂ ਜਾਣ ਲਵੋ। ਤੁਹਾਡੇ ਬਾਰੇ ਲੋਕ ਕੀ ਸੋਚਦੇ ਹਨ ਅੱਜ ਤੁਹਾਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪਵੇਗਾ ਬਲਕਿ ਅੱਜ ਤੁਸੀ ਖਾਲੀ ਸਮਾਂ ਵਿਚ ਕਿਸੀ ਨਾਲ ਮਿਲਣਾ ਜੁਲਣਾ ਵੀ ਪਸੰਦ ਨਹੀਂ ਕਰੋਂਗੇ ਅਤੇ ਇਕਾਂਤ ਵਿਚ ਆਨੰਦ ਮਹਿਸੂਸ ਕਰੋਂਗੇ। ਅੱਜ ਤੁਹਾਡਾ ਜੀਵਨ ਸਾਥੀ ਬਹੁਤ ਜ਼ਿਆਦਾ ਸਵੈ ਕੇਂਦਰਿਤ ਹੋ ਸਕਦਾ ਹੈ।

**ਤੁਲਾ:** ਸਿਹਤ ਦਾ ਖਿਆਲ ਰੱਖੋ ਨਹੀਂ ਤਾਂ ਲੈਣੇ ਦੇ ਦੇਣੇ ਪੈ ਸਕਦਾ ਹੈ। ਜਿਨਾਂ ਲੋਕਾਂ ਨੇ ਜ਼ਮੀਨ ਖਰੀਦੀ ਸੀ ਅਤੇ ਹੁਣ ਉਸ ਨੂੰ ਵੇਚਣਾ ਚਾਹੁੰਦੇ ਹਨ ਉਨਾਂ ਨੂੰ ਅੱਜ ਚੰਗਾ ਖਰੀਦਦਾਰ ਮਿਲ ਸਕਦਾ ਹੈ ਅਤੇ ਜਮੀਨ ਵੇਚ ਕੇ ਚੰਗਾ ਮਿਲ ਸਕਦਾ ਹੈ। ਤੁਹਾਨੂੰ ਚਿੰਤਾ ਤੋਂ ਮੁਕਤ ਹੋ ਕੇ ਆਪਣੇ ਕਰੀਬੀ ਦੋਸਤਾਂ ਅਤੇ ਪਰਿਵਾਰ ਦੇ ਵਿਚ ਖੁਸ਼ੀ ਦੇ ਪਲਾਂ ਨੂੰ ਤਲਾਸ਼ਣਾ ਚਾਹੀਦਾ ਹੈ। ਰੋਮਾਂਟਿਕ ਯਾਦਾਂ ਅੱਜ ਤੁਹਾਡੇ ਤੇ ਛਾਈਆਂ ਰਹਿਣਗੀਆਂ ਅੱਜ ਤੁਸੀ ਦੂਸਰੇ ਦਿਨਾਂ ਦੀ ਤੁਲਨਾ ਵਿਚ ਆਪਣੇ ਲਕਸ਼ਾ ਨੂੰ ਕੁਝ ਜ਼ਿਆਦਾ ਹੀ ਉੱਚਾ ਤੈਅ ਕਰ ਸਕਦੇ ਹੋ ਜੇਕਰ ਨਤੀਜੇ ਤੁਹਾਡੇ ਉਮੀਦ ਮੁਤਾਬਿਕ ਨਾ ਹੋਣ ਤਾਂ ਨਿਰਾਸ਼ ਨਾ ਹੋਵੋ। ਤੁਹਾਡੇ ਸੰਚਾਰੀ ਹੁੰਨਰ ਪ੍ਰਭਾਵਸ਼ਾਲੀ ਹੋਣਗੇ। ਤੁਹਾਡਾ ਜੀਵਨਸਾਥੀ ਤੁਹਾਨੂੰ ਅੱਜ ਤੁਹਾਡੇ ਅੱਲੜ ਉਮਰ ਦੇ ਬਦਨਾਮ ਪਲਾਂ ਨੂੰ ਚੇਤੇ ਕਰਵਾਉਗਾ।

**ਬ੍ਰਿਸ਼ਚਕ:** ਅਚਾਨਕ ਯਾਤਰਾ ਕਰਨਾ ਥਕਾਵਟ ਭਰਿਆ ਸਾਬਿਤ ਹੋਵੇਗਾ। ਤੁਹਾਨੂੰ ਆਪਣਾ ਪੈਸਾ ਇਕੱਠਾ ਕਰਨਾ ਅਤੇ ਇਹ ਜਾਣਨ ਦੀ ਲੋੜ ਹੈ ਕਦੋਂ ਤੇ ਕਿੱਥੇ ਸਮਝਦਾਰੀ ਨਾਲ ਖਰਚਣਾ ਹੈ ਨਹੀਂ ਤਾਂ ਤੁਹਾਨੂੰ ਆਉਣ ਵਾਲੇ ਸਮੇਂ ਵਿਚ ਪਛਤਾਉਣਾ ਪੈ ਸਕਦਾ ਹੈ। ਅਜਿਹੇ ਨੇੜੇ ਦੇ ਦੋਸਤਾਂ ਨਾਲ ਬਾਹਰ ਜਾਵੋ ਜੋ ਤੁਹਾਡੇ ਹਾਲਾਤ ਅਤੇ ਲੋੜ ਨੂੰ ਸਮਝਦੇ ਹਨ। ਅੱਜ ਤੁਸੀ ਪਿਆਰ ਦੇ ਮੂਡ ਵਿਚ ਹੋਵੋਂਗੇ ਅਤੇ ਤੁਹਾਡੇ ਕੋਲ ਕਾਫੀ ਮੌਕੇ ਵੀ ਹੋਣਗੇ। ਅੱਜ ਤੁਸੀ ਕੰਮ ਕਾਰ ਵਿਚ ਹਰ ਪਾਸੇ ਟਾਕ ਰੱਖ ਸਕਦੇ ਹੋ। ਇਸ ਰਾਸ਼ੀ ਦੇ ਵਿਦਿਆਰਥੀਆਂ ਨੂੰ ਅੱਜ ਦੇ ਦਿਨ ਪੜ੍ਹਾਈ ਵਿਚ ਮਨ ਲਗਾਉਣ ਵਿਚ ਮੁਸ਼ਕਿਲ ਆ ਸਕਦੀ ਹੈ ਅੱਜ ਤੁਸੀ ਆਪਣਾ ਕੀਮਤੀ ਸਮਾਂ ਦੋਸਤਾਂ ਦੇ ਚੱਕਰ ਵਿਚ ਬਰਬਾਦ ਕਰ ਸਕਦੇ ਹੋ ਤੁਸੀ ਵਿਆਹ ਨਾਲ ਜੁੜੇ ਚੁਟਕਲੇ ਸ਼ੋਸ਼ਲ ਮੀਡੀਆ ਤੇ ਪੜ੍ਹਕੇ ਖਿਲਖਿਲਾਉਂਦੇ ਹੋ। ਪਰੰਤੂ ਅੱਜ ਤੁਸੀ ਭਾਵੁਕ ਹੋ ਜਾਵੋਂਗੇ ਜਦੋਂ ਵਿਆਹਕ ਜੀਵਨ ਦੀਆਂ ਸੋਹਣੀਆਂ ਚੀਜਾਂ ਤੁਹਾਡੇ ਸਾਹਮਣੇ ਆਉਣਗੀਆਂ।

**ਧਨੂੰ:** ਅਣਇੱਛਤ ਯਾਤਰਾਵਾਂ ਥਕਾਵਟ ਭਰੀਆਂ ਮਹਿਸੂਸ ਹੋਣਗੀਆਂ ਅਤੇ ਬੇਚੈਨੀ ਦਾ ਕਾਰਣ ਬਣ ਸਕਦੀ ਹੈ ਮਾਸਪੇਸ਼ੀਆਂ ਨੂੰ ਆਰਾਮ ਦੇਣ ਲਈ ਸਰੀਰ ਨੂੰ ਤੇਲ ਦੀ ਮਾਲਿਸ਼ ਕਰੋ। ਸਿਰਫ ਅਕਲਮੰਦੀ ਨਾਲ ਕੀਤਾ ਨਿਵੇਸ਼ ਹੀ ਫਲਦਾਇਕ ਹੋਵੇਗਾ ਇਸ ਲਈ ਮਿਹਨਤ ਦੀ ਕਮਾਈ ਸੋਚ ਸਮਝ ਕੇ ਲਗਾਉ। ਜਿੰਨਾ ਤੁਸੀ ਸੋਚਿਆ ਹੈ ਤੁਹਾਡਾ ਭਾਈ ਉਸ ਤੋਂ ਜ਼ਿਆਦਾ ਮਦਦਗਾਰ ਸਾਬਿਤ ਹੋਵੇਗਾ। ਰੋਮਾਂਟਿਕ ਯਾਦਾਂ ਅੱਜ ਤੁਹਾਡੇ ਤੇ ਛਾਈਆਂ ਰਹਿਣਗੀਆਂ ਅੱਜ ਦਫਤਰ ਵਿਚ ਤੁਹਾਨੂੰ ਅਜਿਹਾ ਕੰਮ ਮਿਲ ਸਕਦਾ ਹੈ ਜਿਸ ਨੂੰ ਤੁਸੀ ਹਮੇਸ਼ਾ ਤੋਂ ਕਰਨਾ ਚਾਹੁੰਦੇ ਹੋ। ਤੁਹਾਡੇ ਲਈ ਯਾਤਰਾ ਆਨੰਦਦਾਇਕ ਅਤੇ ਬਹੁਤ ਲਾਭਦਾਇਕ ਰਹੇਗੀ। ਤੁਹਾਡਾ ਜੀਵਨਸਾਥੀ ਤੁਹਾਨੂੰ ਇਨਾਂ ਬੇਹਤਰੀਨ ਪਹਿਲਾਂ ਕਦੀ ਨਜ਼ਰ ਨਹੀਂ ਆਇਆ ਤੁਹਾਨੂੰ ਉਸ ਕੋਲੋਂ ਕੋਈ ਵਧੀਆ ਸਰਪਰਾਈਜ਼ ਮਿਲ ਸਕਦਾ ਹੈ।

**ਮਕਰ:** ਅੱਜ ਦਾ ਦਿਨ ਉਹਨਾਂ ਦਿਨਾਂ ਦੀ ਤਰਾਂ ਨਹੀਂ ਹੈ ਜਦੋਂ ਤੁਸੀ ਕਿਸਮਤ ਵਾਲੇ ਸਾਬਿਤ ਹੁੰਦੇ ਹੋ ਇਸ ਲਈ ਅੱਜ ਜੋ ਕੁਝ ਵੀ ਬੋਲੋ ਸੋਚ ਸਮਝ ਕੇ ਬੋਲੋ ਕਿਉਂ ਕਿ ਥੋੜੀ ਜਿਹੀ ਬਾਤਚੀਤ ਦਿਨਭਰ ਖਿੱਚ ਕੇ ਵੱਡੇ ਵਿਵਾਦ ਦਾ ਰੂਪ ਲੈ ਸਕਦੀ ਹੈ ਅਤੇ ਤੁਹਾਨੂੰ ਤਨਾਵ ਦੇ ਪਲ ਵੀ ਦੇ ਸਕਦੀ ਹੈ। ਤੁਹਾਡੇ ਘਰ ਨਾਲ ਜੁੜਿਆ ਨਿਵੇਸ਼ ਲਾਭਦਾਇਕ ਰਹੇਗਾ। ਅੱਜ ਤੁਹਾਡਾ ਉਰਜਾ ਨਾਲ ਭਰਪੂਰ ਜ਼ਿੰਦਾਦਿਲੀ ਅਤੇ ਗਰਮਜੋਸ਼ੀ ਨਾਲ ਭਰਿਆ ਵਿਵਹਾਰ ਨੇੜੇ ਨੇੜੇ ਦੇ ਲੋਕਾਂ ਨੂੰ ਖੁਸ਼ ਕਰ ਦੇਵੇਗਾ। ਪਿਆਰ ਰੱਬ ਦੀ ਪੂਜਾ ਵਾਂਗ ਪਵਿੱਤਰ ਹੈ ਅੱਜ ਇਹ ਤੁਹਾਨੂੰ ਸੱਚੇ ਅਰਥਾਂ ਵਿਚ ਧਰਮ ਅਧਿਆਤਮਿਕਤਾ ਵੱਲ ਲੈ ਜਾ ਸਕਦਾ ਹੈ। ਵੱਡੇ ਕਾਰੋਬਾਰੀ ਸੌਦੇ ਕਰਦੇ ਸਮੇਂ ਆਪਣੀਆਂ ਭਾਵਨਾਵਾਂ ਤੇ ਕਾਬੂ ਰੱਖੋ। ਤੁਹਾਡਾ ਅੱਜ ਦਾ ਏਜੰਡਾ ਯਾਤਰਾ ਮਨੋਰੰਜਨ ਅਤੇ ਸਮਾਜਿਕਤਾ ਨਾਲ ਮਿਲਣ ਜੁਲਣ ਵਾਲਾ ਹੋਵੇਗਾ। ਆਪਣੇ ਜੀਵਨਸਾਥੀ ਦੇ ਨਾਲ ਅੱਜ ਤੁਸੀ ਇਕ ਸ਼ਾਨਦਾਰ ਸ਼ਾਮ ਗੁਜ਼ਾਰ ਸਕਦੇ ਹੋ।

**ਕੁੰਭ:** ਅੱਜ ਅਤੀਤ ਦੇ ਗਲਤ ਫੈਸਲੇ ਮਾਨਸਿਕ ਅਸ਼ਾਤੀ ਅਤੇ ਕਲੇਸ਼ ਦੀ ਵਜਾਹ ਬਣਨਗੇ ਤੁਸੀ ਖੁਦ ਨੂੰ ਇਕੱਲਾ ਰੱਖੋਂਗੇ ਅਤੇ ਸਹੀ ਗਲਤ ਦਾ ਫੈਂਸਲਾ ਕਰਨ ਵਿਚ ਅਸਮਰਥ ਮਹਿਸੂਸ ਕਰਨਗੇ। ਦੂਜਿਆਂ ਦੀ ਸਲਾਹ ਲਵੋ। ਤੁਸੀ ਅਜਿਹੇ ਸ੍ਰੋਤ ਤੋਂ ਪੈਸਾ ਕਮਾ ਸਕਦੇ ਹੋ ਜਿਸ ਬਾਰੇ ਤੁਸੀ ਪਹਿਲਾਂ ਸੋਚਿਆ ਵੀ ਨਹੀਂ। ਪਰਿਵਾਰ ਵਾਲਿਆਂ ਦਾ ਹਾਸਾ ਮਜ਼ਾਕ ਭਰਿਆ ਬਰਤਾਵ ਵਾਤਾਵਰਣ ਨੂੰ ਹਲਕਾ ਫੁਲਕਾ ਅਤੇ ਖੁਸ਼ੀ ਭਰਿਆ ਬਣਾ ਦਵੇਗੇ। ਆਪਣੇ ਪ੍ਰੇਮੀ ਦੀ ਨਾਰਾਜ਼ਗੀ ਦੇ ਬਾਵਜੂਦ ਆਪਣਾ ਪਿਆਰ ਜ਼ਾਹਿਰ ਨਾ ਕਰੋ। ਪੇਸ਼ੇਵਰ ਤੌਰ ਤੇ ਅੱਜ ਦਾ ਦਿਨ ਸਾਕਾਰਤਮਕ ਰਹੇਗਾ। ਇਸ ਦਾ ਭਰਪੂਰ ਉਪਯੋਗ ਕਰੋ। ਤੁਹਾਨੂੰ ਆਪਣੇ ਜ਼ਿੰਦਗੀ ਦੇ ਰਿਸ਼ਤਿਆਂ ਅਤੇ ਲੋਕਾਂ ਨੂੰ ਸਮਾਂ ਦੇਣਾ ਸਿੱਖਣਾ ਪਵੇਗਾ ਜਿਸ ਦੀ ਤੁਸੀ ਸਭ ਤੋਂ ਵੱਧ ਕਦਰ ਕਰਦੇ ਹੋ। ਅੱਜ ਖਰਚਿਆਂ ਨੂੰ ਲੈ ਕੇ ਤੁਹਾਡੇ ਜੀਵਨ ਸਾਥੀ ਤੇ ਸੰਬੰਧਾਂ ਵਿਚ ਤਣਾਵ ਸੰਭਵ ਹੈ।

**ਮੀਨ:** ਡਰ ਤੁਹਾਡੀ ਖੁਸ਼ੀ ਨੂੰ ਬਰਬਾਦ ਕਰ ਸਕਦਾ ਹੈ ਤੁਹਾਨੂੰ ਸਮਝਣਾ ਚਾਹੀਦਾ ਹੈ ਕਿ ਇਹ ਤੁਹਾਡੇ ਖਿਆਲਾਂ ਅਤੇ ਕਲਪਨਾ ਤੋਂ ਪੈਦਾ ਹੁੰਦਾ ਹੈ ਅਤੇ ਸਹਿਜਤਾ ਨੂੰ ਖਤਮ ਕਰ ਦਿੰਦਾ ਹੈ ਇਸ ਲਈ ਇਸ ਨੂੰ ਪਹਿਲਾਂ ਹੀ ਕੁਚਲ ਦਿਉ ਤਾਂ ਕਿ ਇਹ ਤੁਹਾਨੂੰ ਡਰਪੋਕ ਨਾ ਸਮਝੇ। ਕਰੀਬੀ ਰਿਸ਼ਤੇਦਾਰ ਦੇ ਘਰ ਜਾਣਾ ਅੱਜ ਤੁਹਾਡੀ ਆਰਥਿਕ ਸਥਿਤੀ ਨੂੰ ਵਿਗਾੜ ਸਕਦਾ ਹੈ। ਘਰ ਵਿਚ ਕੁਝ ਬਦਲਾਅ ਤੁਹਾਨੂੰ ਕਾਫੀ ਭਾਵੁਕ ਬਣਾ ਸਕਦੇ ਹਨ ਪਰ ਤੁਸੀ ਆਪਣੀਆਂ ਭਾਵਨਾਵਾਂ ਉਨਾਂ ਦੇ ਸਾਹਮਣੇ ਜ਼ਾਹਿਰ ਕਰਨ ਵਿਚ ਸਫਲ ਹੋਵੋਂਗੇ ਜੋ ਤੁਹਾਡੇ ਲਈ ਖਾਸ ਹੈ। ਤੁਹਾਡਾ ਪ੍ਰੇਮੀ ਅੱਜ ਬਹੁਤ ਖਿੜਿਆ ਹੋਇਆ ਮਹਿਸੂਸ ਕਰ ਸਕਦਾ ਹੈ ਜੋ ਤੁਹਾਡੇ ਦਿਮਾਗ ਤੇ ਬੋਝ ਹੋਰ ਵਧਾ ਦੇਵੇਗਾ। ਨਵੇਂ ਸੰਪਰਕ ਬਣਾਉਣ ਅਤੇ ਕਾਰੋਬਾਰੀ ਉਦੇਸ਼ਾਂ ਦੇ ਲਈ ਕੀਤੀ ਗਈ ਯਾਤਰਾ ਫਲਦਾਇਕ ਹੋ ਸਾਬਿਤ ਹੋਵੇਗੀ। ਜਦੋਂ ਜ਼ਿਆਦਾਤਰ ਚੀਜ਼ਾਂ ਅੱਗੇ ਵਧਦੀਆਂ ਹਨ ਤਾਂ ਦਿਨ ਤਣਾਅ ਭਰਿਆ ਹੋ ਸਕਦਾ ਹੈ ਜਿਵੇਂ ਤੁਸੀ ਚਾਹੁੰਦੇ ਹੋ। ਤੁਹਾਡੇ ਜੀਵਨ ਸਾਥੀ ਦੀ ਤਰਫ ਤੋਂ ਮਿਲਿਆ ਕੋਈ ਖਾਸ ਤੋਹਫਾ ਤੁਹਾਡੇ ਬੇਕਾਰ ਮੂਡ ਨੂੰ ਖੁਸ਼ ਕਰਨ ਦੇ ਲਈ ਕਾਫੀ ਮਦਦਗਾਰ ਸਾਬਿਤ ਹੋਵੇਗਾ।

## ਸਾਕਾ ਸਰਹਿੰਦ–
# ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ



ਮਾਤਾ ਗੁਜਰੀ ਜੀ ਦਾ ਨਾਂ ਸੰਸਾਰ ਭਰ ਵਿੱਚ ਬਹੁਤ ਹੀ ਸਤਿਕਾਰ ਨਾਲ ਲਿਆ ਜਾਂਦਾ ਹੈ ,ਜਿਹਨਾਂ ਨੇ ਆਪਣਾ ਪੂਰਾ ਪਰਿਵਾਰ ਸੱਚ ਅਤੇ ਧਰਮ ਤੋਂ ਕੁਰਬਾਨ ਕਰ ਦਿੱਤਾ । ਉਹ ਸਿਦਕ ,ਸੇਵਾ,ਸਹਿਜ ਅਤੇ ਸਹਿਣਸ਼ੀਲਤਾ ਦੀ ਮੂਰਤ ਸਨ। ਆਪ ਜੀ ਨੇ ਆਪਣੇ ਪਤੀ ਗੁਰੂ ਤੇਗ ਬਹਾਦਰ ਜੀ ਦੀ ਪੂਰੀ ਤਨ ਦੇਹੀ ਨਾਲ ਸੇਵਾ ਕੀਤੀ ਅਤੇ ਹਰ ਸਮੇਂ ਉਹਨਾਂ ਨੂੰ ਪੂਰਾ ਸਹਿਯੋਗ ਦਿੱਤਾ। 1675 ਈਸਵੀ ਵਿਚ ਜਦੋਂ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਵਿਖੇ ਸ਼ਹੀਦ ਕੀਤਾ ਗਿਆ, ਤਦ ਵੀ ਉਹ ਡੋਲੇ ਨਹੀਂ ਅਤੇ ਉਹ ਜ਼ਿੰਮੇਵਾਰੀ ਨਾਲ ਬਾਲ ਗੋਬਿੰਦ ਦੀ ਅਤੇ ਉਸ ਦੇ ਪਰਿਵਾਰ ਦੀ ਪਾਲਣਾ ਕਰਦੇ ਰਹੇ ਅਤੇ ਉਹਨਾਂ ਨੂੰ ਗੁਰਮਤਿ ਅਨੁਸਾਰ ਜੀਵਨ ਜਿਊਣ ਦੀ ਸਿੱਖਿਆ ਵੀ ਦਿੰਦੇ ਰਹੇ । ਪਿਤਾ ਦੀ ਸ਼ਹਾਦਤ ਉਪਰੰਤ ਗੋਬਿੰਦ ਰਾਇ ਗੁਰੂ ਬਣੇ ਅਤੇ ਉਹਨਾਂ ਨੇ ਸਮੇਂ ਨੂੰ ਵਿਚਾਰ ਕੇ ਖਾਲਸਾ ਪੰਥ ਸਾਜਿਆ, ਸਿੰਘ ਸਜਾਇਆ। ਹਥਿਆਰਾਂ ਦੀ ਟ੍ਰੇਨਿੰਗ ਦਿੱਤੀ ਅਤੇ ਨਿਰਭੈ ਯੋਧੇ ਬਣਾਇਆ। ਪਹਾੜੀ ਰਾਜਿਆਂ ਨੇ ਵੱਖ ਵੱਖ ਸਮੇਂ ਕਈ ਵਾਰੀਂ ਗੁਰੂ ਜੀ ਤੇ ਹਮਲੇ ਕੀਤੇ ਪਰ ਹਮੇਸ਼ਾ ਹਾਰਦੇ ਰਹੇ । ਉਹਨਾਂ ਨੇ ਦਿੱਲੀ ਦੇ ਮੁਗਲ ਸ਼ਾਸ਼ਕ ਔਰੰਗਜੇਬ ਕੋਲ ਸ਼ਿਕਾਇਤਾਂ ਲਗਾ ਕੇ ਉਸਦੀ ਵੀ ਮੱਦਦ ਲੈ ਲਈ ਅਤੇ ਸਭ ਨੇ ਇਕੱਠੇ ਹੋ ਕੇ ਅਨੰਦਪੁਰ ਸਾਹਿਬ ਕਿਲ੍ਹੇ ਨੂੰ ਘੇਰਾ ਪਾ ਲਿਆ, ਜਿੱਥੇ ਗੁਰੂ ਸਾਹਿਬ ,ਉਹਨਾਂ ਦਾ ਪਰਿਵਾਰ ਅਤੇ ਕੁਝ ਸਿੰਘ ਰਹਿ ਰਹੇ ਸਨ। ਅੱਠ ਮਹੀਨੇ ਇਹ ਘੇਰਾਬੰਦੀ ਰਹੀ , ਜੰਗ ਵੀ ਹੁੰਦਾ ਰਿਹਾ, ਦੁਸ਼ਮਣ ਨੇ ਬਾਹਰੋਂ ਰਸਦ ਆਦਿ ਅੰਦਰ ਜਾਣੋ ਰੋਕ ਦਿੱਤੀ। ਫੇਰ ਮੁਗਲਾਂ ਨੇ ਕੁਰਾਨ ਦੀ ਅਤੇ ਪਹਾੜੀ ਰਾਜਿਆਂ ਨੇ ਆਟੇ ਦੀ ਗਊ ਲਿਆ ਕੇ ਉਸਦੀਆਂ ਝੂਠੀਆਂ ਕਸਮਾਂ ਖਾ ਕੇ ਕਿਹਾ ਕਿ ਜੇ ਗੁਰੂ ਜੀ ਕਿਲਾ ਖਾਲੀ ਕਰ ਜਾਣ, ਉਹ ਕੁਝ ਨਹੀਂ ਕਹਿਣਗੇ। ਗੁਰੂ ਗੋਬਿੰਦ ਸਿੰਘ ਜੀ ਨੇ ਪਰਿਵਾਰ ਸਮੇਤ ਕਿਲਾ ਖਾਲੀ ਕਰ ਦਿੱਤਾ। ਪਰ ਦੁਸ਼ਮਣ ਨੇ ਫੇਰ ਵਾਅਦਾ ਤੋੜ ਕੇ ਪਿਛੇ ਤੋਂ ਹਮਲਾ ਕਰ ਦਿੱਤਾ। ਇਹ ਘਟਨਾ 6 ਪੋਹ ਦੀ ਹੈ । ਗੁਰੂ ਗੋਬਿੰਦ ਸਿੰਘ ਜੀ ਦੀਆਂ ਤਿੰਨ ਪਤਨੀਆਂ ਸਨ, ਮਾਤਾ ਜੀਤੋ ਜੀਂ, ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀਂ। ਗੁਰੂ ਜੀ ਦੇ ਚਾਰ ਪੁੱਤਰ ਸਨ ਜਿਹਨਾਂ ਨੂੰ ਸਤਿਕਾਰ ਨਾਲ ਚਾਰ ਸਾਹਿਬਜ਼ਾਦੇ ਆਖਿਆ ਜਾਂਦਾ ਹੈ। ਇਹਨਾਂ ਵਿਚੋਂ ਸਾਹਿਬਜ਼ਾਦਾ ਅਜੀਤ ਸਿੰਘ ਦੀ ਮਾਤਾ, ਮਾਤਾ ਜੀਤੋ ਜੀਂ ਸਨ, ਜਦਕਿ ਸਾਹਿਬਜ਼ਾਦਾ ਜੁਝਾਰ ਸਿੰਘ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਹਿ ਸਿੰਘ ਤਿੰਨੋਂ ਮਾਤਾ ਸੁੰਦਰੀ ਜੀ ਦੀ ਕੁੱਖੋਂ ਜਨਮੇ ਸਨ। ਮਾਤਾ ਜੀਤੋ ਜੀ ਇਸ ਸਮੇਂ ਤੱਕ ਸਵਰਗਵਾਸ ਹੋ ਚੁੱਕੇ ਸਨ। ਸਰਸਾ ਨਦੀ ਤੱਕ ਲੜਦੇ ਲੜਦੇ ਪੁੱਜੇ ਕਿ ਇੱਥੇ ਆ ਕੇ ਗੁਰੂ ਸਾਹਿਬ ਦਾ ਪਰਿਵਾਰ ਤਿੰਨ ਹਿੱਸਿਆਂ ਵਿੱਚ ਵਿੱਛੜ ਗਿਆ। ਇੱਕ ਹਿੱਸਾ ਗੁਰੂ ਜੀ ਵੱਡੇ ਸਾਹਿਬਜ਼ਾਦੇ ਅਤੇ ਕੁਝ ਸਿੰਘਾਂ ਦਾ ਸੀ, ਜੋ ਚਮਕੌਰ ਸਾਹਿਬ ਵੱਲ ਨਿਕਲ ਗਏ। ਜਿੱਥੇ ਬਾਅਦ ਵਿੱਚ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ ਜੰਗ ਦੇ ਮੈਦਾਨ ਵਿੱਚ ਜੂਝਦੇ ਹੋਏ ਸ਼ਹੀਦੀ ਪਾ ਗਏ। ਦੂਜੇ ਹਿੱਸੇ ਵਿੱਚ ਗੁਰੂ ਜੀ ਦੀਆਂ ਪਤਨੀਆਂ ਮਾਤਾ ਸੁੰਦਰ ਕੌਰ ਜੀਂ ਅਤੇ ਮਾਤਾ ਸਾਹਿਬ ਕੌਰ ਜੀ ਸਮੇਤ ਕੁਝ ਸਿੰਘਾਂ ਦੇ ਦਿੱਲੀ ਵੱਲ ਨੂੰ ਨਿਕਲ ਗਏ। ਅਤੇ ਤੀਸਰੇ ਹਿੱਸੇ ਵਿੱਚ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਸਨ, ਜਿਹਨਾਂ ਦੀ ਗਾਥਾ ਆਪਾਂ ਅੱਜ ਵਿਸਥਾਰ ਵਿੱਚ ਜਾਨਣ ਦੀ ਕੋਸ਼ਿਸ਼ ਕਰਦੇ ਹਾਂ ।


ਜਸਵਿੰਦਰ ਸਿੰਘ ਰੁਪਾਲ

ਸਰਸਾ ਦੇ ਤੇਜ਼ ਪਾਣੀਆਂ ਨੂੰ ਪਾਰ ਕਰਕੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਇੱਕ ਪਾਸੇ ਨੂੰ ਚੱਲ ਪਏ। ਪੋਹ ਦਾ ਮਹੀਨਾ, ਹੱਡ ਚੀਰਵੀਂ ਠੰਢ, ਪਿੱਛੋਂ ਦੁਸ਼ਮਣ ਦਾ ਖਤਰਾ, ਮਾਤਾ ਜੀ 81 ਸਾਲ ਦੇ ਸਨ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਲੱਗਭੱਗ 9 ਸਾਲ ਅਤੇ ਸਾਹਿਬਜ਼ਾਦਾ ਫਤਹਿ ਸਿੰਘ 7 ਸਾਲ ਦੇ ਸਨ। ਅੱਗੋਂ ਨ੍ਹੇਰੀ ਰਾਤ ਆ ਰਹੀ ਸੀ। ਪਿੰਡ ਚੱਕ ਢੇਰਾਂ ਦੇ ਕੁੰਮਾ ਮਾਸ਼ਕੀ ਨੇ ਇਨਸਾਨੀਅਤ ਦੇ ਨਾਤੇ ਮਾਤਾ ਜੀ ਨੂੰ ਬੱਚਿਆਂ ਸਮੇਤ ਆਪਣੀ ਕਾਨਿਆਂ ਦੀ ਛੰਨ ਵਿੱਚ ਇੱਕ ਰਾਤ ਲਈ ਰੱਖਿਆ ਅਤੇ ਸੇਵਾ ਕੀਤੀ। ਅਗਲੀ ਸਵੇਰ ਜਦੋ ਉਥੋਂ ਤੁਰੇ ਤਾਂ ਉਹਨਾਂ ਨੂੰ ਗੰਗੂ ਬ੍ਰਾਹਮਣ ਮਿਲ ਗਿਆ ਜਿਹੜਾ ਪਹਿਲਾਂ ਅਨੰਦਪੁਰ ਸਾਹਿਬ ਵਿੱਚ ਉਹਨਾਂ ਦਾ ਰਸੋਈਆ ਰਹਿ ਚੁੱਕਾ ਸੀ। ਗੰਗੂ ਨੇ ਬੇਨਤੀ ਕੀਤੀ ਤੇ ਮਾਤਾ ਜੀ ਅਤੇ ਬੱਚਿਆਂ ਨੂੰ ਪਿੰਡ ਸਹੇੜੀ ਜਿਲਾ ਰੋਪੜ , ਆਪਣੇ ਘਰ ਲੈ ਆਇਆ । ਉਧਰ ਦੁਸ਼ਮਣ ਗੁਰੂ ਸਾਹਿਬ ਨੂੰ ਲੱਭ ਰਿਹਾ ਸੀ ਅਤੇ ਉਸਨੇ ਮੁਨਾਦੀ ਕਰਵਾ ਦਿੱਤੀ ਸੀ ਕਿ ਗੁਰੂ ਜੀ ਜਾਂ ਉਹਨਾਂ ਦੇ ਪਰਿਵਾਰ ਨੂੰ ਪਨਾਹ ਦੇਣ ਵਾਲੇ ਨੂੰ ਸਖਤ ਸਜ਼ਾ ਦਿੱਤੀ ਜਾਏਗੀ ਅਤੇ ਉਹਨਾਂ ਨੂੰ ਗ੍ਰਿਫਤਾਰ ਕਰਵਾਉਣ ਵਾਲੇ ਨੂੰ ਬਹੁਤ ਵੱਡਾ ਇਨਾਮ ਦਿੱਤਾ ਜਾਏਗਾ। ਮਾਤਾ ਗੁਜਰੀ ਕੋਲ ਕੁਝ ਮੋਹਰਾਂ ਸਨ, ਇਤਿਹਾਸ ਵਿਚ ਜਿਕਰ ਹੈ ਕਿ ਗੰਗੂ ਨੇ ਉਹ ਮੋਹਰਾਂ ਦੀ ਥੇਲੀ ਚੁਰਾ ਲਈ ਅਤੇ ਮਾਤਾ ਜੀ ਦੇ ਪੁੱਛੇ ਜਾਣ ਤੇ ਸਾਫ਼ ਮੁੱਕਰ ਗਿਆ ਅਤੇ ਕਾਫੀ ਨਾਰਾਜ਼ ਵੀ ਹੋਇਆ। ਆਪਣੀ ਸ਼ਰਮਿੰਦਗੀ ਨੂੰ ਢੱਕਣ ਲਈ, ਮੁਗਲਾਂ ਤੋਂ ਆਪਣੀ ਜਾਨ ਬਚਾਉਣ ਲਈ ਅਤੇ ਹਾਕਮਾਂ ਤੋਂ ਹੋਰ ਇਨਾਮ ਪ੍ਰਾਪਤ ਕਰਨ ਦੇ ਲਾਲਚ ਵਿੱਚ ਗੰਗੂ ਨੇ ਮਾਤਾ ਜੀ ਅਤੇ ਬੱਚਿਆਂ ਨੂੰ ਗ੍ਰਿਫਤਾਰ ਕਰਵਾ ਦਿੱਤਾ। ਮੋਰਿੰਡੇ ਥਾਣੇ ਤੋਂ ਆਏ ਸਿਪਾਹੀ ਉਹਨਾਂ ਨੂੰ ਫੜ ਕੇ ਲੈ ਗਏ। ਇੱਕ ਰਾਤ ਉੱਥੇ ਕੋਤਵਾਲੀ ਵਿੱਚ ਕੈਦ ਰੱਖਿਆ ਜਿੱਥੇ ਅੱਜ ਗੁਰਦੁਆਰਾ ਕੋਤਵਾਲੀ ਸਾਹਿਬ ਸੁਸ਼ੋਭਿਤ ਹੈ। ਅਤੇ ਦੂਸਰੇ ਦਿਨ ਸਰਹਿੰਦ ਲਿਆ ਕੇ ਠੰਡੇ ਬੁਰਜ ਵਿਚ ਕੈਦ ਕਰ ਦਿੱਤਾ।

ਸਰਹਿੰਦ ਉਸ ਸਮੇਂ ਸੂਬਾ ਸੀ। ਜਿਸ ਦਾ ਸੂਬੇਦਾਰ ਵਜ਼ੀਰ ਖਾਨ ਸੀ। ਬੱਚਿਆਂ ਨੂੰ ਸੂਬੇ ਵਜ਼ੀਰ ਖਾਨ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ। ਉਹਨਾਂ ਨੂੰ ਬਹੁਤ ਸਾਰੇ ਲਾਲਚ ਦਿੱਤੇ ਗਏ ਅਤੇ ਉਹਨਾਂ ਨੂੰ ਆਪਣਾ ਸਿੱਖੀ ਧਰਮ ਛੱਡ ਕੇ ਮੁਸਲਮਾਨ ਬਣ ਜਾਣ ਲਈ ਆਖਿਆ ਗਿਆ। ਮਾਤਾ ਗੁਜਰੀ ਜੀ ਤੋਂ ਧਰਮ ਦੀ ਸਿੱਖਿਆ ਲੈ ਚੁੱਕੇ ਇਹਨਾਂ ਬੱਚਿਆਂ ਨੂੰ ਨਾ ਡਰਨ ਅਤੇ ਨਾ ਡਰਾਉਣ ਦੀ ਗੁੜ੍ਹਤੀ ਮਿਲੀ ਹੋਈ ਸੀ। ਇਸਲਈ ਉਹ ਬਿਲਕੁਲ ਨਹੀਂ ਡੋਲੇ ਅਤੇ ਪੁੱਛੇ ਗਏ ਹਰ ਪ੍ਰਸ਼ਨ ਦਾ ਨਿਡਰਤਾ ਨਾਲ ਜਵਾਬ ਦਿੰਦੇ ਰਹੇ। ਲਗਾਤਾਰ ਤਿੰਨ ਦਿਨ ਉਹਨਾਂ ਦੀ ਪੇਸ਼ੀ ਹੋਈ। ਇਹਨਾਂ ਦਿਨਾਂ ਵਿੱਚ ਮੋਤੀ ਰਾਮ ਮਹਿਰਾ ਲੁਕ ਛਿਪ ਕੇ ਬੱਚਿਆਂ ਨੂੰ ਦੁੱਧ ਪਿਲਾਉਣ ਦੀ ਸੇਵਾ ਕਰਦਾ ਰਿਹਾ। ਕਿਉਂਕਿ ਉਹਨਾਂ ਨੂੰ ਠੰਢੇ ਬੁਰਜ ਵਿਚ ਕਿਸੇ ਤਰਾਂ ਦੀ ਕੋਈ ਸਹੂਲਤ ਨਹੀਂ ਸੀ ਦਿੱਤੀ ਜਾਂਦੀ। ਇਸ ਦੌਰਾਨ ਉਹਨਾਂ ਨੂੰ ਡਰਾਇਆ ਧਮਕਾਇਆ ਵੀ ਗਿਆ। ਦੂਸਰੇ ਦਿਨ ਛੋਟੀ ਜਿਹੀ ਮੋਰੀ ਵਿਚੋਂ ਲੰਘਣ ਲਈ ਕਿਹਾ ਗਿਆ, ਖਿਆਲ ਸੀ ਕਿ ਜਦੋਂ ਉਹ ਸਿਰ ਝੁਕਾ ਕੇ ਲੰਘਣਗੇ, ਸਾਰੇ ਇਹ ਸ਼ੋਰ ਪਾ ਦੇਣਗੇ ਕਿ ਉਹ ਝੁਕ ਗਏ ਹਨ। ਪਰ ਤੇਜ ਦਿਮਾਗ ਬੱਚਿਆਂ ਨੂੰ ਜਿਵੇਂ ਸਕੀਮ ਦੀ ਸਮਝ ਆ ਗਈ ਹੋਵੇ, ਉਹਨਾਂ ਨੇ ਪੈਰ ਪਹਿਲਾਂ ਅੰਦਰ ਕੀਤੇ, ਪਿੱਛੋਂ ਸਿਰ ਅਤੇ ਜਾਂਦੇ ਹੀ ਬੋਲੇ ਸੋ ਨਿਹਾਲ ਦਾ ਜੈਕਾਰਾ ਗਜਾ ਦਿੱਤਾ। ਸੂਬਾ ਸਰਹਿੰਦ ਬਹੁਤ ਘਬਰਾ ਗਿਆ ਅਤੇ ਇੰਨੇ ਛੋਟੇ ਬੱਚਿਆਂ ਦੇ ਵੱਡੇ ਹੌਂਸਲੇ ਦੇਖ ਕੇ ਉਸਨੂੰ ਗੁੱਸਾ ਵੀ ਬਹੁਤ ਆਇਆ। ਉਹਨਾਂ ਤੇ ਕਈ ਕਿਸਮ ਦੇ ਤਸ਼ੱਦਦ ਵੀ ਕੀਤੇ ਗਏ ਪਰ ਉਹ ਦ੍ਰਿੜ੍ਹ ਰਹੇ।

ਅਖੀਰ ਤੇ ਸੂਬੇ ਨੇ ਕਾਜੀ ਨੂੰ ਇਸ਼ਾਰਾ ਕੀਤਾ ਅਤੇ ਕਾਜੀ ਨੇ ਬੱਚਿਆਂ ਨੂੰ ਜਿੰਦਾ ਨੀਹਾਂ ਵਿੱਚ ਚਿਣੇ ਜਾਣ ਦਾ ਫਤਵਾ ਜਾਰੀ ਕਰ ਦਿੱਤਾ। ਮਲੇਰਕੋਟਲੇ ਦੇ ਨਵਾਬ ਸ਼ੇਰ ਖਾਂ ਮੁਹੰਮਦ ਨੇ ਸੂਬਾ ਸਰਹਿੰਦ ਅਤੇ ਕਾਜੀ ਨੂੰ ਕਿਹਾ ਵੀ ਕਿ ਇੰਨੇ ਛੋਟੇ ਬੱਚਿਆਂ ਤੇ ਜ਼ੁਲਮ ਕਰਨਾ ਇਸਲਾਮ ਅਨੁਸਾਰ ਠੀਕ ਨਹੀਂ ਹੈ। ਉਹ ਗੁਰੂ ਗੋਬਿੰਦ ਸਿੰਘ ਜੀ ਨਾਲ ਲੜ ਸਕਦੇ ਹਨ ਪਰ ਇਹਨਾਂ ਛੋਟੇ ਬੱਚਿਆਂ ਨੇ ਉਹਨਾਂ ਦਾ ਕੀ ਵਿਗਾੜਿਆ ਏ। ਇਸ ਨਵਾਬ ਦਾ ਸਿੱਖ ਕੌਮ ਅੱਜ ਵੀ ਸਤਿਕਾਰ ਕਰਦੀ ਹੈ ਅਤੇ ਮਲੇਰਕੋਟਲਾ ਵਿੱਚ ਉਸਦੇ ਨਾਮ ਤੇ ਗੁਰਦੁਆਰਾ 'ਹਾਅ ਦਾ ਨਾਅਰਾ ਸਾਹਿਬ' ਬਣਿਆ ਹੋਇਆ ਹੈ। ਕੋਲੋਂ ਹੀ ਸੁੱਚਾ ਨੰਦ ਨੇ ਕਿਹਾ ਕਿ ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ ਹੁੰਦੇ ਹਨ ,ਇਸ ਲਈ ਕੋਈ ਲਿਹਾਜ਼ ਨਾ ਕੀਤੀ ਜਾਵੇ। ਸਿੱਖ ਇਸ ਸੁੱਚਾ ਨੰਦ ਨੂੰ ਝੂਠਾ ਨੰਦ ਆਖ ਕੇ ਅੱਜ ਵੀ ਲਾਹਨਤ ਪਾਉਂਦੇ ਹਨ। ਜਿਕਰ ਆਉਂਦਾ ਹੈ ਕਿ ਸਾਹਿਬਜਾਦਿਆਂ ਨੂੰ ਜਦੋਂ ਪੁੱਛਿਆ ਗਿਆ ਕਿ ਜੇ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ, ਸਾਹਿਬਜਾਦਿਆਂ ਨੇ ਜਵਾਬ ਦਿੱਤਾ ਕਿ ਅਸੀਂ ਸਿੰਘਾਂ ਨੂੰ ਇੱਕਠੇ ਕਰਾਂਗੇ ਅਤੇ ਤੁਹਾਡੇ ਨਾਲ ਜੰਗ ਛੇੜਾਂਗੇ। ਵਜ਼ੀਰ ਖਾਂ ਨੂੰ ਹੋਰ ਵਧੇਰੇ ਰੋਹ ਆ ਗਿਆ ਅਤੇ ਉਹ ਕਿਸੇ ਲਿਹਾਜ ਦੀ ਗੱਲ ਨਹੀਂ ਮੰਨਿਆ। ਸਾਹਿਬਜ਼ਾਦੇ ਹੁਣ ਵੀ ਉਸੇ ਜੋਸ਼ ਨਾਲ ਗੱਲਬਾਤ ਕਰ ਰਹੇ ਸਨ । 12 ਪੋਹ ਸੰਮਤ 1761 (26 ਦਸੰਬਰ 1704 ਈਸਵੀ ) ਨੂੰ ਬਾਬਾ ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਨੂੰ ਨੀਹਾਂ ਵਿੱਚ ਚਿਣ ਦਿੱਤਾ ਗਿਆ। ਸਾਰੀ ਜਨਤਾ ਦੀਆਂ ਅੱਖਾਂ ਵਿਚੋਂ ਨੀਰ ਵਹਿ ਰਿਹਾ ਸੀ, ਪਰ ਜਾਲਮ ਤੇ ਕੋਈ ਅਸਰ ਨਹੀ ਸੀ। ਅਖੀਰ ਤੇ ਜੱਲਾਦ ਨੇ ਉਹਨਾਂ ਨੂੰ ਸ਼ਹੀਦ ਕਰ ਦਿੱਤਾ। ਸਾਹਿਬਜ਼ਾਦਿਆਂ ਨੇ ਆਪਣੀ ਸ਼ਹਾਦਤ ਨਾਲ ਸਿੱਖ ਕੌਮ ਦੀਆਂ ਨੀਹਾਂ ਵਿਚ ਆਪਣੀ ਰੱਤ ਪਾ ਕੁਐ ਇਸਨੂੰ ਹੋਰ ਮਜ਼ਬੂਤੀ ਬਖਸ਼ੀ। ਉਹਨਾਂ ਦੀ ਇਹ ਸ਼ਹਾਦਤ ਬਾਅਦ ਵਿੱਚ ਵੱਡੀ ਪ੍ਰੇਰਨਾ ਬਣੀ ਜਿਸ ਕਾਰਨ ਸਿੱਖ ਕੌਮ ਵਿੱਚ ਜ਼ੁਲਮ ਵਿਰੁੱਧ ਡਟ ਕੇ ਲੜਨ ਨਾਲ ਸ਼ਹੀਦੀਆਂ ਦੀ ਇੱਕ ਲੰਮੀ ਕਤਾਰ ਲੱਗ ਗਈ। ਜਿਸ ਥਾਂ ਤੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਗਿਆ ਸੀ, ਉੱਥੇ ਹੁਣ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਮੌਜੂਦ ਹੈ।ਅਤੇ ਸੰਗਤਾਂ ਅੱਜ ਵੀ ਉਸ ਕੰਧ ਨੂੰ ਸੀਸ ਨਿਵਾਉਂਦਿਆ ਰੋਂਦੀਆਂ ਦੇਖੀਆਂ ਹਨ। ਉਸਦੇ ਨਾਲ ਹੀ ਗੁਰਦੁਆਰਾ ਠੰਢਾ ਬੁਰਜ ਸ਼ੁਸ਼ੋਭਿਤ ਹੈ ਜਿੱਥੇ ਮਾਤਾ ਜੀ ਨੂੰ ਅਤੇ ਬੱਚਿਆਂ ਨੂੰ ਰੱਖਿਆ ਗਿਆ ਸੀ।

ਮਾਤਾ ਗੁਜਰੀ ਜੀ ਬਾਰੇ ਆਖਿਆ ਜਾਂਦਾ ਹੈ ਕਿ ਉਹ ਬੱਚਿਆਂ ਦਾ ਵਿਛੋੜਾ ਨਾ ਸਹਿ ਸਕੇ ਅਤੇ ਉਹਨਾਂ ਨੇ , ਇੱਕ ਧਾਰਨਾ ਅਨੁਸਾਰ ਠੰਢੇ ਬੁਰਜ ਤੋਂ ਛਾਲ ਮਾਰ ਕੇ ,ਆਪਣੇ ਪ੍ਰਾਣ ਤਿਆਗ ਦਿੱਤੇ। ਪਰ ਗੁਰਮਤਿ ਦੀ ਕਸਵੱਟੀ ਤੇ ਪਰਖਿਆਂ ਇਹ ਗੱਲ ਠੀਕ ਨਹੀਂ ਜਾਪਦੀ। ਜਿਹੜੀ ਮਾਤਾ ਗੁਜਰੀ ਆਪਣੇ ਪਤੀ ਦੀ ਸ਼ਹਾਦਤ ਤੋਂ ਰਤਾ ਨਹੀਂ ਥਿੜਕੀ। ਜਿਸ ਨੇ ਗੁਰਬਾਣੀ ਅਤੇ ਇਤਿਹਾਸ ਸੁਣਾ ਕੇ ਆਪਣੇ ਪੋਤਿਆਂ ਨੂੰ ਸੱਚ ਤੇ ਦ੍ਰਿੜ੍ਹ ਰਹਿਣ ਦੀ ਅਤੇ ਕਦੇ ਵੀ ਨਾ ਝੁਕਣ ਦੀ ਸਿੱਖਿਆ ਦਿੱਤੀ ਹੋਵੇ, ਛੋਟੀਆਂ ਜਿੰਦਾਂ ਵਿੱਚ ਬਹਾਦਰੀ ਦੇ ਬੀਜ ਬੀਜੇ ਹੋਣ, ਉਹ ਖੁਦ ਇਹਨਾਂ ਪੋਤਿਆਂ ਦਾ ਵਿਛੋੜਾ ਨਾ ਸਹਿ ਸਕੀ ਹੋਵੇ ?? ਗੁਰਬਾਣੀ ਕਦੇ ਵੀ ਆਪ ਮਰਨ ਦੀ ਆਗਿਆ ਨਹੀਂ ਦਿੰਦੀ। ਕੀ ਮਾਤਾ ਗੁਜਰੀ ਜੀ ਗੁਰਬਾਣੀ ਦੇ ਹੁਕਮਾਂ ਦੇ ਵਿਰੁੱਧ ਜਾ ਸਕਦੇ ਸਨ ??? ਹਰਗਿਜ ਨਹੀਂ। ਅਸਲੀਅਤ ਇਹ ਸੀ ਕਿ ਜ਼ਾਲਮਾਂ ਨੇ ਖੁਦ ਹੀ ਸਜਾ ਦੇਣ ਦੇ ਰੂਪ ਵਿੱਚ ਬ੍ਰਿਧ ਮਾਤਾ ਨੂੰ ਠੰਢੇ ਬੁਰਜ ਤੋਂ ਧੱਕਾ ਦੇ ਕੇ ਆਪ ਸੁੱਟਿਆ ਸੀ ਅਤੇ ਉਹ ਸ਼ਹੀਦੀ ਪ੍ਰਾਪਤ ਕਰ ਗਏ ਸਨ।

ਮਾਤਾ ਗੁਜਰੀ ਜੀ ਦੀ ਭਾਵਨਾ ਨੂੰ ਪ੍ਰਸਿੱਧ ਲੇਖਕ ਚਰਨ ਸਿੰਘ ਸਫਰੀ ਨੇ ਸਾਕਾ ਸਰਹਿੰਦ ਵਿੱਚ ਬਹੁਤ ਖੂਬਸੂਰਤ ਬਿਆਨ ਕੀਤਾ ਹੈ । ਜਦੋ ਗਾਰਾ ਲੈਣ ਬਹਾਨੇ ਜਲਾਦ ਮਾਤਾ ਗੁਜਰੀ ਜੀ ਨੂੰ ਬੱਚਿਆਂ ਨੂੰ ਆਖਰੀ ਵਾਰ ਪਿਆਰ ਕਰਨ ਲਈ ਆਖਦਾ ਹੈ, ਤਾਂ ਮਾਤਾ ਜੀ ਕੀ ਜਵਾਬ ਦਿੰਦੇ ਹਨ ––

'ਮਾਤਾ ਗੁਜਰੀ ਜੀ ਅੱਗੋਂ ਜਵਾਬ ਦਿੱਤਾ, ਮੇਰਾ ਨਾਂ ਗੁਜ਼ਰੀ ਮੇਰੀ ਅੱਲ੍ਹ ਗੁਜ਼ਰੀ ।
ਇਹੋ ਜਿਹੀ ਕਹਾਣੀ ਤਾਂ ਮੇਰੇ ਉੱਤੇ, ਘੜੀ ਘੜੀ ਗੁਜ਼ਰੀ ਪਲ ਪਲ ਗੁਜ਼ਰੀ।
ਪਹਿਲਾਂ ਪਤੀ ਦਿੱਤੀ ਫੇਰ ਮੈਂ ਪੋਤੇ ਦਿੱਤੇ, ਆਹ ਹੁਣ ਮੌਤ ਮੈਨੂੰ ਕਹਿੰਦੀ ਚੱਲ ਗੁਜਰੀ।
ਗੁਜ਼ਰੀ ਲੋਕ ਮੈਨੂੰ ਤਾਹੀਓਂ ਆਖਦੇ ਨੇ, ਜਿਹੜੀ ਆਈ ਸਿਰ ਤੇ ਉਹ ਮੈਂ ਝੱਲ ਗੁਜ਼ਰੀ।

ਮਾਤਾ ਜੀ ਅਤੇ ਬੱਚਿਆਂ ਦੀ ਸ਼ਹੀਦੀ ਨਾਲ ਹਰ ਹਿਰਦਾ ਵਲੂੰਧਰਿਆ ਗਿਆ। ਦੀਵਾਨ ਟੋਡਰ ਮੱਲ ਨੇ ਸੂਬਾ ਸਰਹਿੰਦ ਤੋਂ ਮ੍ਰਿਤਕ ਸਰੀਰਾਂ ਦੇ ਸੰਸਕਾਰ ਕਰਵਾਉਣ ਦੀ ਆਗਿਆ ਮੰਗੀ, ਤਾਂ ਹੁਕਮ ਹੋਇਆ ਕਿ ਜਿੰਨੀ ਜਗ੍ਹਾ ਲੈਣੀ ਹੈ, ਉਤਨੀ ਜਗ੍ਹਾ ਵਿੱਚ ਸੋਨੇ ਦੀਆਂ ਮੋਹਰਾਂ ਵਿਛਾ ਕੇ ਸਰਕਾਰ ਨੂੰ ਦਿੱਤੀਆਂ ਜਾਣ। ਟੋਡਰਮੱਲ ਨੇ ਇਸੇ ਤਰਾਂ ਕੀਤਾ ਅਤੇ ਖੜ੍ਹੀਆਂ ਮੋਹਰਾਂ ਨਾਲ ਭਰ ਕੇ ਉਹ ਥਾਂ ਖਰੀਦੀ, ਅਤੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸੰਸਕਾਰ ਕੀਤਾ ਗਿਆ। ਜਿੱਥੇ ਅੱਜਕੱਲ੍ਹ ਗੁਰਦੁਆਰਾ ਜੋਤੀ ਸਰੂਪ ਸ਼ੁਸ਼ੋਭਿਤ ਹੈ। ਹਰ ਸਾਲ ਸਾਹਿਬਜ਼ਾਦਿਆਂ ਦੇ ਸੰਸਕਾਰ ਕੀਤੇ ਜਾਣ ਵਾਲੇ ਦਿਨ ਇੱਕ ਵਿਸ਼ਾਲ ਨਗਰ ਕੀਰਤਨ ਗੁਰਦੁਆਰਾ ਫਤਹਿਗੜ੍ਹ ਸਾਹਿਬ ਤੋਂ ਆਰੰਭ ਹੁੰਦਾ ਹੈ ਅਤੇ ਗੁਰਦੁਆਰਾ ਜੋਤੀ ਸਰੂਪ ਪੁੱਜ ਕੇ ਸਮਾਪਤ ਹੁੰਦਾ ਹੈ ਜਿਸ ਵਿੱਚ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਮਹਾਨ ਸ਼ਹੀਦਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦੀਆਂ ਹਨ।

ਨਿੱਕੀਆਂ ਜਿੰਦਾਂ ਦਾ ਇਹ ਵੱਡਾ ਸਾਕਾ ਅੱਜ ਵੀ ਸਾਡੇ ਲਈ ਪ੍ਰੇਰਨਾ ਸਰੋਤ ਹੈ ਜਿਹੜਾ ਸਾਨੂੰ ਸੰਦੇਸ਼ ਦਿੰਦਾ ਹੈ ਕਿ ਅਸੀਂ ਸੱਚ ਅਤੇ ਹੱਕ ਤੇ ਲਗਾਤਾਰ ਪਹਿਰਾ ਦੇਣਾ ਹੈ। ਧਰਮ ਕੋਈ ਵੀ ਮਾੜਾ ਨਹੀਂ ਹੈ, ਪਰ ਹਰ ਮਨੁੱਖ ਨੂੰ ਆਪਣੀ ਅਜਾਦੀ ਨਾਲ ਕਿਸੇ ਵੀ ਧਰਮ ਨੂੰ ਅਪਨਾ ਕੇ ਜਿਊਣ ਦਾ ਅਧਿਕਾਰ ਹੈ। ਯਾਦ ਰਹੇ ਕਿ ਜਿਸ ਜਨੇਊ ਦਾ ਗੁਰੂ ਨਾਨਕ ਦੇਵ ਜੀ ਨੇ ਖੰਡਨ ਕੀਤਾ ਸੀ , ਉਸੇ ਜਨੇਊ ਦੀ ਰਾਖੀ ਲਈ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਕੁਰਬਾਨੀ ਦਿੱਤੀ ਸੀ। ਮਕਸਦ ਬੜਾ ਸਪਸ਼ਟ ਸੀ ਕਿ ਦੂਜੇ ਤੇ ਕੋਈ ਵੀ ਵਿਸ਼ਵਾਸ ਧੱਕੇ ਨਾਲ ਠੋਸਿਆ ਨਾ ਜਾਵੇ। ਇਹੀ ਆਧੁਨਿਕ ਯੁੱਗ ਦੇ ਮਨੁੱਖੀ ਅਧਿਕਾਰਾਂ ਦੀ ਗੱਲ ਸਮੂਹ ਸੰਸਾਰ ਕਰਦਾ ਹੈ। ਭਾਰਤ ਸਰਕਾਰ ਨੇ ਵੀ ਇਸ ਸ਼ਹੀਦੀ ਦਿਵਸ ਨੂੰ ਬਾਲ ਵੀਰ ਦਿਵਸ ਆਖ ਕੇ ਮਾਣ ਦਿੱਤਾ ਹੈ।

# ਤੁਮ ਮੁਝੇ ਯੂੰ ਭੁਲਾ ਨਾ ਪਾਓਗੇ...

ਕੁਝ ਅਵਾਜ਼ਾਂ ਸਿਰਫ਼ ਕੰਨਾਂ ਤੱਕ ਹੀ ਨਹੀਂ, ਸਗੋਂ ਰੂਹ ਤੱਕ ਵੀ ਪਹੁੰਚਦੀਆਂ ਹਨ,ਜੋ ਇਤਿਹਾਸ ਦੀਆਂ ਸਤਰਾਂ 'ਚ ਨਹੀਂ, ਦਿਲਾਂ ਦੇ ਨਕਸ਼ਿਆਂ 'ਚ ਵਸ ਜਾਂਦੀਆਂ ਹਨ। ਅਜਿਹੀ ਹੀ ਇੱਕ ਅਵਾਜ਼ ਸੀ ਮੁਹੰਮਦ ਰਫੀ ਦੀ। ਉਹ ਅਵਾਜ਼ ਜੋ ਦਰਦ ਨੂੰ ਲਫ਼ਜ਼ ਦਿੰਦੀ ਸੀ, ਪ੍ਰੇਮ ਨੂੰ ਰਾਗ ਅਤੇ ਭਗਤੀ ਨੂੰ ਲੈਅ ਬਣਾਉਂਦੀ ਸੀ। ਅੱਜ ਵੀ ਜਦੋਂ ਅਸੀਂ ਰਫੀ ਦੇ ਗੀਤ ਸੁਣਦੇ ਹਾਂ ਤਾਂ ਹਵਾ ਰੁਕ ਜਿਹੀ ਜਾਂਦੀ ਹੈ, ਦਿਲ ਠਹਿਰ ਜਾਂਦਾ ਹੈ ਅਤੇ ਯਾਦਾਂ ਕਿਸੇ ਰੇਲ ਗੱਡੀ ਵਾਂਗ ਸਾਡੇ ਪਿੱਛੋਂ-ਪਿੱਛੇ ਦੌੜ ਪੈਂਦੀਆਂ ਹਨ। ਸ਼ਾਇਦ ਇਸੇ ਲਈ ਹੀ ਉਨ੍ਹਾ ਨੂੰ ਸ਼ਹਿਨਸ਼ਾਹ-ਏ-ਤੁਰੰਨਮ ਵੀ ਕਿਹਾ ਜਾਂਦਾ ਸੀ।

24 ਦਸੰਬਰ 1924 ਨੂੰ ਅੰਮ੍ਰਿਤਸਰ ਦੇ ਨਜ਼ਦੀਕ ਇੱਕ ਛੋਟੇ ਜਿਹੇ ਪਿੰਡ ਕੋਟਲਾ ਸੁਲਤਾਨ ਸਿੰਘ ਵਿੱਚ ਜਨਮੇ ਮੁਹੰਮਦ ਰਫੀ ਨੂੰ ਸੰਗੀਤ ਪਰਿਵਾਰਕ ਵਿਰਾਸਤ ਵਿੱਚ ਨਹੀਂ ਸੀ ਮਿਲਿਆ। ਉਸ ਨੂੰ ਬਚਪਨ ਤੋਂ ਹੀ ਗਾਉਣ ਦਾ ਬਹੁਤ ਸ਼ੌਕ ਸੀ ਪਰ ਉਸਦੇ ਪਿਤਾ ਹਾਜੀ ਅਲੀ ਮੁਹੰਮਦ ਗਾਉਣ ਦੇ ਸਖਤ ਖਿਲਾਫ ਸਨ ਕਿਉਂਕਿ ਰਫੀ ਦੇ ਪਿਤਾ ਨੂੰ ਰਫੀ ਦਾ ਗਾਇਕ ਬਣਨਾ ਬਿਲਕੁਲ ਵੀ ਪਸੰਦ ਨਹੀਂ ਸੀ। ਜਦੋਂ ਰਫ਼ੀ 15 ਸਾਲ ਦੇ ਹੋਏ ਤਾਂ ਉਸ ਨੇ ਆਪਣੇ ਵੱਡੇ ਭਰਾ ਮੁਹੰਮਦ ਦੀਨ ਦੀ ਮਦਦ ਨਾਲ ਸੰਗੀਤ ਸਿੱਖਿਆ ਹਾਸਿਲ ਕੀਤੀ। ਫੇਰ ਉਨ੍ਹਾਂ ਨੂੰ ਲਾਹੌਰ ਤੋਂ ਜਨਾਬ ਹਾਮਿਦ ਸਾਹਿਬ ਨੇ ਆਲ ਇੰਡੀਆ ਰੇਡੀਓ ਤੇ ਕੁੰਦਨ ਲਾਲ ਸਹਿਗਲ ਦੇ ਇਕ ਪ੍ਰੋਗਰਾਮ ਵਿੱਚ ਗਾਉਣ ਦਾ ਮੌਕਾ ਦਿੱਤਾ। ਉਸ ਸਮੇਂ ਦੇ ਮਸ਼ਹੂਰ ਸੰਗੀਤਕਾਰ ਸ਼ਿਆਮ ਸੁੰਦਰ ਨੇ ਰਫੀ ਦੀ ਇਸ ਪ੍ਰਤਿਭਾ ਨੂੰ ਸਮਝਿਆ ਅਤੇ ਉਹ ਰਫ਼ੀ ਦੇ ਇੰਨੇ ਦੀਵਾਨੇ ਹੋ ਗਏ ਕਿ ਉਸ ਨੂੰ ਮੁੰਬਈ ਲੈ ਆਏ,ਜਿੱਥੇ ਰਫੀ ਨੂੰ ਪਹਿਲੀ ਵਾਰ ਪੰਜਾਬੀ ਫਿਲਮ 'ਗੁਲ-ਬਲੋਚ' 'ਚ ਜੀਨਤ ਬੇਗਮ ਨਾਲ ਗਾਉਣ ਦਾ ਮੌਕਾ ਮਿਲਿਆ, ਜਿਸ ਦੇ ਬੋਲ ਸਨ 'ਸੋਹਣੀਏ ਨੀਂ, ਹੀਰੀਏ ਨੀਂ'। ਸਿਰਫ 17 ਸਾਲ ਦੀ ਉਮਰ ਤੋਂ ਹੀ ਰਫੀ ਨੇ ਆਪਣਾ ਸੰਗੀਤਕ ਸਫ਼ਰ ਸ਼ੁਰੂ ਕੀਤਾ, ਜੋ ਉਨ੍ਹਾਂ ਦੀ ਮੌਤ ਤੱਕ ਨਿਰੰਤਰ ਜਾਰੀ ਰਿਹਾ।

ਰਫੀ ਸਾਹਿਬ ਜੀ ਨੇ ਨੌਸ਼ਾਦ, ਸਚਿਨ ਦੇਵ ਬਰਮਨ, ਸੀ.ਰਾਮਚੰਦਰ, ਮਦਨ ਮੋਹਨ, ਓ.ਪੀ. ਨਈਅਰ, ਕਲਿਆਣ ਜੀ, ਆਨੰਦ ਜੀ, ਲਕਸ਼ਮੀਕਾਂਤ ਪਿਆਰੇ ਲਾਲ,ਰਵਿੰਦਰ ਜੈਨ, ਇਕਬਾਲ ਕੁਰੈਸ਼ੀ ਆਦਿ ਸੰਗੀਤਕਾਰਾਂ ਨਾਲ ਮਿਲ ਕੇ ਆਪਣੀ ਆਵਾਜ਼ ਦਾ ਅਜਿਹਾ ਜਾਦੂ ਬਿਖੇਰਿਆ ਜਿਸ ਨਾਲ ਪਲੇਅਬੈਕ ਗੀਤਾਂ ਨੂੰ ਇਕ ਨਵੀਂ ਪਰਿਭਾਸ਼ਾ ਮਿਲੀ। ਹਰੇਕ ਫ਼ਿਲਮੀ ਹੀਰੋ ਤੇ ਰਫ਼ੀ ਦੀ ਆਵਾਜ਼ ਫਿੱਟ ਬੈਠਦੀ ਸੀ, ਗੀਤ ਭਾਵੇਂ ਸਾਦਾ ਹੀ ਹੋਵੇ ਪਰ ਰਫੀ ਦੀ ਆਵਾਜ਼ ਦਾ ਜਾਦੂ ਉਸ ਗੀਤ ਵਿਚ ਅਜਿਹਾ ਰਸ ਘੋਲਦਾ ਕਿ ਗੀਤ ਕਿਤੋਂ ਦਾ ਕਿਤੇ ਪਹੁੰਚ ਜਾਂਦਾ। ਇਸ ਪਿੱਠਵਰਤੀ ਗਾਇਕ ਨੇ ਆਪਣੀ ਜਾਦੂਈ ਆਵਾਜ਼ ਵਿੱਚ ਬੇਹੱਦ ਹਿਟ ਗੀਤ ਦਿੱਤੇ ਜਿਵੇਂ:-



ਕਿਆ ਹੁਆ ਤੇਰਾ ਵਾਅਦਾ..
ਲਿਖੇ ਜੋ ਖ਼ਤ ਤੁਝੇ..
ਚਾਹੂੰਗਾ ਮੈਂ ਤੁਝੇ ਸਾਂਝ ਸਵੇਰੇ..
ਮੈਂ ਜੱਟ ਯਮਲਾ ਪਗਲਾ ਦੀਵਾਨਾ..
ਪੱਥਰ ਕੇ ਸਨਮ..
ਦਸ ਮੇਰਿਆ ਦਿਲਬਰਾ ਵੇ..
ਜੱਗ ਵਾਲਾ ਮੇਲਾ ਯਾਰੋ ਥੋੜ੍ਹੀ ਦੇਰ ਦਾ..
ਲੱਗੀ ਵਾਲੇ ਤਾਂ ਕਦੇ ਨਹੀਂ ਸੌਂਦੇ..
ਚਿੱਟੇ ਦੰਦ ਹੱਸਣੋਂ ਨਹੀਓ ਰਹਿੰਦੇ..
ਦਾਣਾ ਪਾਣੀ ਖਿੱਚ ਕੇ ਲਿਆਉਂਦਾ..

ਜਿਹੇ ਹਿੰਦੀ-ਪੰਜਾਬੀ ਗੀਤਾਂ ਤੋਂ ਇਲਾਵਾ ਆਸਾਮੀ, ਕੋਕਣੀ, ਭੋਜਪੁਰੀ, ਉੜੀਆ, ਬੰਗਾਲੀ, ਮਰਾਠੀ, ਸਿੰਧੀ, ਕੰਨੜ, ਗੁਜਰਾਤੀ, ਤੇਲਗੂ, ਮਗਾਹੀ, ਮੈਥਲੀ ਅਤੇ ਉਰਦੂ ਤੋਂ ਇਲਾਵਾ ਭਾਰਤ ਦੀਆਂ ਲਗਭਗ ਸਾਰੀਆਂ ਭਾਸ਼ਾਵਾਂ ਵਿੱਚ ਚਾਰ ਦਹਾਕਿਆਂ ਤਕ ਕੋਈ 26 ਹਜ਼ਾਰ ਤੋਂ ਵੀ ਵੱਧ ਗੀਤ ਗਾਏ। ਜ਼ਿਕਰਯੋਗ ਹੈ ਕਿ ਰਫ਼ੀ ਨੇ ਅੰਗਰੇਜ਼ੀ, ਫਾਰਸੀ, ਅਰਬੀ, ਹੈਤੀਆਈ ਅਤੇ ਡੱਚ ਭਾਸ਼ਾਵਾਂ ਵਿੱਚ ਵੀ ਗੀਤ ਗਾਏ ਸਨ।

ਮੁਹੰਮਦ ਰਫ਼ੀ ਆਪਣੇ ਬਹੁਪੱਖੀ ਗਾਇਕੀ ਅੰਦਾਜ਼ ਕਰਕੇ ਵਿਸ਼ੇਸ਼ ਪਹਿਚਾਣ ਰੱਖਦੇ ਸਨ। ਸ਼ਾਸਤਰੀ ਸੰਗੀਤ, ਦੇਸ਼ ਭਗਤੀ ਗੀਤ, ਦਰਦ ਭਰੇ ਨਗਮੇ, ਰੁਮਾਂਟਿਕ ਗੀਤ, ਗ਼ਜ਼ਲ, ਭਜਨ, ਸ਼ਬਦ ਅਤੇ ਕੱਵਾਲੀ ਹਰ ਖੇਤਰ ਵਿੱਚ ਉਨ੍ਹਾਂ ਨੇ ਅਮਿੱਟ ਛਾਪ ਛੱਡੀ। ਫ਼ਿਲਮ ਦੇ ਕਿਰਦਾਰ ਅਨੁਸਾਰ ਆਵਾਜ਼ ਵਿੱਚ ਬਦਲਾਅ ਲਿਆਉਣ ਦੀ ਯੋਗਤਾ ਨੇ ਉਨ੍ਹਾਂ ਨੂੰ 1950 ਤੋਂ 1970 ਦੇ ਦੌਰਾਨ ਹਿੰਦੀ ਫਿਲਮ ਉਦਯੋਗ ਦਾ ਸਭ ਤੋਂ ਵਧ ਮੰਗ ਵਾਲਾ ਪਲੇਅਬੈਕ ਸਿੰਗਰ ਬਣਾਇਆ।

ਜਦੋਂ ਰਫੀ ਨੇ ਫ਼ਿਲਮ 'ਨੀਲ ਕਮਲ' ਲਈ 'ਬਾਬੁਲ ਕੀ ਦੁਆਏਂ ਲੇਤੀ ਜਾ' ਗੀਤ ਦੀ ਰਿਕਾਰਡਿੰਗ ਕੀਤੀ, ਤਾਂ ਉਨ੍ਹਾਂ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ। ਇਹ ਗੀਤ ਉਨ੍ਹਾਂ ਲਈ ਨਿੱਜੀ ਤੌਰ 'ਤੇ ਵੀ ਖਾਸ ਸੀ, ਕਿਉਂਕਿ ਉਨ੍ਹਾਂ ਦੀ ਧੀ ਦੀ ਮੰਗਣੀ ਸਿਰਫ਼ ਇੱਕ ਦਿਨ ਪਹਿਲਾਂ ਹੀ ਹੋਈ ਸੀ। ਇਹ ਗੀਤ ਉਨ੍ਹਾਂ ਨੇ ਆਪਣੀਆਂ ਭਾਵਨਾਵਾਂ ਨਾਲ ਭਰਪੂਰ ਇਸ ਤਰੀਕੇ ਨਾਲ ਗਾਇਆ ਕਿ ਇਸ ਗੀਤ ਲਈ ਉਨ੍ਹਾਂ ਨੂੰ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਗਿਆ। ਆਪਣੇ ਸੰਗੀਤਕ ਸਫ਼ਰ ਦੌਰਾਨ ਰਫ਼ੀ ਸਾਹਿਬ ਨੂੰ ਬਹੁਤ ਸਾਰੇ ਮਾਣ-ਸਨਮਾਨ ਮਿਲੇ,ਜਿਸ ਵਿਚ ਛੇ ਵਾਰ ਫ਼ਿਲਮ ਫੇਅਰ ਐਵਾਰਡ ਤੋਂ ਇਲਾਵਾ ਉਨ੍ਹਾਂ ਨੂੰ 1965 ਵਿਚ ਪਦਮ ਸ੍ਰੀ ਨਾਲ ਵੀ ਨਿਵਾਜਿਆ ਗਿਆ। ਇਸ ਤੋਂ ਇਲਾਵਾ ਸੰਗੀਤਕ ਅਸਮਾਨ ਦੇ ਇਸ ਚਮਕਦੇ ਤਾਰੇ ਦੀ ਯਾਦ 'ਚ, ਭਾਰਤ ਸਰਕਾਰ ਦੇ ਡਾਕ ਵਿਭਾਗ ਨੇ ਉਨ੍ਹਾਂ ਦੇ ਸਨਮਾਨ ਵਿੱਚ ਇੱਕ ਵਿਸ਼ੇਸ਼ ਡਾਕ ਟਿਕਟ ਜਾਰੀ ਕਰਕੇ ਉਨ੍ਹਾਂ ਦੀ ਮਹਾਨਤਾ ਤੇ ਮੋਹਰ ਲਗਾਈ।

ਰਫੀ ਸਾਹਬ ਨਿੱਜੀ ਜੀਵਨ 'ਚ ਬਹੁਤ ਹੀ ਸਾਦੇ, ਧਾਰਮਿਕ ਅਤੇ ਨਸ਼ਿਆਂ ਤੋਂ ਦੂਰ ਰਹਿਣ ਵਾਲੇ ਇਨਸਾਨ ਸਨ। ਸੁਭਾਅ ਵਿੱਚ ਸ਼ਰਮੀਲੇ ਰਫੀ ਦਾ ਵਿਆਹ 14 ਸਾਲ ਦੀ ਉਮਰ ਵਿੱਚ ਹੀ ਬਸ਼ੀਰਾ ਬੀਬੀ ਨਾਲ ਹੋਇਆ, ਜਿਨ੍ਹਾਂ ਤੋਂ ਉਨ੍ਹਾਂ ਦਾ ਇੱਕ ਪੁੱਤਰ ਵੀ ਹੋਇਆ। ਬਟਵਾਰੇ ਤੋਂ ਬਾਅਦ ਰਫੀ ਸਾਹਬ ਨੇ ਭਾਰਤ ਵਿੱਚ ਰਹਿਣ ਦਾ ਫੈਸਲਾ ਕੀਤਾ, ਜਿਸ ਕਾਰਨ ਉਨ੍ਹਾਂ ਦਾ ਪਹਿਲਾ ਵਿਆਹ ਟੁੱਟ ਗਿਆ। ਸੰਘਰਸ਼ ਦੇ ਦੌਰਾਨ ਉਨ੍ਹਾਂ ਦਾ ਦੂਜਾ ਵਿਆਹ ਹਾਮਿਦ ਸਾਹਿਬ ਦੀ ਭੈਣ ਬਿਲਕੀਸ ਬਾਨੋ ਨਾਲ ਹੋਇਆ ਅਤੇ ਉਨ੍ਹਾਂ ਦੇ ਛੇ ਬੱਚੇ ਹੋਏ। ਸਾਦਗੀ ਅਤੇ ਪਰਿਵਾਰਕ ਰਫੀ ਸਾਹੇਬ ਦੀ ਅਸਲ ਪਛਾਣ ਰਹੀ।

ਆਖ਼ਿਰ,ਸੰਗੀਤ ਦੀ ਦੁਨੀਆਂ ਦੀ ਇਹ ਅਮਰ ਆਵਾਜ਼ 31 ਜੁਲਾਈ 1980 ਨੂੰ ਹਮੇਸ਼ਾ ਲਈ ਖ਼ਾਮੋਸ਼ ਤਾਂ ਜ਼ਰੂਰ ਹੋ ਗਈ ਪਰ ਆਪਣੇ ਵਲੋਂ ਗਾਏ ਗੀਤਾਂ ਨੂੰ ਇਕ ਵਿਰਾਸਤ ਦੇ ਰੂਪ 'ਚ ਸਾਡੇ ਲਈ ਰਹਿੰਦੀ ਦੁਨੀਆਂ ਤੀਕ ਛੱਡ ਗਏ, ਜਿਨ੍ਹਾਂ ਦਾ ਅਸੀਂ ਅੱਜ ਵੀ ਆਨੰਦ ਮਾਣ ਰਹੇ ਹਾਂ। ਬਲੈਕ ਐਂਡ ਵ੍ਹਾਈਟ ਫਿਲਮਾਂ ਦੇ ਦੌਰ ਤੋਂ ਸ਼ੁਰੂ ਹੋਇਆ ਗੀਤਾਂ ਦਾ ਇਹ ਸਫ਼ਰ ਉਨ੍ਹਾਂ ਦੇ ਇਸ ਜਹਾਨ ਤੋਂ ਰੁਖ਼ਸਤ ਹੋਣ ਤੋਂ ਬਾਅਦ ਅੱਜ ਵੀ ਬਰਕਰਾਰ ਹੈ,ਰਫ਼ੀ ਦੀ ਆਵਾਜ਼ ਰੂਹ ਬਣ ਕੇ ਦੇਸ਼-ਵਿਦੇਸ਼ ਦੇ ਲੋਕਾਂ ਦੇ ਕੰਨਾਂ 'ਚ ਸੰਗੀਤ ਦਾ ਰਸ ਘੋਲ ਰਹੀ ਹੈ। ਅੱਜ ਵੀ ਜਦੋਂ ਅਸੀਂ ਰਫੀ ਸਾਹਿਬ ਦਾ ਕੋਈ ਗੀਤ ਸੁਣਦੇ ਹਾਂ ਤਾਂ ਆਪਣੇ ਆਪ ਨੂੰ ਗੁਣ-ਗੁਣਾਉਣ ਤੋਂ ਨਹੀਂ ਰੋਕ ਪਾਉਂਦੇ।



ਬਲਦੇਵ ਸਿੰਘ ਬੇਦੀ
ਜਲੰਧਰ, 9041925181

AUTOBAHN
FREIGHT LINES LTD
Now Hiring
Professional AZ Drivers
& Owner Operators
from
TO & WINDSOR, ON TO USA
We Require:
• Min. 2 yrs. experience • Must have FAST CARD
• Clean driver abstract & CVOR
• Clean police report • Clean drug and alcohol test
We Offer:
• Dedicated lanes from WINDSOR to OH, ILL, MO, GA, TN, KY, OK
Teams required for TX • Steady work
• Decent home time • Excellent mileage rate
• Excellent equipment • Friendly atmosphere
• Newer model Freightliner Hi-Con. Trucks
For more information call Paul
416-741-0204
Or email at: pauls@autobahnfreight.com
www.autobahnfreight.com



SherGill Law Firm
Barrister, Solicitor & Notary Public
A Firm That Acts Big!
Services:
• Real Estate
• Residential, Commerical, Franchise
• Criminal Law
• Family Law
• Affidavit, Power of Attorney & Notarization
• Immigration Matters
Paramjit Singh Gill (MBA, LL.B.)
Tel: 905-790-3636
Emergency Contact:
416-910-5676
www.shergilllawfirm.ca
2565 Steeles Ave E. Unit #20, Brampton, ON L6T 4L6

## ਅੰਤਰਰਾਸ਼ਟਰੀ ਪਰਵਾਸ ਦਿਵਸ (18 ਦਸੰਬਰ) 'ਤੇ ਵਿਸ਼ੇਸ਼ :-

# ਪਰਵਾਸ: ਮਨੁੱਖੀ ਜੀਵਨ ਦਾ ਬਦਲਦਾ ਹੋਇਆ ਰੁਝਾਨ- ਦਸ਼ਾ ਤੇ ਦਿਸ਼ਾ



ਜਸਵਿੰਦਰ ਸਿੰਘ ਰੁਪਾਲ
9814715796

ਸ਼ੁਰੂ ਤੋਂ ਹੀ ਪਰਵਾਸ ਮਨੁੱਖੀ ਇਤਿਹਾਸ ਦਾ ਇੱਕ ਅਨਿੱਖੜਵਾਂ ਅੰਗ ਰਿਹਾ ਹੈ। ਸਧਾਰਨ ਸ਼ਬਦਾਂ ਵਿੱਚ, ਰੋਜ਼ੀ-ਰੋਟੀ, ਚੰਗੇ ਭਵਿੱਖ ਜਾਂ ਸੁਰੱਖਿਆ ਦੀ ਭਾਲ ਵਿੱਚ ਆਪਣੀ ਜਨਮ ਭੂਮੀ ਨੂੰ ਛੱਡ ਕੇ ਕਿਸੇ ਦੂਜੇ ਦੇਸ਼ ਜਾਂ ਪ੍ਰਦੇਸ਼ ਵਿੱਚ ਜਾ ਕੇ ਵਸਣ ਨੂੰ 'ਪਰਵਾਸ' ਕਿਹਾ ਜਾਂਦਾ ਹੈ। ਬੇਰੁਜ਼ਗਾਰੀ ਅਤੇ ਘੱਟ ਆਮਦਨ ਪਰਵਾਸ ਦਾ ਸਭ ਤੋਂ ਵੱਡਾ ਕਾਰਨ ਹੈ। ਚੰਗੀ ਕਮਾਈ ਅਤੇ ਆਰਥਿਕ ਖੁਸ਼ਹਾਲੀ ਲਈ ਲੋਕ ਵਿਕਸਤ ਦੇਸ਼ਾਂ (ਜਿਵੇਂ ਕੈਨੇਡਾ, ਅਮਰੀਕਾ, ਆਸਟ੍ਰੇਲੀਆ) ਵੱਲ ਰੁਖ ਕਰਦੇ ਹਨ। ਵਿਦਿਆਰਥੀ ਵਧੀਆ ਪੜ੍ਹਾਈ ਅਤੇ ਅੰਤਰਰਾਸ਼ਟਰੀ ਪੱਧਰ ਦੀਆਂ ਡਿਗਰੀਆਂ ਹਾਸਲ ਕਰਨ ਲਈ ਵਿਦੇਸ਼ ਜਾਂਦੇ ਹਨ। ਵਿਦੇਸ਼ਾਂ ਵਿੱਚ ਮਿਲਣ ਵਾਲੀਆਂ ਬਿਹਤਰ ਸਿਹਤ ਸਹੂਲਤਾਂ, ਸਾਫ਼ ਵਾਤਾਵਰਣ ਅਤੇ ਕਾਨੂੰਨ ਵਿਵਸਥਾ ਵੀ ਲੋਕਾਂ ਨੂੰ ਆਕਰਸ਼ਿਤ ਕਰਦੀ ਹੈ। ਕਈ ਵਾਰ ਦੇਸ਼ ਦੇ ਅੰਦਰੂਨੀ ਹਾਲਾਤ ਜਾਂ ਅਸੁਰੱਖਿਆ ਦੀ ਭਾਵਨਾ ਵੀ ਲੋਕਾਂ ਨੂੰ ਦੇਸ਼ ਛੱਡਣ ਲਈ ਮਜਬੂਰ ਕਰ ਦਿੰਦੀ ਹੈ। ਪੰਜਾਬ ਅਤੇ ਪਰਵਾਸ – ਪੰਜਾਬੀਆਂ ਦਾ ਪਰਵਾਸ ਨਾਲ ਗੂੜ੍ਹਾ ਰਿਸ਼ਤਾ ਹੈ। ਪੰਜਾਬੀ ਸੁਭਾਅ ਤੋਂ ਹੀ ਉੱਦਮੀ ਅਤੇ ਜੋਖਮ ਲੈਣ ਵਾਲੇ ਹੁੰਦੇ ਹਨ। ਪਰ ਪਿਛਲੇ ਕੁਝ ਦਹਾਕਿਆਂ ਤੋਂ ਪੰਜਾਬ ਵਿੱਚ ਪਰਵਾਸ ਇੱਕ ਹੜ੍ਹ ਵਾਂਗ ਆਇਆ ਹੈ। ਹਰ ਸਾਲ ਲੱਖਾਂ ਨੌਜਵਾਨ 'ਸਟੱਡੀ ਵੀਜ਼ਾ' ਦੇ ਰਾਹੀਂ ਵਿਦੇਸ਼ ਜਾ ਰਹੇ ਹਨ। ਇਸਨੂੰ 'ਬ੍ਰੇਨ ਡਰੇਨ' (Brain Drain) ਕਿਹਾ ਜਾਂਦਾ ਹੈ, ਜਿਸਦਾ ਅਰਥ ਹੈ ਕਿ ਸਾਡੀ ਬੁੱਧੀਜੀਵੀ ਅਤੇ ਮਿਹਨਤੀ ਨੌਜਵਾਨ ਪੀੜ੍ਹੀ ਆਪਣਾ ਹੁਨਰ ਦੂਜੇ ਦੇਸ਼ਾਂ ਨੂੰ ਦੇ ਰਹੀ ਹੈ। ਖਾਸ ਤੌਰ ਤੇ ਜਦੋਂ ਪੰਜਾਬ ਦੀ ਗੱਲ ਆਉਂਦੀ ਹੈ ਤਾਂ ਉਪਰੋਕਤ ਕਾਰਨਾਂ ਦੇ ਨਾਲ ਨਾਲ ਕੁਝ ਹੋਰ ਕਾਰਨ ਵੀ ਹਨ, ਭਾਵੇਂ ਇਹ ਗੌਣ ਹੋਣ, ਭਾਵੇਂ ਛੋਟੇ, ਪਰ ਇਹਨਾਂ ਦਾ ਕੁਝ ਮਹੱਤਵ ਜਰੂਰ ਹੈ – ਪਿਛਲੇ ਕੁਝ ਦਹਾਕਿਆਂ ਤੋਂ ਵਿਦੇਸ਼ ਜਾਣਾ ਇੱਕ ਸਟੇਟਸ-ਸਿੰਬਲ ਵੀ ਬਣ ਗਿਆ ਹੈ। ਕੁਝ ਆਰਥਿਕ ਤੌਰ ਤੇ ਚੰਗੇ ਪਰਿਵਾਰਾਂ ਦੇ ਨੌਜਵਾਨ ਲੜਕੇ ਲੜਕੀਆਂ ਸਿਰਫ 'ਬਾਹਰ ਵਾਲੇ' ਅਖਵਾਉਣ ਲਈ ਵੀ ਵਿਦੇਸ਼ਾਂ ਦਾ ਰੁਖ਼ ਕਰਦੇ ਹਨ। ਦੂਜਾ ਕਾਰਨ ਹੈ ਪੰਜਾਬੀ ਨੌਜਵਾਨਾਂ ਵਲੋਂ ਵਧੀਆ ਨੌਕਰੀ ਦੀ ਇੱਛਾ ਵਧੀਆ ਤਨਖਾਹ ਅਤੇ ਸਤਿਕਾਰ ਵਾਲੀ । ਪੰਜਾਬ ਵਿੱਚ ਸਰਕਾਰੀ ਅਤੇ ਨਿੱਜੀ ਖੇਤਰ ਦੋਹਾਂ ਦਾ ਬੁਰਾ ਹਾਲ ਹੈ। ਸਰਕਾਰੀ ਨੌਕਰੀਆਂ ਨਿਕਲਦੀਆਂ ਹੀ ਨਹੀਂ, ਜੇ ਕਦੀ ਨਿਕਲਣ ਵੀ ਤਾਂ ਉੱਥੇ ਰਿਸ਼ਵਤ ਅਤੇ ਸਿਫਾਰਸ਼ ਅਸਲੀ ਹੱਕਦਾਰ ਨੂੰ ਪਿੱਛੇ ਧੱਕ ਦਿੰਦੀਆਂ ਹਨ। ਨਿੱਜੀ ਖੇਤਰ ਵਿੱਚ ਕੰਮ ਜਿਆਦਾ ਕਰਵਾਉਂਦੇ ਹਨ । ਹੱਥੀਂ ਕਿਰਤ ਤੋਂ ਹੁਣ ਪੰਜਾਬੀ ਕਿਨਾਰਾ ਕਰਨ ਲੱਗੇ ਹਨ। ਇਹ ਜਾਣਦਿਆਂ ਹੋਇਆਂ ਕਿ ਬਾਹਰਲੇ ਦੇਸ਼ਾਂ ਵਿੱਚ ਕਿਰਤ ਦੀ ਕਿਸਮ ਵਿਅਕਤੀ ਦਾ ਸਟੇਟਸ ਨਹੀਂ ਬਣਾਉਂਦੀ। ਅਤੇ ਸਾਰੇ ਕਾਮੇ ਵਧੀਆ ਤਨਖਾਹ ਅਤੇ ਵਧੀਆ ਸਨਮਾਨ ਪ੍ਰਾਪਤ ਕਰਦੇ ਹਨ, ਪੰਜਾਬੀ ਨੌਜਵਾਨ ਵਿਦੇਸ਼ਾਂ ਵਿੱਚ ਹਰ ਉਹ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ ਜਿਹੜਾ ਉਹ ਭਾਰਤ ਵਿੱਚ ਕਦੇ ਵੀ ਕਰਨ ਨੂੰ ਸਹਿਮਤ ਨਹੀਂ ਸਨ। ਇੱਕ ਗੌਣ ਕਾਰਨ ਨਸ਼ਿਆਂ ਤੋਂ ਬਚਣਾ ਵੀ ਹੈ। ਸਾਡੇ ਇੱਕ ਬੇਟੇ ਦੇ ਦੋਸਤ ਦੇ ਵਾਕਫਕਾਰ ਕੁਝ ਸਮਾਨ ਫੜਾਉਣ ਸਾਡੇ ਘਰ ਪੁੱਜੇ। ਇਹ ਜੱਟਾਂ ਦੇ ਪਰਿਵਾਰ ਵਿਚੋਂ ਸਨ, ਜਿਹਨਾਂ ਕੋਲ ਕਾਫੀ ਜਮੀਨ ਵੀ ਹੈ। ਬੜੀ ਵੱਡੀ ਗੱਡੀ ਤੇ ਆਏ ਸਨ। ਮੇਰੀ ਸ੍ਰੀ ਮਤੀ ਜੀਂ ਨੇ ਸਹਿਜ ਸੁਭਾਅ ਹੀ ਪੁੱਛ ਲਿਆ, 'ਅੰਕਲ, ਤੁਸੀਂ ਆਪਣੇ ਬੇਟੇ ਨੂੰ ਬਾਹਰ ਕਿਉਂ ਭੇਜਿਆ। ਇੱਥੇ ਸਭ ਕੁਝ ਤਾਂ ਹੈ ਘਰ !!' ਚਿੱਟੀ ਦਾੜ੍ਹੀ ਵਾਲੇ ਬਜ਼ੁਰਗ ਬੋਲੇ, 'ਪੁੱਤ ਉੱਥੇ ਕੰਮ ਕਰਨਗੇ ਤਾਂ ਘੱਟੋ ਘੱਟ ਨਸ਼ਿਆਂ ਤੋਂ ਤਾਂ ਬਚੇ ਰਹਿਣਗੇ। ਇੱਥੇ ਕੋਈ ਭਰੋਸਾ ਨਹੀਂ।' ਸੋ ਭਾਵੇ ਇਹ ਹਰ ਘਰ ਦਾ ਕਿੱਸਾ ਨਹੀਂ, ਪਰ ਕੁਝ ਹੱਦ ਤੱਕ ਇਹ ਵੀ ਇਕ ਕਾਰਨ ਹੈ ਕਿਉਂਕਿ ਮਾਪੇ ਜਾਣਦੇ ਹਨ ਕਿ ਵਿਦੇਸ਼ ਵਿਚ ਕੰਮ ਕਰਨ ਬਿਨਾਂ ਸਰਦਾ ਨਹੀਂ ਅਤੇ ਕੰਮ ਚ ਡੁੱਬੇ ਨਸ਼ੇ ਵੱਲ ਨਹੀਂ ਆ ਸਕਦੇ। ਚੰਗੇ ਰਿਸ਼ਤੇ ਦੀ ਤਾਂਘ ਵੀ ਪੰਜਾਬੀ ਨੌਜਵਾਨਾਂ ਨੂੰ ਪਰਵਾਸੀ ਬਣਾ ਦਿੰਦੀ ਹੈ। ਬਾਹਰਲਾ ਮੁੰਡਾ ਹੋਵੇ ਤਾਂ ਘੱਟ ਜਮੀਨ, ਵੱਧ ਉਮਰ, ਘੱਟ ਪੜ੍ਹਾਈ ਆਦਿ ਸਭ ਕੁਝ ਢਕਿਆ ਜਾਂਦਾ ਹੈ। ਲੜਕੀ ਨੂੰ ਆਇਲਟਸ ਬੈਂਡ ਲੈਣ ਤੇ ਬਾਹਰ ਭੇਜਣ ਦਾ ਖਰਚਾ ਵੀ ਮੁੰਡੇ ਵਾਲੇ ਕਰ ਦਿੰਦੇ ਹਨ। ਦੋਹਾਂ ਧਿਰਾਂ ਦੀ ਲੋੜ ਇੱਕ ਦੂਜੇ ਤੋਂ ਪੂਰੀ ਹੋ ਜਾਂਦੀ ਹੈ। ਲੜਕੀ ਵਾਲੇ ਖਰਚ ਤੋਂ ਬਚ ਜਾਂਦੇ ਹਨ, ਅਗਲਿਆਂ ਦਾ ਮੁੰਡਾ ਬਾਹਰ ਨਿਕਲ ਜਾਂਦਾ ਹੈ।

ਪਰਵਾਸ ਦੇ ਸਕਾਰਾਤਮਕ ਪੱਖ :-: ਪਰਵਾਸੀਆਂ ਵੱਲੋਂ ਭੇਜਿਆ ਗਿਆ ਪੈਸਾ ਨਾ ਸਿਰਫ਼ ਉਨ੍ਹਾਂ ਦੇ ਪਰਿਵਾਰਾਂ ਦੀ ਹਾਲਤ ਸੁਧਾਰਦਾ ਹੈ, ਸਗੋਂ ਦੇਸ਼ ਦੀ ਆਰਥਿਕਤਾ ਵਿੱਚ ਵੀ ਯੋਗਦਾਨ ਪਾਉਂਦਾ ਹੈ। ਜਦੋਂ ਲੋਕ ਦੂਜੇ ਦੇਸ਼ਾਂ ਵਿੱਚ ਜਾਂਦੇ ਹਨ, ਤਾਂ ਉਹ ਆਪਣਾ ਸੱਭਿਆਚਾਰ, ਖਾਣਾ ਅਤੇ ਭਾਸ਼ਾ ਵੀ ਨਾਲ ਲੈ ਕੇ ਜਾਂਦੇ ਹਨ, ਜਿਸ ਨਾਲ ਪੰਜਾਬੀ ਸੱਭਿਆਚਾਰ ਦਾ ਵਿਸ਼ਵ ਪੱਧਰ ਫ਼#39;ਤੇ ਪਸਾਰ ਹੋਇਆ ਹੈ। ਵਿਦੇਸ਼ਾਂ ਤੋਂ ਵਾਪਸ ਆਉਣ ਵਾਲੇ ਲੋਕ ਆਪਣੇ ਨਾਲ ਨਵੀਂ ਸੋਚ ਅਤੇ ਤਕਨੀਕ ਲੈ ਕੇ ਆਉਂਦੇ ਹਨ। – ਇਸ ਗੱਲ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਬਾਹਰਲੇ ਦੇਸ਼ ਚ ਕੁਝ ਸਮਾਂ ਰਹਿਣ ਤੋਂ ਬਾਅਦ ਧਾਰਮਿਕ ਕੱਟੜਤਾ, ਜਾਤੀ ਵਾਦ ਆਦਿ ਵਰਗੀਆਂ ਸੌੜੀਆਂ ਬਿਰਤੀਆਂ ਤੋਂ ਕੁਝ ਛੁਟਕਾਰਾ ਮਿਲਦਾ ਹੈ। ਵੱਖ ਵੱਖ ਨਸਲਾਂ ਦੇ ਸੱਭਿਆਚਾਰਾਂ ਦੇ ਲੋਕਾਂ ਵਿੱਚ ਵਿਚਰਨ ਨਾਲ ਧਰਮ ਨਿਰਪੱਖਤਾ ਆਉਂਦੀ ਹੈ। ਇਨਸਾਨੀਅਤ ਦਾ ਭਾਵ ਵੀ ਵਧਦਾ ਹੈ। ਇਹ ਬਹੁਤ ਵਧੀਆ ਤਬਦੀਲੀ ਹੈ।

ਪਰਵਾਸ ਦੇ ਨਕਾਰਾਤਮਕ ਪੱਖ ਸਿਰਫ ਵਿਛੋੜਾ ਹੀ ਇੱਕਲਾ ਦਰਦ ਨਹੀਂ ਹੈ। ਜਿਉ ਜਿਉ ਪਰਵਾਸ ਦਾ ਸਮਾਂ ਵਧਦਾ ਜਾਂਦਾ ਹੈ, ਰਿਸ਼ਤਿਆਂ ਵਿੱਚ ਦੂਰੀ ਵਧਣ ਲੱਗਦੀ ਹੈ। ਪਰਵਾਸ ਕਾਰਨ ਪਰਿਵਾਰ ਟੁੱਟ ਰਹੇ ਹਨ। ਮਾਪੇ ਪਿੱਛੇ ਇਕੱਲੇ ਰਹਿ ਜਾਂਦੇ ਹਨ ਅਤੇ ਆਪਣੀ ਔਲਾਦ ਦੀ ਉਡੀਕ ਵਿੱਚ ਬਿਰਧ ਹੋ ਜਾਂਦੇ ਹਨ। ਸਰੀਰਕ ਅਤੇ ਮਾਨਸਿਕ ਬਿਮਾਰੀਆਂ ਦਾ ਸਾਹਮਣਾ ਕਰਦੇ ਹਨ ॥ ਦੂਜੀ ਜਾਂ ਤੀਜੀ ਪੀੜ੍ਹੀ ਜੋ ਵਿਦੇਸ਼ਾਂ ਵਿੱਚ ਜੰਮਦੀ ਹੈ, ਉਹ ਆਪਣੀ ਮਾਂ ਬੋਲੀ ਅਤੇ ਵਿਰਸੇ ਤੋਂ ਟੁੱਟ ਜਾਂਦੀ ਹੈ। ਵਿਦੇਸ਼ਾਂ ਵਿੱਚ ਜਾ ਕੇ ਸੈੱਟ ਹੋਣਾ ਆਸਾਨ ਨਹੀਂ ਹੈ। ਉੱਥੇ ਭਾਰੀ ਕੰਮ, ਮੌਸਮ ਦੀ ਤਬਦੀਲੀ, ਇਕੱਲਤਾ ਨੌਜਵਾਨਾਂ ਵਿੱਚ ਡਿਪਰੈਸ਼ਨ ਦਾ ਕਾਰਨ ਬਣਦੀ ਹੈ। ਪੜ੍ਹਾਈ ਦੇ ਨਾਮ ਤੇ ਅਰਬਾਂ ਰੁਪਏ ਹਰ ਸਾਲ ਪੰਜਾਬ ਤੋਂ ਬਾਹਰ ਜਾ ਰਹੇ ਹਨ ਜਿਸ ਨਾਲ ਸੂਬੇ ਦੀ ਆਰਥਿਕਤਾ ਕਮਜ਼ੋਰ ਪੈ ਰਹੀ ਹੈ।

1. ਪੰਜਾਬ ਬਨਾਮ ਵਿਦੇਸ਼:- ਇਹ ਰੁਝਾਨ ਮੁੱਖ ਤੌਰ 'ਤੇ ਨੌਜਵਾਨਾਂ ਅਤੇ ਵਿਦਿਆਰਥੀਆਂ ਦਾ ਹੈ ਜੋ ਪੜ੍ਹਾਈ ਅਤੇ ਰੁਜ਼ਗਾਰ ਲਈ ਵਿਦੇਸ਼ ਜਾ ਰਹੇ ਹਨ। ਵਿਦੇਸ਼ ਮੰਤਰਾਲੇ ਅਤੇ ਵੱਖ-ਵੱਖ ਸਰਵੇਖਣਾਂ ਦੇ ਅਨੁਮਾਨਾਂ ਅਨੁਸਾਰ, 2016 ਤੋਂ 2021 ਦਰਮਿਆਨ ਪੰਜਾਬ ਅਤੇ ਚੰਡੀਗੜ੍ਹ ਤੋਂ ਲਗਭਗ 9.84 ਲੱਖ ਲੋਕ ਵਿਦੇਸ਼ ਗਏ। ਇਹਨਾਂ ਵਿੱਚੋਂ ਲਗਭਗ 3.79 ਲੱਖ ਵਿਦਿਆਰਥੀ ਸਨ ਅਤੇ 6 ਲੱਖ ਵਰਕਰ ਸਨ। ਪੰਜਾਬੀਆਂ ਦੀ ਪਹਿਲੀ ਪਸੰਦ ਕੈਨੇਡਾ ਰਹੀ ਹੈ। ਇਸ ਤੋਂ ਇਲਾਵਾ ਆਸਟ੍ਰੇਲੀਆ, ਯੂ.ਕੇ. ਅਮਰੀਕਾ ਅਤੇ ਦੁਬਈਵੀ ਮੁੱਖ ਟਿਕਾਣੇ ਹਨ। ਇੱਕ ਰਿਪੋਰਟ ਮੁਤਾਬਕ, ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਵਿੱਚੋਂ ਇੱਕ ਵੱਡਾ ਹਿੱਸਾ ਪੰਜਾਬ ਤੋਂ ਹੁੰਦਾ ਹੈ। 2022 ਵਿੱਚ ਸਿਰਫ਼ ਕੈਨੇਡਾ ਜਾਣ ਵਾਲੇ ਪੰਜਾਬੀ ਵਿਦਿਆਰਥੀਆਂ ਦੀ ਗਿਣਤੀ 1.36 ਲੱਖ ਦੇ ਕਰੀਬ ਦੱਸੀ ਗਈ ਸੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ (PAU) ਦੇ ਇੱਕ ਅਧਿਐਨ ਮੁਤਾਬਕ, ਪੰਜਾਬ ਦੇ ਪਿੰਡਾਂ ਵਿੱਚੋਂ ਹਰ ਸਾਲ ਹਜ਼ਾਰਾਂ ਨੌਜਵਾਨ ਵਿਦੇਸ਼ ਜਾ ਰਹੇ ਹਨ। ਅੰਦਾਜ਼ਨ 13-15% ਪੇਂਡੂ ਘਰਾਂ ਵਿੱਚੋਂ ਘੱਟੋ-ਘੱਟ ਇੱਕ ਜੀਅ ਵਿਦੇਸ਼ ਵਿੱਚ ਹੈ।





2. ਪੰਜਾਬ ਬਨਾਮ ਦੂਜੇ ਸੂਬੇ:- ਇਸ ਨੂੰ 'ਉਲਟਾ ਪਰਵਾਸ' ਵੀ ਕਿਹਾ ਜਾਂਦਾ ਹੈ। ਜਿੱਥੇ ਪੰਜਾਬੀ ਨੌਜਵਾਨ ਬਾਹਰ ਜਾ ਰਹੇ ਹਨ, ਉੱਥੇ ਹੀ ਦੂਜੇ ਸੂਬਿਆਂ ਦੇ ਮਜ਼ਦੂਰ ਪੰਜਾਬ ਆ ਰਹੇ ਹਨ। ਪੁਰਾਣੇ ਅੰਕੜਿਆਂ (2011 ਦੀ ਮਰਦਮਸ਼ੁਮਾਰੀ) ਅਤੇ ਹਾਲੀਆ ਅਨੁਮਾਨਾਂ ਮੁਤਾਬਕ, ਪੰਜਾਬ ਵਿੱਚ ਦੂਜੇ ਸੂਬਿਆਂ ਤੋਂ ਆਏ ਪ੍ਰਵਾਸੀਆਂ ਦੀ ਗਿਣਤੀ 25 ਲੱਖ (2.5 ਮਿਲੀਅਨ) ਤੋਂ ਵੱਧ ਹੋਣ ਦਾ ਅਨੁਮਾਨ ਹੈ। ਇਹ ਪਰਵਾਸੀ ਮੁੱਖ ਤੌਰ 'ਤੇ ਬਿਹਾਰ, ਉੱਤਰ ਪ੍ਰਦੇਸ਼, ਝਾਰਖੰਡ ਅਤੇ ਪੱਛਮੀ ਬੰਗਾਲ ਤੋਂ ਆਉਂਦੇ ਹਨ। ਲੁਧਿਆਣਾ ਵਰਗੇ ਉਦਯੋਗਿਕ ਸ਼ਹਿਰਾਂ ਵਿੱਚ ਪ੍ਰਵਾਸੀ ਆਬਾਦੀ ਬਹੁਤ ਜ਼ਿਆਦਾ ਹੈ। ਕਈ ਰਿਪੋਰਟਾਂ ਅਨੁਸਾਰ, ਲੁਧਿਆਣਾ ਦੀ ਕੁੱਲ ਵਰਕਫੋਰਸ ਦਾ 50% ਤੋਂ 70% ਹਿੱਸਾ ਪ੍ਰਵਾਸੀ ਮਜ਼ਦੂਰਾਂ ਦਾ ਹੈ। ਪੰਜਾਬ ਦੀ ਖੇਤੀ (ਝੋਨਾ ਲਵਾਈ) ਅਤੇ ਉਸਾਰੀ ਦਾ ਕੰਮ ਲਗਭਗ ਪੂਰੀ ਤਰ੍ਹਾਂ ਪ੍ਰਵਾਸੀ ਮਜ਼ਦੂਰਾਂ 'ਤੇ ਨਿਰਭਰ ਹੋ ਚੁੱਕਾ ਹੈ।

1. ਪਰਵਾਸ ਦਾ ਪੰਜਾਬ ਉੱਤੇ ਪ੍ਰਭਾਵ ਪੰਜਾਬੀਆਂ ਦਾ ਵਿਦੇਸ਼ਾਂ (ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਯੂ.ਕੇ. ਆਦਿ) ਵੱਲ ਜਾਣ ਦਾ ਰੁਝਾਨ ਬਹੁਤ ਪੁਰਾਣਾ ਹੈ, ਪਰ ਪਿਛਲੇ ਕੁਝ ਦਹਾਕਿਆਂ ਵਿੱਚ ਇਸ ਨੇ ਇੱਕ 'ਹੜ੍ਹ' ਦਾ ਰੂਪ ਧਾਰਨ ਕਰ ਲਿਆ ਹੈ।

ਚੰਗੇ ਪ੍ਰਭਾਵ :- ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਆਪਣੀ ਕਮਾਈ ਦਾ ਵੱਡਾ ਹਿੱਸਾ ਪੰਜਾਬ ਭੇਜਦੇ ਹਨ। ਇਸ ਨਾਲ ਬਹੁਤ ਸਾਰੇ ਪਰਿਵਾਰਾਂ ਦਾ ਜੀਵਨ ਪੱਧਰ ਉੱਚਾ ਹੋਇਆ ਹੈ ਅਤੇ ਗਰੀਬੀ ਘਟੀ ਹੈ॥ ਐਨ.ਆਰ.ਆਈ. ਭਰਾਵਾਂ ਨੇ ਪੰਜਾਬ ਦੇ ਪਿੰਡਾਂ ਵਿੱਚ ਖੇਡ ਸਟੇਡੀਅਮ, ਸਕੂਲ, ਹਸਪਤਾਲ, ਗੇਟ ਅਤੇ ਧਾਰਮਿਕ ਸਥਾਨ ਬਣਵਾਉਣ ਵਿੱਚ ਵੱਡਾ ਯੋਗਦਾਨ ਪਾਇਆ ਹੈ।ਪੰਜਾਬੀ ਸੱਭਿਆਚਾਰ, ਖਾਣਾ ਅਤੇ ਸੰਗੀਤ ਅੱਜ ਪੂਰੀ ਦੁਨੀਆ ਵਿੱਚ ਮਸ਼ਹੂਰ ਹੋ ਗਿਆ ਹੈ। ਪਰਵਾਸ ਕਾਰਨ ਪੰਜਾਬੀਆਂ ਨੇ ਅੰਤਰਰਾਸ਼ਟਰੀ ਰਾਜਨੀਤੀ ਅਤੇ ਵਪਾਰ ਵਿੱਚ ਆਪਣੀ ਵੱਖਰੀ ਪਛਾਣ ਬਣਾਈ ਹੈ।

ਮਾੜੇ ਪ੍ਰਭਾਵ :-ਪੰਜਾਬ ਦਾ ਸਭ ਤੋਂ ਵੱਡਾ ਨੁਕਸਾਨ 'ਬੌਧਿਕ ਹਿਜਰਤ' ਹੈ। ਪੜ੍ਹੇ-ਲਿਖੇ, ਹੁਸ਼ਿਆਰ ਅਤੇ ਕਾਬਲ ਨੌਜਵਾਨ ਵਿਦੇਸ਼ ਜਾ ਰਹੇ ਹਨ, ਜਿਸ ਕਾਰਨ ਪੰਜਾਬ ਵਿੱਚ ਯੋਗ ਲੀਡਰਸ਼ਿਪ ਅਤੇ ਹੁਨਰ ਦੀ ਕਮੀ ਹੋ ਰਹੀ ਹੈ ॥ ਪਹਿਲਾਂ ਲੋਕ ਪੈਸਾ ਕਮਾਉਣ ਜਾਂਦੇ ਸਨ, ਪਰ ਹੁਣ 'ਸਟੱਡੀ ਵੀਜ਼ਾ' ਦੇ ਨਾਮ 'ਤੇ ਅਰਬਾਂ ਰੁਪਏ ਫੀਸਾਂ ਦੇ ਰੂਪ ਵਿੱਚ ਪੰਜਾਬ ਤੋਂ ਬਾਹਰ ਜਾ ਰਹੇ ਹਨ। ਮਾਪੇ ਜ਼ਮੀਨਾਂ ਵੇਚ ਕੇ ਬੱਚਿਆਂ ਨੂੰ ਬਾਹਰ ਭੇਜ ਰਹੇ ਹਨ।ਜਦੋਂ ਕਾਰੋਬਾਰੀ ਅਤੇ ਉੱਦਮੀ ਵਿਅਕਤੀ ਵੀ ਆਪਣੇ ਬੱਚਿਆਂ ਨੂੰ ਬਾਹਰ ਭੇਜ ਦਿੰਦੇ ਹਨ, ਤਾਂ ਪਿੱਛੇ ਉਹਨਾਂ ਦੇ ਉੱਦਮ ਨੂੰ ਵੱਡਾ ਝਟਕਾ ਲੱਗਦਾ ਹੈ। ਉਸਦੇ ਘਾਟੇ ਵਿਚ ਜਾਣ ਅਤੇ ਹੌਲੀ ਹੌਲੀ ਖਤਮ ਹੋਣ ਦੇ ਚਾਂਸ ਵੱਧ ਜਾਂਦੇ ਹਨ। ਪਿੱਛੇ ਰਹਿ ਗਏ ਬਜ਼ੁਰਗ ਮਾਪੇ ਇਕੱਲਤਾ ਦਾ ਸੰਤਾਪ ਭੋਗ ਰਹੇ ਹਨ। ਪਿੰਡਾਂ ਵਿੱਚ ਵੱਡੀਆਂ ਕੋਠੀਆਂ ਖਾਲੀ ਪਈਆਂ ਹਨ ਅਤੇ ਸਾਂਭ-ਸੰਭਾਲ ਕਰਨ ਵਾਲਾ ਕੋਈ ਨਹੀਂ ਹਨ। ਪਤੀ ਪਤਨੀ ਵਿਚੋਂ ਇੱਕ ਵਿਦੇਸ਼ ਗਿਆ ਹੋਵੇ ਤਾਂ ਆਪਸੀ ਤਣਾਅ ਵੱਧ ਜਾਂਦਾ ਹੈ। ਕਈ ਵਾਰੀ ਸ਼ੱਕ ਕਈ ਵਾਰੀ ਸੱਚ ਇਹਨਾਂ ਰਿਸ਼ਤਿਆਂ ਵਿਚ ਦਰਾਰ ਪੈਦਾ ਕਰਦੇ ਹਨ। ਭਾਸ਼ਾ, ਧਰਮ ਅਤੇ ਸਭਿਆਚਾਰ ਦੇ ਹੋ ਰਹੇ ਨੁਕਸਾਨ ਨੂੰ ਅਸੀਂ ਸਭ ਤੋਂ ਵੱਡਾ ਨੁਕਸਾਨ ਆਖ ਸਕਦੇ ਹਾਂ। ਪੰਜਾਬੀ ਭਾਸ਼ਾ ਸਿੱਖੀ ਅਤੇ ਪੰਜਾਬੀ ਸੱਭਿਆਚਾਰ ਪੱਖੋਂ ਅਸੀਂ ਬਹੁਤ ਜਿਆਦਾ ਪਿੱਛੇ ਜਾ ਰਹੇ ਹਾਂ। ਵਿਦੇਸ਼ਾਂ ਵਿੱਚ ਬੇਸ਼ੱਕ ਬਹੁਤ ਕੋਸ਼ਿਸ਼ਾਂ ਹੋ ਰਹੀਆਂ ਹਨ ਪੰਜਾਬੀ ਭਾਸ਼ਾ ਅਤੇ ਆਪਣੇ ਸੱਭਿਆਚਾਰ ਨੂੰ ਜਿਉਂਦਾ ਰੱਖਣ ਲਈ। ਸਿੱਖੀ ਨੂੰ ਸੰਭਾਲਣ ਲਈ ਗੁਰਦੁਆਰੇ ਵੀ ਆਪਣਾ ਯਤਨ ਕਰ ਰਹੇ ਹਨ। ਬੇਸ਼ੱਕ ਇਹ ਸਭ ਸੰਗਠਿਤ ਨਹੀਂ ਹੈ , ਨਾ ਹੀ ਇਹ ਲੋੜ ਪੂਰੀਆਂ ਕਰਨ ਵਾਲੇ ਹਨ। ਮਾਹਿਰਾਂ ਦਾ ਅੰਦਾਜਾ ਹੈ ਕਿ ਤੀਸਰੀ ਪੀੜ੍ਹੀ ਤੇ ਪੁੱਜਦੇ ਹੋਏ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਕਿਤਾਬਾਂ ਅਤੇ ਸਾਈਟਾਂ ਤੇ ਹੀ ਰਹਿ ਜਾਣਗੇ। ਗੁਰਦੁਆਰਿਆਂ ਨਾਲ ਸਾਡੇ ਸੰਸਕਾਰ ਜੁੜੇ ਹੋਏ ਹਨ, ਇਸਲਈ ਰਸਮਾਂ ਪੂਰੀਆਂ ਕਰਨ ਕਾਰਨ ਇਹ ਚੱਲਦੇ ਰਹਿਣਗੇ। ਪਰ ਬਾਣੀ ਦੇ ਅਰਥ ਅਤੇ ਗੁਰਮਤਿ ਸਿਧਾਂਤ ਉਸ ਪੀੜ੍ਹੀ ਨੂੰ ਕਿਵੇਂ ਆ ਸਕਣਗੇ ???

2. ਉਲਟ ਪਰਵਾਸ ਦਾ ਪ੍ਰਭਾਵ:- ਪੰਜਾਬੀ ਨੌਜਵਾਨ ਖੇਤੀ ਅਤੇ ਮਜ਼ਦੂਰੀ ਦੇ ਕੰਮ ਛੱਡ ਕੇ ਵਿਦੇਸ਼ ਜਾ ਰਹੇ ਹਨ, ਇਸ ਲਈ ਉੱਤਰ ਪ੍ਰਦੇਸ਼, ਬਿਹਾਰ ਅਤੇ ਹੋਰ ਰਾਜਾਂ ਤੋਂ ਵੱਡੀ ਗਿਣਤੀ ਵਿੱਚ ਲੋਕ ਪੰਜਾਬ ਆ ਰਹੇ ਹਨ। ਇਹ ਪਰਵਾਸੀ ਮਜ਼ਦੂਰ ਪੰਜਾਬ ਦੀ ਖੇਤੀਬਾੜੀ ਅਤੇ ਇੰਡਸਟਰੀ ਲਈ ਰੀੜ੍ਹ ਦੀ ਹੱਡੀ ਬਣ ਗਏ ਹਨ। ਉਨ੍ਹਾਂ ਤੋਂ ਬਿਨਾਂ ਕੰਮ ਚਲਾਉਣਾ ਮੁਸ਼ਕਲ ਹੈ। ਇਸ ਨਾਲ ਪੰਜਾਬ ਦੀ ਡੈਮੋਗ੍ਰਾਫੀ (ਵਸੋਂ ਦਾ ਢਾਂਚਾ) ਬਦਲ ਰਹੀ ਹੈ। ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਉੱਤੇ ਹਿੰਦੀ ਭਾਸ਼ਾ ਦਾ ਪ੍ਰਭਾਵ ਵੱਧ ਰਿਹਾ ਹੈ। ਲੁਧਿਆਣਾ ਅਤੇ ਜਲੰਧਰ ਵਰਗੇ ਸ਼ਹਿਰਾਂ ਵਿੱਚ ਇਹ ਬਦਲਾਅ ਸਾਫ਼ ਦੇਖਣ ਨੂੰ ਮਿਲਦਾ ਹੈ। ਇਹ ਨੁਕਸਾਨ ਬਹੁਤ ਵੱਡਾ ਹੈ। ਪਰਵਾਸੀ ਕਿਰਤੀਆਂ ਦੀ ਵੱਡੀ ਗਿਣਤੀ ਕਾਰਨ ਕਈ ਖੇਤਰਾਂ ਵਿੱਚ ਸਮਾਜਿਕ ਤਣਾਅ ਵਧਦਾ ਹੈ। ਕੁਝ ਰਿਪੋਰਟਾਂ ਅਨੁਸਾਰ ਇਸ ਨਾਲ ਨਸ਼ਿਆਂ ਦੀ ਸਮੱਸਿਆ ਅਤੇ ਅਪਰਾਧ ਵੀ ਵਧੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਵੱਸਣ ਵਾਲੇ ਇਹਨਾਂ ਕਿਰਤੀਆਂ ਲਈ ਸਿਹਤ ਅਤੇ ਸਫਾਈ ਦੀਆਂ ਮੁਢਲੀਆਂ ਸਹੂਲਤਾਂ ਦੀ ਕਮੀ ਕਾਰਨ ਚਣੌਤੀਆ ਪੈਦਾ ਹੁੰਦੀਆ ਹਾਲਾਂਕਿ ਖੇਤੀ ਵਿੱਚ ਸਥਾਨਕ ਮਜ਼ਦੂਰਾਂ ਦੀ ਕਮੀ ਹੈ ਪਰ ਕੁਝ ਖੇਤਰਾਂ ਵਿਚ ਘੱਟ ਉਜਰਤਾਂ ਤੇ ਕੰਮ ਕਰਨ ਦੀ ਪ੍ਰਵਿਰਤੀ ਸਥਾਨਕ ਮਜ਼ਦੂਰਾਂ ਲਈ ਮੁਕਾਬਲਾ ਪੈਦਾ ਕਰਦੀ ਹੈ। ਵੱਧਦੀ ਆਬਾਦੀ ਕਾਰਨ ਪਾਣੀ, ਬਿਜਲੀ ਅਤੇ ਰਿਹਾਇਸ਼ ਵਰਗੇ ਸਰੋਤਾਂ ਤੇ ਦਬਾਅ ਵੱਧਦਾ ਹੈ।

ਪੰਜਾਬ ਦੇ ਪਰਵਾਸ ਕਾਰਨ ਹੋ ਰਹੇ ਨੁਕਸਾਨ ਨੂੰ ਘੱਟ ਕਰਨ ਦੇ ਉਪਾਅ :- ਰੁਜਗਾਰ ਦੇ ਮੌਕੇ ਪੈਦਾ ਕਰਨਾ :ਹੁਨਰ ਦੇ ਵਿਕਾਸ ਅਤੇ ਉੱਦਮਤਾ ਵਿੱਚ ਨੌਜਵਾਨਾਂ ਨੂੰ ਵਧੇਰੇ ਪ੍ਰੇਰਿਤ ਕੀਤਾ ਜਾਵੇ ਤਾਂ ਕਿ ਉਹ ਸਿਰਫ ਨੌਕਰੀਆਂ ਤੇ ਹੀ ਨਾ ਰਹਿਣ। ਉਹਨਾਂ ਨੂੰ ਅਤਿ-ਆਧੁਨਿਕ ਤਕਨੀਕਾਂ ਜਿਵੇ ਆਈ ਟੀ ਅਤੇ ਏ ਆਈ ਅਤੇ ਸਨਅਤ ਲਈ ਢੁਕਵੇਂ ਹੁਨਰ ਸਿਖਾਉਣਾ। ਨਵੇਂ ਉਦਯੋਗ ਸਥਾਪਤ ਕਰਨ ਲਈ ਨਿਵੇਸ਼ਕਾਂ ਨੂੰ ਆਕਰਸ਼ਿਤ ਕਰਨਾ ਅਤੇ ਪੰਜਾਬ ਵਿਚ ਵਧੀਆ ਸਨਅਤੀ ਮਾਹੌਲ ਬਣਾਉਣਾ। -ਨੌਜਵਾਨਾਂ ਨੂੰ ਖੇਤੀ ਵਿੱਚ ਲਿਆਉਣ ਲਈ ਇਸ ਨੂੰ ਮੁਨਾਫੇ ਵਾਲਾ ਧੰਦਾ ਬਣਾਉਣਾ ਜਿਵੇਂ ਕਿ ਪ੍ਰੋਸੈਸਿੰਗ ਯੂਨਿਟ, ਆਰਗੈਨਿਕ ਫਾਰਮਿੰਗ ਅਤੇ ਖੇਤੀ ਆਧਾਰਿਤ ਸਟਾਰਟ ਅਪਸ ਨੂੰ ਉਤਸ਼ਾਹਿਤ ਕਰਨਾ। ਨੌਜਵਾਨਾਂ ਦੇ ਬਾਹਰ ਜਾਣ ਦੇ ਮੁੱਖ ਕਾਰਨਾਂ ਵਿਚੋਂ ਇੱਕ ਮਾੜਾ ਸਿਸਟਮ ਅਤੇ ਭ੍ਰਿਸ਼ਟਾਚਾਰ ਹੈ। ਇਸ ਨੂੰ ਦੂਰ ਕਰਨ ਲਈ ਪਾਰਦਰਸ਼ੀ ਅਤੇ ਜ਼ਿੰਮੇਵਾਰ ਪ੍ਰਸ਼ਾਸ਼ਨ ਲਾਗੂ ਕਰਨਾ ॥ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਲਈ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਕਰਨਾ।

ਪਰਵਾਸੀ ਕਿਰਤੀ ਪ੍ਰਬੰਧਨ : ਦੂਜੇ ਸੂਬਿਆਂ ਤੋਂ ਆਉਣ ਵਾਲੇ ਮਜ਼ਦੂਰਾਂ ਦਾ ਪੂਰਾ ਰਿਕਾਰਡ ਰੱਖਣਾ ਅਤੇ ਉਨਾਂ ਦੇ ਪਿਛੋਕੜ ਦੀ ਜਾਂਚ ਕਰਨਾ ਤਾਂ ਕਿ ਅਪਰਾਧਾਂ ਨੂੰ ਰੋਕਿਆ ਜਾ ਸਕੇ ।ਸਥਾਨਕ ਲੋਕਾਂ ਅਤੇ ਕਿਰਤੀਆਂ ਵਿਚਕਾਰ ਸਮਾਜਿਕ ਸਾਂਝ ਨੂੰ ਵਧਾਉਣ ਲਈ ਪ੍ਰੋਗਰਾਮ ਚਲਾਉਣਾ ਸਿੱਖਿਆ ਪ੍ਰਣਾਲੀ ਨੂੰ ਪੂਰਨ ਤੌਰ ਤੇ ਰੁਜ਼ਗਾਰ ਮੁਖੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਮੁਕਾਬਲਾ ਕਰਨ ਯੋਗ ਬਣਾਉਣਾ। ਵਿਦੇਸ਼ਾਂ ਵਿੱਚ ਵੱਸੇ ਪੰਜਾਬੀਆਂ (NRI) ਨੂੰ ਪੰਜਾਬ ਦੇ ਵਿਕਾਸ ਪ੍ਰੋਜੈਕਟਾਂ ਜਿਵੇਂ ਕਿ ਸਕੂਲ, ਹਸਪਤਾਲ,ਸਟਾਰਟ ਅਪਸ ਆਦਿ ਵਿੱਚ ਪੂੰਜੀ ਨਿਵੇਸ਼ ਕਰਨ ਲਈ ਪ੍ਰੇਰਿਤ ਕਰਨਾ। ਇਹਨਾਂ ਸੁਝਾਵਾਂ ਤੇ ਅਮਲ ਕਰਕੇ ਪੰਜਾਬ ਨਾ ਸਿਰਫ ਆਪਣੇ ਕੀਮਤੀ ਮਨੁੱਖੀ ਸਰੋਤ (Human Resources) ਨੂੰ ਬਚਾ ਸਕਦਾ ਹੈ ਸਗੋਂ ਆਪਣੇ ਵਿਕਾਸ ਦੀ ਨੀਂਹ ਵੀ ਮਜਬੂਤ ਕਰ ਸਕਦਾ ਹੈ।

### ਅੰਤਰਰਾਸ਼ਟਰੀ ਪਰਵਾਸ ਦਿਵਸ -18 ਦਸੰਬਰ :-

ਅੰਤਰਰਾਸ਼ਟਰੀ ਪਰਵਾਸ ਦਿਵਸ ਸਾਨੂੰ ਸੰਸਾਰ ਵਿੱਚ ਲੱਖਾਂ ਪਰਵਾਸੀਆਂ ਦੇ ਅਣਮੁੱਲੇ ਯੋਗਦਾਨ ਬਾਰੇ ਚਾਨਣਾ ਪਾਉਂਦਾ ਹੈ। ਇਸ ਦਿਵਸ ਬਾਰੇ ਜਾਨਣ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਮਾਈਗ੍ਰੇਸ਼ਨ ਏਜੰਸੀ ਦੀ ਪਰਵਾਸੀ ਦੀ ਪਰਿਭਾਸ਼ਾ ਦੇਖ ਲਈਏ। ਇਸ ਪਰਿਭਾਸ਼ਾ ਅਨੁਸਾਰ ਪਰਵਾਸੀ ਇੱਕ ਅਜਿਹਾ ਵਿਅਕਤੀ ਹੈ ਜਿਹੜਾ ਆਪਣੀ ਰਿਹਾਇਸ਼ ਛੱਡ ਕੇ ਅੰਤਰਰਾਸ਼ਟਰੀ ਬਾਰਡਰ ਪਾਰ ਕਰ ਕੇ ਜਾਂ ਆਪਣੇ ਦੇਸ਼ ਵਿੱਚ ਹੀ ਕਿਸੇ ਦੂਸਰੇ ਸੂਬੇ ਵਿੱਚ ਜਾਂਦਾ ਹੈ -- 1. ਉਸਦੀ ਕਾਨੂੰਨੀ ਸਥਿਤੀ ਕੋਈ ਵੀ ਹੋਵੇ 2. ਭਾਵੇ ਉਸਦਾ ਪਰਵਾਸ ਇੱਛਤ ਹੋਵੇ ਜਾਂ ਅਣਇੱਛਤ 3.ਪਰਵਾਸ ਦੇ ਕਾਰਨ ਕੁਝ ਵੀ ਹੋਣ 4 ਉਸਦੀ ਠਹਿਰ ਜਿੰਨੇ ਮਰਜ਼ੀ ਸਮੇਂ ਦੀ ਹੋਵੇ।

ਅੰਤਰਰਾਸ਼ਟਰੀ ਪਰਵਾਸ ਦਿਵਸ ਵੱਧ ਰਹੇ ਗੁੰਝਲਦਾਰ ਢਾਂਚੇ ਬਾਰੇ ਵਿਚਾਰ ਕਰਨ ਦਾ ਦਿਨ ਵੀ ਹੈ ਜਿਸ ਦਾ ਅਸਰ ਪਰਵਾਸ ਵਿੱਚ ਨਿਕਲਦਾ ਹੈ। ਵਿਵਾਦ, ਵਾਤਾਵਰਣ ਨਾਲ ਸੰਬੰਧਿਤ ਸੰਕਟ, ਆਰਥਿਕ ਦਬਾਅ ਲੱਖਾਂ ਲੋਕਾਂ ਨੂੰ ਚੰਗੇ ਮੌਕਿਆਂ ਦੀ ਭਾਲ ਵਿਚ ਅਤੇ ਸੁਰੱਖਿਆ ਲਈ ਪਰਵਾਸੀ ਬਣਾਉਂਦਾ ਹੈ। ਪਿਛਲੇ ਸਾਲਾਂ ਵਿੱਚ ਅਸੀਂ ਰਿਕਾਰਡ ਤੋੜ ਪਰਵਾਸ ਦੇਖਿਆ ਹੈ ਅਤੇ ਬਹੁਤ ਸਾਰੇ ਯਾਤਰੀਆਂ ਦੀ ਪਰਵਾਸ ਦੌਰਾਨ ਮੌਤ ਵੀ ਹੋਈ ਹੈ। ਇਹਨਾਂ ਸੰਕਟਾਂ ਦੇ ਬਾਵਜੂਦ ਸ਼ਾਂਤੀ, ਤਰੱਕੀ ਅਤੇ ਚੰਗੀ ਉਮੀਦ ਦੀਆਂ ਕਹਾਣੀਆਂ ਵੀ ਹਨ। ਸੁਰੱਖਿਅਤ ਅਤੇ ਵਧੀਆ ਪ੍ਰਬੰਧਿਤ ਪਰਵਾਸ ਅਸਧਾਰਨ ਯੋਗਤਾ ਮੰਗਦਾ ਹੈ। ਇਹ ਪਰਵਾਸੀ ਮਜਦੂਰ ਮੰਡੀਆਂ ਵਿੱਚ, ਹੁਨਰਮੰਦ ਕਾਮਿਆਂ ਦੀ ਖਾਲੀ ਥਾਂ ਭਰਨ ਵਿੱਚ, ਨਵੀਆਂ ਖੋਜਾਂ ਵਿਚ ਅਤੇ ਉਦੱਮਾਂ ਵਿੱਚ ਵੀ ਮਹੱਤਵਪੂਰਨ ਯੋਗਦਾਨ ਰੱਖਦੇ ਹਨ। ਇਹ ਆਪਣੇ ਪਰਿਵਾਰਾਂ ਅਤੇ ਆਪਣੇ ਸਮੁਦਾਇ ਦੇ ਆਰਥਿਕ ਵਿਕਾਸ ਵਿੱਚ ਸਹਾਈ ਹੁੰਦੇ ਹਨ। ਸਾਂਝੇ ਯਤਨਾਂ ਨਾਲ ਇੱਕ ਦਿਨ ਅਸੀਂ ਅਜਿਹਾ ਸੰਸਾਰ ਬਣਾਉਣ ਵਿੱਚ ਕਾਮਯਾਬ ਹੋ ਸਕਦੇ ਹਾਂ ਜਿੱਥੇ ਪਰਵਾਸ ਸੁਰੱਖਿਅਤ ਅਤੇ ਲਾਭਦਾਇਕ ਹੋਵੇਗਾ ਅਤੇ ਪਰਵਾਸੀਆਂ ਦੇ ਸਾਰੇ ਹੱਕਾਂ ਦੀ ਰਾਖੀ ਵੀ ਹੋ ਸਕੇਗੀ। ਅੰਤਰਰਾਸ਼ਟਰੀ ਪਰਵਾਸ ਦਿਵਸ ਹਰ ਸਾਲ 18 ਦਸੰਬਰ ਨੂੰ ਮਨਾਇਆ ਜਾਂਦਾ ਹੈ। ਇਹ ਦਿਨ ਹਮੇਸ਼ਾ ਪਰਵਾਸੀਆਂ ਦੇ ਯੋਗਦਾਨ ਨੂੰ ਉਜਾਗਰ ਕਰਨ ,ਉਹਨਾਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਅਤੇ ਸੁਰੱਖਿਅਤ ਵਿਵਸਥਿਤ ਅਤੇ ਨਿਯਮਤ ਪਰਵਾਸ ਨੂੰ ਉਤਸ਼ਾਹਿਤ ਕਰਨ ਤੇ ਕੇਂਦਰਿਤ ਹੁੰਦਾ ਹੈ।

**ਇਸ ਦਿਵਸ ਦਾ ਇਤਿਹਾਸ :-** 18 ਦਸੰਬਰ 1990 ਨੂੰ ਸੰਯੁਕਤ ਰਾਸ਼ਟਰ ਮਹਾਂ ਸਭਾ ਨੇ ਸਾਰੇ ਪਰਵਾਸੀ ਮਜ਼ਦੂਰਾਂ ਅਤੇ ਉਹਨਾਂ ਦੇ ਪਰਿਵਾਰਿਕ ਮੈਂਬਰਾਂ ਦੇ ਅਧਿਕਾਰਾਂ ਦੀ ਸੁਰੱਖਿਆ ਬਾਰੇ ਅੰਤਰਰਾਸ਼ਟਰੀ ਕਨਵੈਨਸ਼ਨ ਨੂੰ ਅਪਣਾਇਆ ਸੀ। ਇਹ ਇੱਕ ਬਹੁਤ ਹੀ ਮਹੱਤਵਪੂਰਨ ਮੀਲ ਪੱਥਰ ਸੀ। ਦੁਨੀਆਂ ਵਿੱਚ ਪਰਵਾਸੀਆਂ ਦੀ ਵੱਧ ਰਹੀ ਗਿਣਤੀ ਅਤੇ ਉਹਨਾਂ ਦੇ ਮਹੱਤਵ ਨੂੰ ਦੇਖਦੇ ਹੋਏ ਸੰਯੁਕਤ ਰਾਸ਼ਟਰ ਮਹਾਂ ਸਭ ਨੇ 4 ਦਸੰਬਰ 2000 ਦੇ ਮਤੇ ਰਾਹੀਂ ਹਰ ਸਾਲ 18 ਦਸੰਬਰ ਦਾ ਦਿਨ ਅੰਤਰਰਾਸ਼ਟਰੀ ਪਰਵਾਸ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ।

**ਮਹੱਤਵ :-** ਪਰਵਾਸੀਆਂ ਦੇ ਯੋਗਦਾਨ ਨੂੰ ਮਾਨਤਾ :- ਇਹ ਦਿਨ ਦੁਨੀਆਂ ਭਰ ਦੇ ਪਰਵਾਸੀਆਂ ਦੁਆਰਾ ਮੇਜ਼ਬਾਨ ਅਤੇ ਆਪਣੇ ਮੂਲ ਦੇਸ਼ਾਂ ਦੀ ਆਰਥਿਕਤਾ, ਸੱਭਿਆਚਾਰ ਅਤੇ ਸਮਾਜ ਵਿੱਚ ਪਾਏ ਗਏ ਅਨਮੋਲ ਯੋਗਦਾਨ ਨੂੰ ਉਜਾਗਰ ਕਰਦਾ ਹੈ। ਅਧਿਕਾਰਾਂ ਦੀ ਸੁਰੱਖਿਆ :- ਇਸ ਦਾ ਮੁੱਖ ਮਕਸਦ ਪਰਵਾਸੀਆਂ ਖਾਸ ਕਰਕੇ ਪਰਵਾਸੀ ਮਜ਼ਦੂਰਾਂ ਦੇ ਮਨੁੱਖੀ ਅਧਿਕਾਰਾਂ ਅਤੇ ਬੁਨਿਆਦੀ ਆਜਾਦੀਆਂ ਦੀ ਰੱਖਿਆ ਤੇ ਜੋਰ ਦੇਣਾ ਹੈ ਜਿਹਨਾਂ ਨੂੰ ਅਕਸਰ ਵਿਤਕਰੇ ਅਤੇ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ।

**ਜਾਗਰੂਕਤਾ :-** ਇਹ ਪਰਵਾਸ ਨਾਲ ਜੁੜੇ ਚੁਣੌਤੀਆਂ ਅਤੇ ਮੌਕਿਆਂ ਬਾਰੇ ਜਾਗਰੂਕਤਾ ਵਧਾਉਂਦਾ ਹੈ ਜਿਵੇਂ ਕਿ ਅਸੁਰੱਖਿਅਤ ਯਾਤਰਾ, ਮਨੁੱਖੀ ਤਸਕਰੀ ਅਤੇ ਏਕੀਕਰਨ ਦੇ ਮੁੱਦੇ। ਸਹਿਯੋਗ ਨੂੰ ਉਤਸ਼ਾਹਿਤ ਕਰਨਾ:- ਇਹ ਰਾਸ਼ਟਰਾਂ ਦਰਮਿਆਨ ਸੁਰੱਖਿਅਤ, ਵਿਵਸਥਿਤ ਅਤੇ ਨਿਯਮਤ ਪਰਵਾਸ ਲਈ ਆਪਸੀ ਸਹਿਯੋਗ ਅਤੇ ਨੀਤੀਆਂ ਬਣਾਉਣ ਦੀ ਲੋੜ ਤੇ ਜੋਰ ਦਿੰਦਾ ਹੈ।

**ਅੰਤਰਰਾਸ਼ਟਰੀ ਪਰਵਾਸ ਦਿਵਸ 2025 ਦਾ ਥੀਮ :-** ਸੰਯੁਕਤ ਰਾਸ਼ਟਰ ਹਰ ਸਾਲ ਇੱਕ ਥੀਮ ਦਿੰਦਾ ਹੈ। ਸਾਰੀਆਂ ਗਤੀਵਿਧੀਆਂ ਇਸ ਥੀਮ ਤੇ ਕੇਂਦਰਿਤ ਹੋ ਕੇ ਚੱਲਦੀਆਂ ਹਨ। 2025 ਦਾ ਇਸ ਦਿਵਸ ਦਾ ਥੀਮ ਹੈ-'ਪਰਵਾਸੀਆਂ ਦੇ ਯੋਗਦਾਨ ਦਾ ਅਤੇ ਉਹਨਾਂ ਦੇ ਅਧਿਕਾਰਾਂ ਦਾ ਸਨਮਾਨ' :-ਇਸ ਵਿਸ਼ੇ ਅੰਦਰ ਸ਼ਮੂਲੀਅਤ, ਹਮਦਰਦੀ, ਅਤੇ ਪਰਵਾਸੀ ਅਨੁਭਵਾਂ ਦੀ ਸਮਝ ਵਰਗੇ ਉੱਪ ਵਿਸ਼ੇ ਸ਼ਾਮਿਲ ਹਨ। ਇਸ ਦਾ ਉਦੇਸ਼ ਸਮਾਜਿਕ ਏਕਤਾ ਨੂੰ ਉਤਸ਼ਾਹਿਤ ਕਰਨਾ ਅਤੇ ਪਰਵਾਸੀਆਂ ਖਿਲਾਫ ਭੇਦਭਾਵ ਦਾ ਵਿਰੋਧ ਕਰਨਾ ਹੈ। ਕੇਂਦਰੀ ਧਿਆਨ ਇਸ ਗੱਲ ਉੱਤੇ ਵੀ ਹੈ ਕਿ ਪਰਵਾਸੀਆਂ ਦੇ ਸਮਾਜ ਤੇ ਪਾਏ ਗਏ ਸਕਾਰਾਤਮਕ ਪ੍ਰਭਾਵਾਂ ਨੂੰ ਉਜਾਗਰ ਕੀਤਾ ਜਾਵੇ ਅਤੇ ਨਾਲ ਹੀ ਉਹਨਾਂ ਦੇ ਅਧਿਕਾਰਾਂ ਅਤੇ ਚੁਣੌਤੀਆਂ ਜਿਵੇਂ ਸ਼ੋਸ਼ਣ ਅਤੇ ਮਨੁੱਖੀ ਤਸਕਰੀ ਦੀ ਵੀ ਚਰਚਾ ਕੀਤੀ ਜਾਵੇ।

### ਅੰਤਰਰਾਸ਼ਟਰੀ ਪਰਵਾਸ ਦਿਵਸ ਮਨਾਏ ਜਾਣ ਦੇ ਤਰੀਕੇ :-

**ਸਰਕਾਰੀ ਪ੍ਰੋਗਰਾਮ :-** ਸੰਯੁਕਤ ਰਾਸ਼ਟਰ ਅਤੇ ਅੰਤਰਰਾਸ਼ਟਰੀ ਪਰਵਾਸ ਸੰਗਠਨ ਸਮੇਤ ਵੱਖ ਵੱਖ ਦੇਸ਼ਾਂ ਦੀਆਂ ਸਰਕਾਰਾਂ ਸੈਮੀਨਾਰ, ਕਾਨਫਰੰਸਾਂ ਅਤੇ ਪੈਨਲ ਚਰਚਾਵਾਂ ਆਯੋਜਿਤ ਕਰਦਿਆਂ ਹਨ। ਇਸ ਦਿਨ ਪਰਵਾਸੀਆਂ ਦੇ ਹੱਕਾਂ ਦੀ ਰੱਖਿਆ ਲਈ ਨਵੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਦਾ ਐਲਾਨ ਕੀਤਾ ਜਾਂਦਾ ਹੈ।

**ਜਾਗਰੂਕਤਾ ਮੁਹਿੰਮਾਂ :-** ਸੋਸ਼ਲ ਮੀਡੀਆ, ਮੀਡੀਆ ਅਤੇ ਵਿਦਿਅਕ ਸੰਸਥਾਵਾਂ ਰਾਹੀਂ ਪਰਵਾਸੀਆਂ ਦੀਆਂ ਕਹਾਣੀਆਂ, ਸਭਿਆਚਾਰਕ ਯੋਗਦਾਨਾਂ ਅਤੇ ਮਨੁੱਖੀ ਅਧਿਕਾਰਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਜਾਂਦੀ ਹੈ।

**ਸੱਭਿਆਚਾਰਕ ਸਮਾਗਮ :-** ਪਰਵਾਸੀ ਭਾਈਚਾਰਿਆਂ ਦੁਆਰਾ ਸੱਭਿਆਚਾਰਕ ਪ੍ਰੋਗਰਾਮ, ਕਲਾ ਪ੍ਰਦਰਸ਼ਨੀਆਂ, ਭੋਜਨ ਮੇਲੇ ਅਤੇ ਸੰਗੀਤ ਸਮਾਗਮ ਆਯੋਜਿਤ ਕੀਤੇ ਜਾਂਦੇ ਹਨ ਜੋ ਵੱਖ ਵੱਖ ਸਭਿਆਚਾਰਾਂ ਦੇ ਮੇਲ-ਜੋਲ ਨੂੰ ਦਰਸਾਉਂਦੇ ਹਨ। ਪਰਵਾਸੀਆਂ ਦੇ ਤਜਰਬਿਆਂ ਤੇ ਆਧਾਰਿਤ ਫ਼ਿਲਮਾਂ ਜਾਂ ਦਸਤਾਵੇਜ਼ੀ ਫ਼ਿਲਮਾਂ ਦੀ ਸਕਰੀਨਿੰਗ ਕੀਤੀ ਜਾਂਦੀ ਹੈ।

**ਸਥਾਨਕ ਕਮਿਊਨਿਟੀ ਦੀ ਸ਼ਮੂਲੀਅਤ :-** ਸਕੂਲਾਂ ਕਾਲਜਾਂ ਵਿੱਚ ਪਰਵਾਸੀਆਂ ਦੀ ਸਹਾਇਤਾ ਨਾਲ ਸੰਬੰਧਿਤ ਵਿਸ਼ਿਆਂ ਤੇ ਮੁਕਾਬਲੇ ਜਾਂ ਭਾਸ਼ਨ ਕਰਵਾਏ ਜਾਂਦੇ ਹਨ। ਸਥਾਨਕ ਸਵੈ ਸੇਵੀ ਸੰਸਥਾਵਾਂ ਪਰਵਾਸੀਆਂ ਦੀ ਸਹਾਇਤਾ ਲਈ ਫੰਡ ਇਕੱਠਾ ਕਰਨ ਜਾਂ ਹੋਰ ਗਤੀਵਿਧੀਆਂ ਦਾ ਆਯੋਜਨ ਕਰਦੀਆਂ ਹਨ। ਸੰਖੇਪ ਵਿੱਚ ਇਹ ਦਿਨ ਪਰਵਾਸੀਆਂ ਦੀ ਲਚਕਤਾ ਹਿੰਮਤ ਅਤੇ ਉਹਨਾਂ ਦੇ ਸਕਾਰਾਤਮਕ ਪ੍ਰਭਾਵ ਨੂੰ ਸਵੀਕਾਰ ਕਰਨ ਅਤੇ ਉਹਨਾਂ ਦੇ ਅਧਿਕਾਰਾਂ ਦੀ ਹਮਾਇਤ ਕਰਨ ਲਈ ਇਕ ਵਿਸ਼ਵਵਿਆਪੀ ਮੌਕਾ ਪ੍ਰਦਾਨ ਕਰਦਾ ਹੈ।

BUY I SELL I INVEST
TEAM GILL



Amarjit Sangha
Sales Representative
905-874-9600
Shamsher Gill
Sales Representative
905-744-4400
Simrat Grewal
Sales Representative
416-414-2878
DIR.: 905-744-4400
FREE MARKET EVALUATION OF YOUR PROPERTY
* ਨਵਾਂ ਘਰ ਦੇਖ ਰਹੇ ਹੋ ਜਾਂ ਇਨਵੈਸਟਮੈਂਟ ਪ੍ਰੋਪਰਟੀ ਦੀ ਭਾਲ ਵਿੱਚ ਹੋ?
* ਕਿਸੇ ਤਰ੍ਹਾਂ ਦਾ ਬਿਜ਼ਨਸ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
* ਭਰੋਸੇਯੋਗ, ਇਮਾਨਦਾਰ ਅਤੇ ਤਜਰਬੇਕਾਰ Real Estate Team ਲੱਭ ਰਹੇ ਹੋ?
WE CAN HELP YOU FIND YOUR DREAM PROPERTY IN
GTA & WATERLOO REGION:
Mississauga, Brampton, Caledon,
Cambridge, Kitchener, Waterloo & Guelph Area
ROYAL LEPAGE
Flower City Realty Inc.
BROKERAGE, INDEPENDENTLY OWNED & OPERATED
MLS MULTIPLE LISTING SERVICE
INCOME GENERATING
INVESTMENT PROPERTIES

ACCESS PERSONNEL RESOURCES INC.
TEMPORARY STAFFING AGENCY
WE ARE HIRING
Join Our Team



OPEN POSITION
General Labour
Forklift Operators
Sanitation Workers
Machine Operators
Mixers/Bakers
Shippers/Receivers
REQUIREMENTS:
The person should be fluent in english, able to work long hours.
The person should be able to work full time with valid work permit or PR holders
APPLY NOW
Shift Available
Morning
Afternoon
Night
Send your resume
disptach.accesspersonnel@gmail.com
Contact: 416-675-2288

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਪ੍ਰਣਾਮ

ਇਤਿਹਾਸ ਗਵਾਹ ਹੈ ਕਿ ਜ਼ਾਲਮ ਅਤੇ ਜ਼ੁਲਮ ਨੂੰ ਠੱਲਣ ਲਈ ਸੰਤ ਸਿਪਾਹੀ, ਯੋਧੇ ਅਤੇ ਜਰਨੈਲ ਇਸ ਧਰਤੀ 'ਤੇ ਸਮੇਂ ਸਮੇਂ 'ਤੇ ਪ੍ਰਗਟ ਹੁੰਦੇ ਰਹੇ ਹਨ। ਇਹਨਾਂ ਰੱਬੀ ਰੂਹਾਂ ਅੱਗੇ ਜ਼ਾਲਮਾਂ ਦੀਆਂ ਵਿਸ਼ਾਲ ਸੈਨਾਵਾਂ ਵੀ ਬੌਨੀਆਂ ਪੈਂਦੀਆਂ ਗਈਆਂ। ਤਾਕਤਾਂ ਤੇ ਤਖ਼ਤਾਂ ਵਾਲੇ ਇਹਨਾਂ ਜ਼ਾਲਮਾਂ ਨੂੰ ਆਮ ਲੋਕਾਂ 'ਤੇ ਜ਼ੁਲਮ ਕਰਨੋ ਰੋਕਣ ਲਈ ਸ਼ਸ਼ਤਰਾਂ ਨਾਲ ਲੈਸ ਸੂਰਬੀਰ ਸਮੇਂ ਨਾਲ ਜੰਗ ਦੇ ਮੈਦਾਨ ਵਿੱਚ ਨਿੱਤਰਦੇ ਰਹੇ ਹਨ। ਸ਼ਹੀਦਾਂ ਦੇ ਸਰਤਾਜ ਗੁਰੂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਕੌਮਾਂ ਨੂੰ ਮਨੁੱਖਤਾ ਦੀ ਭਲਾਈ ਲਈ ਅੰਤ ਦਮ ਤੱਕ ਜੂਝਣ ਦੀ ਹਿੰਮਤ ਦਿੰਦੀ ਹੈ। ਮੀਰੀ ਪੀਰੀ ਦੇ ਦਾਤਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਜ਼ੁਲਮ ਖਿਲਾਫ ਲੜਨ ਦਾ ਸਿੱਦਕ ਅੱਜ ਹਰ ਸਿੱਖ ਲਈ ਇੱਕ ਅਮੁੱਲ ਪ੍ਰੇਰਨਾ ਹੈ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਫਰ ਨੂੰ ਜਾਰੀ ਰੱਖਦਿਆਂ ਜ਼ਾਲਮ ਨੂੰ ਸੋਧਦੇ ਹੋਏ ਆਪਣਾ ਪਰਿਵਾਰ ਸ਼ਹੀਦ ਕਰਵਾ ਦਿੱਤਾ।

ਸਮੇਂ ਦੇ ਜ਼ਾਲਮ ਅਤੇ ਜ਼ੁਲਮ ਨਾਲ ਲੜਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਫੌਜ ਤਿਆਰ ਕੀਤੀ। ਸਿੱਖਾਂ ਨੂੰ ਲਾਮਬੰਦ ਕੀਤਾ ਅਤੇ ਸ਼ਸ਼ਤਰਧਾਰੀ ਬਣਾ ਕੇ ਜ਼ਾਲਮ ਨੂੰ ਸੋਧਨ ਦਾ ਗੁਰ ਸਿਖਾਇਆ। ਇਸੇ ਜਦੋ ਜਹਿਦ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਪਰਿਵਾਰ ਖੇਰੂੰ ਖੇਰੂੰ ਹੋ ਗਿਆ। ਚਮਕੌਰ ਸਾਹਿਬ ਦੀ ਗੜੀ 'ਚ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਗੁਰੂ ਸਾਹਿਬ ਦੀਆਂ ਅੱਖਾਂ ਅੱਗੇ ਸ਼ਹੀਦ ਹੋ ਗਏ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ, ਮਾਤਾ ਗੁਜਰੀ ਜੀ ਨਾਲ ਅਲੱਗ ਰਸਤੇ ਪੈ ਗਏ। ਗੁਰੂ ਘਰ ਦਾ ਰਸੋਇਆ ਗੰਗੂ ਬ੍ਰਾਹਮਣ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਨਾਲ ਸੀ। ਗੰਗੂ ਦੇ ਮਨ 'ਚ ਗਦਾਰੀ ਆ ਗਈ ਅਤੇ ਸਰਕਾਰੇ ਦਰਬਾਰੇ ਦੁਨਿਆਵੀ ਸਨਮਾਨ ਖੱਟਣ ਲਈ ਉਸਨੇ ਮੌਕੇ ਦੇ ਸ਼ਾਸ਼ਕਾਂ ਨੂੰ ਇਤਲਾਹ ਦੇ ਕੇ ਮਾਤਾ ਜੀ ਅਤੇ ਬੱਚਿਆਂ ਨੂੰ ਜ਼ਾਲਮ ਸੂਬਾ ਸਰਹਿੰਦ ਵਜ਼ੀਰ ਖਾਨ ਦੇ ਸਪੁਰਦ ਕਰਵਾ ਦਿੱਤਾ।

ਮਾਤਾ ਜੀ ਅਤੇ ਛੋਟੇ ਸਾਹਿਬਜ਼ਾ ਦਿਆਂ 'ਤੇ ਤਸੀਹਿਆਂ ਦਾ ਦੌਰ ਸ਼ੁਰੂ ਹੋ ਗਿਆ ਅਤੇ ਸ਼ਹੀਦੀਆਂ ਦਾ ਸਮਾਂ ਹੌਲੀ ਹੌਲੀ ਨੇੜੇ ਆਉਣ ਲੱਗਾ। ਵਜ਼ੀਰ ਖਾਨ ਦੀ ਕਚਹਿਰੀ 'ਚ ਰੋਜ਼ਾਨਾ ਛੋਟੇ ਸਾਹਿਬਜ਼ਾਦਿਆਂ ਨੂੰ ਪੇਸ਼ ਕੀਤਾ ਜਾਂਦਾ ਅਤੇ ਇਸਲਾਮ ਕਬੂਲ ਕਰਨ ਲਈ ਅਨੇਕ ਤਰਾਂ ਦੇ ਲਾਲਚ ਦਿੱਤੇ ਜਾਂਦੇ ਅਤੇ ਫਿਰ ਨਾ ਮੰਨਣ ਦੀ ਹਾਲਤ 'ਚ ਕਹਿਰ ਦਾ ਤਸ਼ੱਦਦ ਵੀ ਕੀਤਾ ਜਾਂਦਾ। ਕਈ ਇਤਿਹਾਸਕਾਰ ਛੋਟੇ ਸਾਹਿਬਜ਼ਾਦਿਆਂ 'ਤੇ ਹੋਏ ਤਸ਼ੱਦਦ ਬਾਰੇ ਲਿਖਦੇ ਹਨ ਕਿ ਬੱਚਿਆਂ ਨੂੰ ਦਰਖੱਤ ਨਾਲ ਬੰਨ ਕੇ ਅੱਖਾਂ 'ਚ ਗੁਲੇਲ ਨਾਲ ਵਾਰ ਕੀਤੇ ਗਏ ਪਰ ਦਸਮ ਪਾਤਸ਼ਾਹ ਦੇ ਲਾਲ ਅਡੋਲ ਰਹੇ। ਰਾਤ ਸਮੇਂ ਠੰਡੇ ਬੁਰਜ 'ਚ ਬੈਠੇ ਮਾਤਾ ਗੁਜਰ ਕੌਰ ਜੀ ਸਾਹਿਬਜ਼ਾਦਿਆਂ ਨੂੰ ਦੁਲਾਰਦੇ ਹੋਏ ਅਗਲੇ ਦਿਨ ਸੂਬੇ ਦੀ ਕਚਹਿਰੀ 'ਚ ਪੇਸ਼ ਵਾਲੀ ਪੇਸ਼ੀ ਲਈ ਤਿਆਰ ਕਰਦੇ ਅਤੇ ਦਾਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਦੀ ਮਿਸਾਲ ਦੇ ਕੇ ਸਾਹਿਬਜ਼ਾਦਿਆਂ ਦੇ ਹੌਸਲੇ ਬੁਲੰਦ ਕਰਦੇ। ਕਹਿਰ ਦੀ ਠੰਡ 'ਚ ਮਾਤਾ ਜੀ ਅਤੇ ਬੱਚੇ ਸਬਰ ਨਾਲ ਆਪਣਾ ਸਮਾਂ ਟਪਾਉਂਦੇ ਰਹੇ। ਸੂਬੇ ਦੀ ਕਚਹਿਰੀ 'ਚ ਸਾਹਿਬਜ਼ਾਦਿਆਂ ਦੀਆਂ ਪੇਸ਼ੀਆਂ ਦਾ ਦੌਰ ਚਲਦਾ ਰਿਹਾ ਪਰ ਰੱਬੀ ਰੂਹਾਂ ਆਪਣੇ ਬਚਨਾਂ 'ਤੇ ਕਾਇਮ ਰਹੀਆਂ।

ਸੂਬਾ ਸਰਹਿੰਦ ਵਜ਼ੀਰ ਖਾਨ ਨੇ ਆਪਣੇ ਟੀਚੇ ਦੀ ਪੂਰਤੀ ਲਈ ਇੱਕ ਕੰਧ 'ਚ ਗੋਲ ਮੋਰਾ ਬਣਵਾਇਆ ਅਤੇ ਸੋਚਿਆ ਕਿ ਜਦੋਂ ਸਾਹਿਬਜ਼ਾਦੇ ਸਿਰ ਨੀਵਾਂ ਕਰਕੇ ਇਸ ਮੋਰੇ 'ਚੋਂ ਅੰਦਰ ਆਉਣਗੇ ਤਾਂ 'ਦੀਨ-ਕਬੂਲ ਹੈ' ਦੇ ਨਾਅਰੇ ਲਾ ਦਿੱਤੇ ਜਾਣਗੇ। ਪਰ ਜ਼ਾਲਮ ਨੂੰ ਇਸ ਗੱਲ ਦੀ ਖਬਰ ਨਹੀਂ ਸੀ ਕਿ ਜਾਨੀ ਜਾਣ ਸ਼ਰੀਰਾਂ ਨੂੰ ਕਿਸੇ ਪਾਸਿਉਂ ਵੀ ਧੋਖਾ ਨਹੀਂ ਦਿੱਤਾ ਜਾ ਸਕਦਾ। ਸਾਹਿਬਜ਼ਾਦਿਆਂ ਨੂੰ ਦੂਜੇ ਦਿਨ ਫਿਰ ਪੇਸ਼ੀ 'ਤੇ ਲਿਆਂਦਾ ਗਿਆ। ਸੂਬੇ ਦੀ ਕਚਹਿਰੀ 'ਚ ਸਭ ਗਹੁ ਨਾਲ ਦੇਖ ਰਹੇ ਹਨ ਕਿ ਅੱਗੇ ਕਿ ਹੁੰਦਾ ਹੈ। ਛੋਟੇ ਸਾਹਿਬਜ਼ਾਦਿਆਂ ਨੇ ਮੋਰੇ 'ਚੋ ਅੰਦਰ ਲੰਘਦੇ ਸਮੇਂ ਪਹਿਲਾਂ ਆਪਣੇ ਪਵਿੱਤਰ ਚਰਨ ਲੰਘਾਏ ਅਤੇ ਸੀਸ ਬਾਅਦ ਵਿੱਚ ਅੰਦਰ ਲੰਘਾਇਆ। ਇਹ ਦੇਖ ਕੇ ਦਰਬਾਰ 'ਚ ਬੈਠੇ ਤਮਾਸ਼ਬੀਨ ਹੈਰਾਨ ਰਹਿ ਗਏ। ਸਾਹਿਬਜ਼ਾਦਿਆਂ ਨੇ ਗੱਜ ਕੇ ਫਤਿਹ ਬੁਲਾਈ ਅਤੇ ਜਾਬਰ ਸੂਬੇ ਦੇ ਮੂੰਹ 'ਤੇ ਹਵਾਈਆਂ ਉਡਣ ਲੱਗੀਆਂ। ਸੂਬਾ ਸਰਹਿੰਦ ਭਰੇ ਦਰਬਾਰ 'ਚ ਜ਼ਲੀਲ ਹੋ ਗਿਆ ਸੀ ਅਤੇ ਛੋਟੇ ਸਾਹਿਬਜ਼ਾਦੇ ਉਸਦੀ ਬੇਬਸੀ ਦੇਖ ਕੇ ਮੁਸਕਰਾ ਰਹੇ ਸਨ। ਵਜ਼ੀਰ ਖਾਨ ਦੇ ਗੁੱਸੇ ਦੀ ਹੱਦ ਨਾ ਰਹੀ ਅਤੇ ਉਸਨੇ ਨੇ ਤਰੁੰਤ ਸਾਹਿਬਜ਼ਾਦਿਆਂ ਨੂੰ ਜਿਊਂਦਿਆਂ ਹੀ ਕੰਧਾ 'ਚ ਚਿਨਣ ਦਾ ਹੁਕਮ ਦੇ ਦਿੱਤਾ ਪਰ ਰੱਬੀ ਰੂਹਾਂ ਆਪਣੇ ਨਿਸਚੇ 'ਤੇ ਕਾਇਮ ਸਨ ਅਤੇ ਸ਼ਹਾਦਤ ਲਈ ਤਿਆਰ। ਮਿੱਥੇ ਸਥਾਨ 'ਤੇ ਕਾਰੀਗਰ ਬੁਲਾ ਕੇ ਕੰਧ ਚਿਨਣ ਦਾ ਕੰਮ ਸ਼ੁਰੂ ਹੋਇਆ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਚਿਣੀ ਜਾ ਰਹੀ ਕੰਧ 'ਚ ਅਡੋਲ ਖੜ ਗਏ। ਗੋਡਿਆਂ ਦੀਆਂ ਚੱਪਣੀਆਂ ਘੜ ਕੇ ਇੱਟਾਂ ਲਾਈਆਂ ਗਈਆਂ। ਅੰਤ ਫਤਿਹ ਗਜਾਉਂਦੇ ਹੋਏ ਛੋਟੇ ਸਾਹਿਬਜਾਦੇ 13 ਪੋਹ ਸੰਮਤ 1761 ਬਿਕ੍ਰਮੀ ਅਰਥਾਤ 27 ਦਸੰਬਰ 1704 ਈਸਵੀ ਨੂੰ ਸ਼ਹੀਦ ਹੋ ਗਏ। ਬੱਚਿਆਂ ਦੀ ਸ਼ਹਾਦਤ ਦੀ ਖਬਰ ਸੁਣ ਕੇ ਜਗਤ ਮਾਤਾ ਗੁਜਰ ਕੌਰ ਜੀ ਵੀ ਸਰੀਰ ਛੱਡ ਗਏ। ਛੋਟੇ ਸਾਹਿਬਜ਼ਾਦਿਆਂ 'ਤੇ ਕੀਤੇ ਅੰਨੇ ਅਤੇ ਅਸਹਿ ਤਸ਼ੱਦਦ ਦਾ ਬਦਲ਼ਾ ਲੈਣ ਲਈ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਰਹਿੰਦ 'ਤੇ ਚੜਾਈ ਕੀਤੀ ਅਤੇ ਵਜ਼ੀਰ ਖਾਨ ਨੂੰ ਘੋੜਿਆ ਨਾਲ ਘੜੀਸ ਕੇ ਮੌਤ 'ਤੇ ਘਾਟ ਉਤਾਰਿਆ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਬਦਲਾ ਲਿਆ। ਇਹ ਮਹਾਨ ਸ਼ਹੀਦ ਸਿੱਖ ਪੰਥ ਨੂੰ ਜ਼ਾਲਮ ਅਤੇ ਜ਼ੁਲਮ ਖਿਲਾਫ ਲੜਣ ਦਾ ਇੱਕ ਅਨੋਖਾ ਸਬਕ ਸਿਖਾ ਗਏ। ਅੱਜ ਉਹਨਾਂ ਦੀ ਸੋਚ ਅਤੇ ਵਿਚਾਰਧਾਰਾ ਨੂੰ ਅਪਨਾਉਣ ਦੀ ਲੋੜ ਹੈ। ਸਿੱਖ ਪੰਥ ਨੂੰ ਇਹਨਾਂ ਮਹਾਨ ਸ਼ਹੀਦਾਂ ਤੋ ਪ੍ਰੇਰਣਾਂ ਲੈ ਕੇ ਇੱਕ ਅਨੁਸ਼ਾਸ਼ਨੀ ਅਤੇ ਸਾਦਾ ਜੀਵਨ ਜਿਉਣ ਦੀ ਕੋਸਿਸ਼ ਕਰਨੀ ਚਾਹੀਦੀ ਹੈ। ਸ਼੍ਰੀ ਫਤਿਹਗੜ ਸਾਹਿਬ ਵਰਗੇ ਪਵਿੱਤਰ ਅਸਥਾਨ 'ਤੇ ਨਤਮਸਤਕ ਹੁੰਦੇ ਸਮੇਂ ਸੰਗਤ ਇਹ ਧਿਆਨ ਰੱਖੇ ਕਿ ਸਾਦਾ ਲਿਬਾਸ ਪਹਿਨਿਆਂ ਜਾਵੇ ਅਤੇ ਸੰਗਤਾਂ ਲਈ ਸਾਦੇ ਲੰਗਰਾਂ ਦਾ ਪ੍ਰਬੰਧ ਕੀਤਾ ਜਾਵੇ ਅਤੇ ਕਿਸੇ ਵੀ ਤਰਾਂ ਦੀ ਹੁਲੜਬਾਜੀ ਤੋਂ ਗੁਰੇਜ਼ ਕੀਤਾ ਜਾਵੇ। ਇਹ ਸਾਡੀ ਮਹਾਨ ਸ਼ਹੀਦਾਂ ਨੂੰ ਸੱਚੀ ਸ਼ਰਧਾਜਲੀ ਹੋਵੇਗੀ।



# ਸਰਸਾ ਨਦੀ ਦਾ ਕਦੇ ਨਾ ਭੁੱਲਣ ਵਾਲਾ ਵਿਛੋੜਾ



ਦਸੰਬਰ ਦਾ ਮਹੀਨਾ ਗੁਰੂ ਪਰਿਵਾਰ ਦਾ ਵਿਛੋੜਾ ਅਤੇ ਚਾਰ ਸਾਹਿਬਜ਼ਾਦਿਆ ਸਮੇਤ ਮਾਤਾ ਗੁਜਰੀ ਜੀ ਦੀ ਸ਼ਹਾਦਤ। ਦਸੰਬਰ ਮਹੀਨੇ ਦੇ ਵਿੱਚ ਬਹੁਤ ਹੀ ਜ਼ਿਆਦਾ ਠੰਡ ਪੈਂਦੀ ਹੈ ਪਰ ਇਸ ਦਸੰਬਰ ਮਹੀਨੇ ਦੇ ਵਿੱਚ ਸ਼੍ਰੀ ਗੁਰੂ ਗੋਬਿੰਦ ਸਾਹਿਬ ਜੀ ਅਤੇ ਗੁਰੂ ਜੀ ਦੇ ਪਰਿਵਾਰ ਦਾ ਵਿਛੋੜਾ ਪੈ ਗਿਆ ਸੀ। 6 ਪੋਹ ਦੀ ਰਾਤ ਨੂੰ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਦੇ ਵਕਤ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪਰਿਵਾਰ ਤੇ ਕੁੱਝ ਸਿੰਘਾਂ ਦੀ ਟੁੱਕੜੀ ਨਾਲ ਚੱਲੇ ਸੀ। ਜਿਸ ਵਕਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਰਸਾ ਨਦੀ ਕੋਲ ਪਹੁੰਚੇ ਤਾਂ ਇਸ ਗੱਲ ਦਾ ਪਤਾ ਮੁਗਲਾਂ ਨੂੰ ਲੱਗ ਗਿਆ। ਮੁਗਲਾਂ ਵੱਲੋ ਗੁਰੂ ਸਾਹਿਬ ਅਤੇ ਉਹਨਾਂ ਦੇ ਪਰਿਵਾਰ ਤੇ ਹਮਲਾ ਕਰ ਦਿੱਤਾ ਗਿਆ। ਗੁਰੂ ਸਾਹਿਬ ਜੀ ਨੇ ਖਾਲਸਾ ਫ਼ੌਜ ਨੂੰ ਦੋ ਹਿੱਸਿਆ ਵਿੱਚ ਵੰਡਿਆ, ਇੱਕ ਮੁਗਲਾਂ ਨੂੰ ਰੋਕਣ ਵਾਸਤੇ ਤੇ ਦੂਸਰੀ ਸਰਸਾ ਨਦੀ ਪਾਰ ਕਰਨ ਲਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਰਿਵਾਰ ਸਮੇਤ ਸਿੰਘਾਂ ਦੇ ਨਾਲ ਸਰਸਾ ਨਦੀ ਪਾਰ ਕਰ ਰਹੇ ਸੀ। ਉਸ ਵਕਤ ਸਰਸਾ ਨਦੀ ਦੇ ਵਿੱਚ ਬਹੁਤ ਹੀ ਜ਼ੋਰ ਦਾ ਹੜ੍ਹ ਆਇਆ ਹੋਇਆ ਸੀ। ਇੱਕ ਪਾਸੇ ਮੁਗਲਾਂ ਦੀ ਫੌਜ ਤੇ ਦੂਸਰੇ ਪਾਸੇ ਨਦੀ ਦੇ ਹੜ੍ਹ ਨੇ ਪੂਰਾ ਪਰਿਵਾਰ ਖੇਰੂ-ਖੇਰੂ ਕਰ ਦਿੱਤਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪਰਿਵਾਰ ਸਰਸਾ ਨਦੀ 'ਚ ਹੜ੍ਹ ਆਉਣ ਕਾਰਨ ਤਿੰਨ ਹਿੱਸਿਆ ਦੇ ਵਿੱਚ ਵੰਡਿਆ ਗਿਆ। ਗੁਰੂ ਸਾਹਿਬ ਤੇ ਵੱਡੇ ਸਾਹਿਬਜ਼ਾਦੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ, ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਤੇ 40 ਸਿੰਘ ਇੱਕ ਪਾਸੇ ਰਹਿ ਗਏ ਤੇ ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦੇ ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ ਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਤੇ ਮਾਤਾ ਗੁਜਰੀ ਜੀ ਨਦੀ ਦੇ ਦੂਸਰੇ ਪਾਸੇ ਗੁਰੂ-ਘਰ ਦੇ ਰਸੋਈਏ ਗੰਗੂ ਬ੍ਰਾਹਮਣ ਨਾਲ ਮੋਰਿੰਡੇ ਚੱਲੇ ਗਏ ਅਤੇ ਸਾਹਿਬਜ਼ਾਦਿਆਂ ਦੀ ਮਾਤਾ ਸਾਹਿਬ ਕੌਰ ਜੀ ਅਤੇ ਕੁੱਝ ਸਿੰਘ ਦਿੱਲੀ ਪਹੁੰਚ ਗਏ। ਇਸ ਕਾਲੀ ਰਾਤ ਅਤੇ ਸਰਸਾ ਨਦੀ ਵਿੱਚ ਆਏ ਹੜ੍ਹ ਨੇ ਪੂਰਾ ਪਰਿਵਾਰ ਵਿਛੋੜ ਦਿੱਤਾ ਜੋ ਉਸ ਤੋ ਬਾਅਦ ਕਦੇ ਵੀ ਆਪਸ 'ਚ ਮਿਲ ਨਹੀਂ ਸਕਿਆ। ਅੱਜ ਇਸ ਅਸਥਾਨ ਤੇ ਸਰਸਾ ਨਦੀ ਦੇ ਕਿਨਾਰੇ ਕਦੇ ਨਾ ਭੁੱਲਣ ਵਾਲੇ ਵਿਛੋੜੇ ਦੀ ਯਾਦ ਵਿੱਚ ਗੁਰਦੁਆਰਾ ਸ੍ਰੀ ਪਰਿਵਾਰ ਵਿਛੋੜਾ ਸਾਹਿਬ ਬਣਿਆ ਹੋਇਆ ਹੈ।

# ਬੀਬੀ ਹਰਸ਼ਰਨ ਕੌਰ ਦੀ ਸਹਾਦਤ ਨੂੰ ਪ੍ਰਣਾਮ



ਬੀਬੀ ਹਰਸ਼ਰਨ ਕੌਰ ਚਮਕੌਰ ਸਾਹਿਬ ਦੇ ਨੇੜੇ ਹੀ ਰਹਿੰਦੀ ਸੀ ਜਦੋਂ ਬੀਬੀ ਨੂੰ ਪਤਾ ਲੱਗਿਆ ਕਿ ਵੱਡੇ ਸ਼ਹਿਬਜਾਦੇ ਅਤੇ ਸਿੰਘ ਸ਼ਹੀਦ ਹੋ ਗਏ ਹਨ ਅਤੇ ਇੱਧਰ ਯੁੱਧ ਦੀ ਸਮਾਪਤੀ ਤੋਂ ਬਾਅਦ ਥੱਕ ਟੁੱਟ ਕੇ ਜਦ ਮੁਗਲ ਸੈਨਾ ਆਪਨੇ ਤੰਬੂਆਂ ਚ ਆਰਾਮ ਫਰਮਾਉਣ ਲੱਗੀ ਤਾਂ ਬੜੀ ਦਲੇਰੀ ਤੇ ਬਹਾਦਰੀ ਦਾ ਸਬੂਤ ਦਿੰਦਿਆਂ ਜੰਗ ਦੇ ਮੈਦਾਨ ਵਿਚ ਪੁੱਜ ਕੇ ਸਾਹਿਬਜ਼ਾਦਿਆਂ ਅਤੇ ਸਿੰਘਾਂ ਦੇ ਮ੍ਰਿਤਕ ਸਰੀਰਾਂ ਨੂੰ ਇਕੱਤਰ ਕਰਕੇ ਅੰਗੀਠਾ ਸੱਜਾਇਆ ਅਤੇ ਸ਼ਹੀਦਾਂ ਦਾ ਆਦਰ ਪੂਵਕ ਸੰਸਕਾਰ ਕਰਕੇ ਸ਼ਹੀਦਾਂ ਦੇ ਸਰੀਰਾਂ ਨੂੰ ਰੁਲਣ ਤੋ ਬਚਾ ਲਿਆ।

ਇਸ ਅੰਗੀਠੇ ਵਾਲੀ ਥਾਂ ਉਤੇ ਅੱਜਕਲ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਮੌਜੂਦ ਹੈ। ਪੰਜਾਬ ਦੀ ਇਸ ਦਲੇਰ ਧੀ ਨੇ ਪਹਿਲਾਂ ਸੈਨਾ ਦੀਆਂ ਸਾਰੀਆਂ ਲਕੜਾਂ ਨੂੰ ਚੁੱਕ ਕੇ ਇੱਕ ਵੱਡੀ ਚਿੱਖਾ ਤਿਆਰ ਕੀਤੀ ਅਤੇ ਉਸ ਚਿੱਖਾ ਤੇ ਇੱਕ ਇੱਕ ਕਰ ਕੇ ਸਾਰੇ ਸਿੰਘ ਸ਼ਹੀਦ ਅਦਬ ਤੇ ਮਰਿਆਦਾ ਨਾਲ ਟਿਕਾਏ ਤੇ ਫਿਰ ਆਪਣੇ ਹਥੀਂ ਸੰਸਕਾਰ ਲਈ ਲਾਂਬੂ ਲਾਇਆ ਲਾਂਬੂ ਦੀ ਅੱਗ ਬੜੀ ਪਰਚੰਡ ਸੀ ਮਾਂ ਦੀ ਦਲੇਰ ਧੀ ਤਲਵਾਰ ਮਿਆਂਨ ਵਿੱਚੋਂ ਬਾਹਰ ਖਿੱਚ ਕੇ ਚਿੱਖਾ ਦੀ ਰਾਖੀ ਕਰਦੀ ਖੜੀ ਸੀ ਕਿ ਮੁਗਲ ਸੈਨਾ ਨੂੰ ਪਤਾ ਲੱਗ ਗਿਆ।

ਰੌਲਾ ਪੈਣ ਤੇ ਸਾਰੇ ਜਾਗ ਗਏ ਅਤੇ ਬੀਬੀ ਨੂੰ ਚੁਫੇਰਿਉਂ ਘੇਰਾ ਪਾ ਲਿਆ ਸਿੰਘਣੀ ਨੇ ਦਲੇਰੀ ਨਾਲ ਟਾਕਰਾ ਕੀਤਾ ਅਤੇ ਕੁੱਝ ਮੁਗਲ ਸੈਨਿਕ ਜਖਮੀ ਹੋਏ ਕੁਛ ਮਾਰੇ ਗਏ। ਆਖੀਰ ਗੁਰੂ ਦੀ ਧੀ ਨੂੰ ਸਿਪਹੀਆਂ ਨੇ ਕਾਬੂ ਕਰ ਕੇ ਜਲਦੀ ਚਿਖਾ ਚ ਸੁੱਟ ਕੇ ਸ਼ਾਹੀਦ ਕਰ ਦਿੱਤਾ। ਬੀਬੀ ਹਰਸ਼ਰਨ ਕੋਰ ਦੀ ਕੁਰਬਾਨੀ ਨੂੰ ਕੋਟਿ-ਕੋਟਿ ਪ੍ਰਣਾਮ।

# ਸਾਕਾ ਚਮਕੌਰ ਸਾਹਿਬ ਜੀ ਦਾ ਇਤਿਹਾਸ



ਜ਼ੁਲਮ ਅਤੇ ਅਨਿਆਂ ਵਿਰੁੱਧ ਲੜੀਆਂ ਗਈਆਂ ਜੰਗਾਂ 'ਚ ਚਮਕੌਰ ਸਾਹਿਬ ਦੀ ਜੰਗ ਸੰਸਾਰ ਦੀ ਅਸਾਵੀਂ ਤੇ ਅਨੋਖੀ ਜੰਗ ਮੰਨੀ ਜਾਂਦੀ ਹੈ। 1704 ਈ. 'ਚ ਪਹਾੜੀ ਰਾਜਿਆਂ ਅਤੇ ਮੁਗਲਈ ਫੌਜਾਂ ਵਲੋਂ ਲਗਾਤਾਰ ਕਈ ਮਹੀਨੇ ਸ੍ਰੀ ਆਨੰਦਪੁਰ ਸਾਹਿਬ ਦੀ ਘੇਰਾਬੰਦੀ ਕੀਤੀ ਹੋਈ ਸੀ। ਕਈ ਹਮਲੇ ਹੋਏ ਅਤੇ ਖ਼ੂਨ ਦੀ ਹੋਲੀ ਖੇਡੀ ਗਈ। ਅਖੀਰ ਪਹਾੜੀ ਰਾਜਿਆਂ ਦੇ ਵਿਸ਼ਵਾਸ ਅਤੇ ਸਮੇਂ ਦੇ ਬਾਦਸ਼ਾਹ ਵਲੋਂ ਪੇਸ਼ ਭਰੋਸੇ ਕਿ ਜੇ ਗੁਰੂ ਸਾਹਿਬ ਸ੍ਰੀ ਆਨੰਦਪੁਰ ਸਾਹਿਬ ਛੱਡ ਜਾਣ ਤਾਂ ਉਨ੍ਹਾਂ 'ਤੇ ਹਮਲਾ ਨਹੀਂ ਕੀਤਾ ਜਾਵੇਗਾ, ਦਿੱਤੇ ਵਚਨਾਂ ਅਤੇ ਕੀਤੇ ਕਰਾਰਾਂ 'ਤੇ ਯਕੀਨ ਕਰਕੇ ਦਸਮੇਸ਼ ਪਾਤਸ਼ਾਹ ਜੀ ਨੇ ਕਿਲਾ ਖਾਲੀ ਕਰ ਦਿੱਤਾ। ਗੁਰੂ ਸਾਹਿਬ ਦਾ ਕਾਫਿਲਾ ਅਜੇ ਕੀਰਤਪੁਰ ਸਾਹਿਬ ਹੀ ਪੁੱਜਾ ਸੀ ਕਿ ਵਿਸ਼ਵਾਸਘਾਤੀ ਦੁਸ਼ਮਣਾਂ ਨੇ ਸਭ ਕਸਮਾਂ ਤੋੜ ਦਿੱਤੀਆਂ ਅਤੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਸਰਸਾ ਨਦੀ ਕੰਢੇ ਭਾਰੀ ਯੁੱਧ ਹੋਇਆ। ਇਸ ਹਮਲੇ ਨੇ ਗੁਰੂ ਪਰਿਵਾਰ 'ਚ ਵਿਛੋੜਾ ਪਾ ਦਿੱਤਾ। ਦਸਮੇਸ਼ ਪਿਤਾ ਜੀ ਵੱਡੇ ਸਾਹਿਬਜ਼ਾਦਿਆਂ ਅਤੇ ਗਿਣਤੀ ਦੇ ਸਿੰਘਾਂ ਸਮੇਤ ਚਮਕੌਰ ਸਾਹਿਬ ਵਿਖੇ ਕੱਚੀ ਗੜ੍ਹੀ 'ਚ ਪੁੱਜ ਗਏ। ਸ਼ਾਹੀ ਫੌਜਾਂ ਮਗਰ-ਮਗਰ ਚਮਕੌਰ ਸਾਹਿਬ ਪੁੱਜ ਗਈਆਂ ਤੇ ਗੜ੍ਹੀ ਨੂੰ ਘੇਰ ਲਿਆ। ਚਮਕੌਰ ਸਾਹਿਬ ਦੀ ਕੱਚੀ ਗੜ੍ਹੀ 'ਚ 40 ਭੁੱਖਣ-ਭਾਣੇ ਸਿੰਘਾਂ ਨੇ ਦਸ ਲੱਖ ਦੀ ਸੈਨਾ ਦਾ ਡਟ ਕੇ ਟਾਕਰਾ ਕੀਤਾ। ਚਮਕੌਰ ਸਾਹਿਬ ਦੀ ਜੰਗ ਦਸਮੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਈ ਸਬਰ-ਸਿਦਕ ਅਤੇ ਹੌਸਲੇ ਦਾ ਇਮਤਿਹਾਨ ਸੀ।

ਅਗਲੇ ਦਿਨ ਜੰਗ ਆਰੰਭ ਹੋਈ, ਪੰਜ-ਪੰਜ ਸਿੰਘ ਜਥੇ ਦੇ ਰੂਪ 'ਚ ਗੜ੍ਹੀ 'ਚੋਂ ਬਾਹਰ ਨਿਕਲ ਕੇ ਦੁਸ਼ਮਣ ਦਾ ਮੁਕਾਬਲਾ ਕਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਰਹੇ ਸਨ ਤਾਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਨੇ ਜੰਗ 'ਚ ਜਾਣ ਦੀ ਆਗਿਆ ਮੰਗੀ। ਦਸਮੇਸ਼ ਪਿਤਾ ਜੀ ਨੇ ਸਾਹਿਬਜ਼ਾਦੇ ਨੂੰ ਘੁੱਟ ਕੇ ਛਾਤੀ ਨਾਲ ਲਾਇਆ ਅਤੇ ਥਾਪੜਾ ਦੇ ਕੇ ਗੜ੍ਹੀ ਤੋਂ ਰਵਾਨਾ ਕੀਤਾ। ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨੇ ਮੈਦਾਨੇ-ਜੰਗ 'ਚ ਜਾਂਦਿਆਂ ਹੀ ਮੁਗ਼ਲ ਫੌਜ ਨੂੰ ਭਾਜੜਾਂ ਪਾ ਦਿੱਤੀਆਂ। ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਅਨੇਕਾਂ ਵੈਰੀਆਂ ਨੂੰ ਪਾਰ ਬੁਲਾਉਣ ਉਪਰੰਤ ਸ਼ਹੀਦੀ ਪ੍ਰਾਪਤ ਕਰਦੇ ਵੇਖ ਕੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਵੀ ਪਿਤਾ-ਗੁਰੂ ਜੀ ਪਾਸੋਂ ਜੰਗ 'ਚ ਜਾਣ ਦੀ ਆਗਿਆ ਮੰਗੀ। ਸਤਿਗੁਰਾਂ ਨੇ ਉਸ ਨੂੰ ਵੀ ਆਪਣੇ ਹੱਥੀਂ ਤਿਆਰ ਕਰਕੇ ਜੰਗ 'ਚ ਜੂਝਣ ਲਈ ਤੋਰਦਿਆਂ ਕਿਹਾ :

ਹਮ ਦੇਤੇ ਹੈਂ ਖੰਜਰ, ਉਸੇ ਸ਼ਮਸ਼ੀਰ ਸਮਝਨਾ।
ਨੇਜ਼ੇ ਕੀ ਜਗ੍ਹਾ ਦਾਦਾ ਕਾ ਤੁਮ ਤੀਰ ਸਮਝਨਾ।
ਜਿਤਨੇ ਮਰੇਂ ਇਸ ਸੇ, ਉਨ੍ਹੇਂ ਬੇ-ਪੀਰ ਸਮਝਨਾ।
ਜ਼ਖ਼ਮ ਆਏ ਤੋ ਹੋਨਾ ਨਹੀਂ ਦਿਲਗੀਰ ਸਮਝਨਾ।
ਜਬ ਤੀਰ ਕਲੇਜੇ ਮੇਂ ਲਗੇ, 'ਸੀ' ਨਹੀਂ ਕਰਨਾ।
'ਉਫ਼' ਮੂੰਹ ਸੇ ਮੇਰੀ ਜਾਨ, ਕਭੀ ਭੀ ਨਹੀਂ ਕਰਨਾ।
(ਗੰਜਿ ਸ਼ਹੀਦਾਂ)

ਨਿੱਕੀ ਜਿੰਦ ਨੇ ਭਾਰੀ ਜੰਗ ਕਰਦਿਆਂ ਅਣਗਿਣਤ ਵੈਰੀਆਂ ਨੂੰ ਪਾਰ ਬੁਲਾ ਕੇ ਸ਼ਹਾਦਤ ਪ੍ਰਾਪਤ ਕੀਤੀ। ਦੋਵਾਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਪਿੱਛੋਂ ਦਸਮੇਸ਼ ਪਿਤਾ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਿਆਂ ਕਿਹਾ ਕਿ ਧੰਨ ਭਾਗ ਹਨ ਮੇਰੇ, ਇਹ ਅੱਲ੍ਹਾ ਦੀ ਅਮਾਨਤ ਸਨ, ਉਸ ਨੂੰ ਸੌਂਪ ਕੇ ਮੈਂ ਮੈਦਾਨੇ-ਜੰਗ ਤੋਂ ਸੁਰਖਰੂ ਹੋ ਕੇ ਜਾ ਰਿਹਾ ਹਾਂ। ਚਮਕੌਰ ਦੀ ਅਸਾਵੀਂ ਜੰਗ 'ਚ ਵੱਡੇ ਸਾਹਿਬਜ਼ਾਦਿਆਂ ਸਮੇਤ ਸ਼ਹੀਦ ਹੋਏ ਚਾਲੀ ਸਿੰਘਾਂ ਨੇ ਇਸ ਪਾਵਨ ਧਰਤੀ ਨੂੰ ਪਵਿੱਤਰ ਬਣਾ ਦਿੱਤਾ। ਕਵੀ ਅੱਲ੍ਹਾ ਯਾਰ ਖਾਂ ਨੇ ਇਸ ਧਰਤੀ ਨੂੰ ਇਸ ਤਰ੍ਹਾਂ ਸਤਿਕਾਰ ਭੇਟ ਕੀਤਾ ਹੈ :

ਬਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲੀਏ,
ਕਟਾਏ ਬਾਪ ਨੇ ਬੱਚੇ ਜਹਾਂ, ਖ਼ੁਦਾ ਕੇ ਲੀਏ।
ਚਮਕ ਹੈ ਮਿਹਰ ਕੀ ਚਮਕੌਰ ! ਤੇਰੇ ਜ਼ੱਰੋਂ ਮੇਂ,
ਯਹੀਂ ਸੇ ਬਨ ਕੇ ਸਿਤਾਰੇ ਗਏ ਸ਼ਮਾ ਕੇ ਲੀਏ। (ਗੰਜਿ ਸ਼ਹੀਦਾਂ)

ਸਾਕਾ ਚਮੌਕਰ ਸਾਹਿਬ ਖਾਲਸਾ ਪੰਥ ਦੀ ਗੌਰਵਮਈ ਦਾਸਤਾਨ ਹੈ। ਅਜੋਕੇ ਯੁੱਗ ਦੇ ਸਿੱਖ ਨੌਜਵਾਨਾਂ ਨੂੰ ਵੱਡੇ ਸਾਹਿਬਜ਼ਾਦਿਆਂ ਦੀ ਸੂਰਬੀਰਤਾ ਅਤੇ ਧਰਮ ਪ੍ਰਤੀ ਪ੍ਰਪੱਕਤਾ ਨੂੰ ਆਪਣੇ ਜੀਵਨ 'ਚ ਅਪਣਾਉਂਦਿਆਂ ਸਿੱਖੀ ਸਰੂਪ ਦੀ ਸੰਭਾਲਣਾ ਕਰਨ ਲਈ ਪ੍ਰੇਰਨਾ ਲੈਣੀ ਚਾਹੀਦੀ ਹੈ। ਸਾਕਾ ਚਮਕੌਰ ਸਾਹਿਬ ਸਾਡੀਆਂ ਯਾਦਾਂ ਦਾ ਹਿੱਸਾ ਬਣ ਕੇ ਸਾਨੂੰ ਆਪਣੇ ਪੁਰਖਿਆਂ ਦੀ ਸੂਰਬੀਰਤਾ ਦੀ ਦਾਸਤਾਨ ਨੂੰ ਮੁੜ-ਮੁੜ ਸੁਣਨ ਲਈ ਪ੍ਰੇਰਿਤ ਕਰਦਾ ਹੈ। ਸੋ ਆਓ, ਇਸ ਤੋਂ ਸੇਧ ਪ੍ਰਾਪਤ ਕਰ ਕੇ ਗੁਰਮਤਿ ਰਹਿਣੀ 'ਚ ਪ੍ਰਪੱਕ ਰਹਿਣ ਦਾ ਅਹਿਦ ਕਰੀਏ।

ਵਾਹਿਗੁਰੂ ਜੀ

# ਸ਼ਹੀਦੀਆਂ ਦਾ ਮਹੀਨਾ ਪੋਹ



ਕਿਸੇ ਵੀ ਕੌਮ ਅਤੇ ਦੇਸ਼ ਦੀ ਰੱਖਿਆ ਲਈ ਬਹੁਤ ਸਾਰੇ ਸੂਰਬੀਰ ਯੋਧੇ ਆਪਣੀਆਂ ਜਾਨਾਂ ਵਾਰ ਦਿੰਦੇ ਹਨ। ਇਨਾਂ ਸੂਰਬੀਰਾਂ ਯੋਧਿਆਂ ਦੀਆਂ ਅਮਰ ਕਥਾਵਾਂ ਨੂੰ ਸੁਣ ਕੇ, ਪੜ ਕੇ ਆਉਣ ਵਾਲੀਆਂ ਨਸਲਾਂ ਸਬਕ ਸਿੱਖਦੀਆਂ ਹਨ। ਸਿਆਣਿਆਂ ਦਾ ਕਥਨ ਹੈ ਕਿ ਜਿਹੜੀਆਂ ਕੌਮਾਂ ਆਪਣੇ ਵੱਡੇ-ਵਡੇਰਿਆਂ ਦੀਆਂ ਲਾਸਾਨੀ ਕੁਰਬਾਨੀਆਂ ਨੂੰ ਭੁੱਲ ਜਾਂਦੀਆਂ ਹਨ ਉਹ ਬਹੁਤ ਜਲਦ ਖ਼ਤਮ ਹੋ ਜਾਂਦੀਆਂ ਹਨ।

ਅਫ਼ਸੋਸ ! ਅਸੀਂ ਵੀ ਆਪਣੇ ਪੁਰਖ਼ਿਆਂ ਦੀਆਂ ਕੁਰਬਾਨੀਆਂ ਨੂੰ ਭੁਲਾਉਣ ਵਿਚ ਕੋਈ ਕਸਰ ਨਹੀਂ ਛੱਡੀ। ਅਸਲ ਵਿਚ ਹਿੰਦੋਸਤਾਨ ਦੇ ਆਧੁਨਿਕ ਸਰੂਪ ਨੂੰ ਜੇਕਰ ਅਸੀਂ ਦੇਖਦੇ ਹਾਂ ਤਾਂ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਦੇਣ ਹੈ। ਜੇਕਰ ਗੁਰੂ ਗੋਬਿੰਦ ਸਿੰਘ ਜੀ ਆਪਣਾ ਸਰਬੰਸ ਕੁਰਬਾਨ ਨਾ ਕਰਦੇ ਤਾਂ ਖ਼ਬਰੇ ! ਸਾਡੇ ਮੁਲਕ ਦਾ ਆਧੁਨਿਕ ਚਿਹਰਾ ਕੁਝ ਹੋਰ ਹੁੰਦਾ।

ਖ਼ੈਰ ! ਪੋਹ ਦਾ ਮਹੀਨਾ ਸ਼ਹੀਦੀਆਂ ਦਾ ਮਹੀਨਾ ਹੈ। ਇਸ ਮਹੀਨੇ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜਾਂਦਿਆਂ ਦੀ ਸ਼ਹੀਦੀ ਹੋਈ। ਚਾਲੀ ਮੁਕਤਿਆਂ ਨੇ ਚਮਕੌਰ ਦੀ ਗੜੀ ਵਿਚ ਦੇਸ਼, ਕੌਮ ਲਈ ਆਪਣੀ ਸ਼ਹਾਦਤ ਦਿੱਤੀ। ਮਾਤਾ ਗੁਜਰੀ ਜੀ ਦੀ ਸ਼ਹਾਦਤ ਹੋਈ।

ਸੂਬਾ ਸਰਹੰਦ ਦੇ ਹੁਕਮ ਨਾਲ ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਿਹ ਸਿੰਘ ਜੀ ਨੂੰ ਜੀਉਂਦਿਆਂ ਹੀ ਨੀਹਾਂ ਵਿਚ ਚਿੰਣ ਦਿੱਤਾ ਗਿਆ। ਸੰਸਾਰ ਦੇ ਇਤਿਹਾਸ ਵਿਚ ਇਹ ਪਹਿਲੀ ਮਿਸਾਲ ਹੈ ਜਦੋਂ ਇੰਨੀ ਛੋਟੀ ਉਮਰ ਦੇ ਬੱਚਿਆਂ ਨੂੰ ਅਜਿਹੀ ਮੌਤ ਦਿੱਤੀ ਗਈ ਹੋਵੇ। ਪਰ ! ਧੰਨ ਗੁਰੂ ਦੇ ਸਾਹਿਬਜਾਦੇ ਜਿਨਾਂ ਦੇਸ਼ ਅਤੇ ਧਰਮ ਦੀ ਖ਼ਾਤਰ ਹੱਸ ਕੇ ਆਪਣੀ ਸ਼ਹੀਦੀ ਦੇ ਦਿੱਤੀ ਪਰ ! ਆਪਣੇ ਦ੍ਰਿੜ ਇਰਾਦੇ ਤੋ ਨਹੀਂ ਡੋਲੇ।

ਸਿਆਣਿਆਂ ਦਾ ਕਥਨ ਹੈ, 'ਸਰੀਰਕ ਮੌਤ ਅਸਲ ਮੌਤ ਨਹੀਂ ਹੁੰਦੀ ਬਲਕਿ ਜਮੀਰ ਦਾ ਮਰ ਜਾਣਾ ਅਸਲ ਮੌਤ ਹੁੰਦੀ ਹੈ।' ਬਹੁਤ ਸਾਰੇ ਲੋਕ ਮਰ ਕੇ ਵੀ ਲੋਕ- ਮਨਾਂ ਵਿਚ ਜੀਉਂਦੇ ਹਨ ਅਤੇ ਬਹੁਤ ਸਾਰੇ ਲੋਕ ਜੀਉਂਦਿਆਂ ਵੀ ਮਰਿਆਂ ਵਾਂਗ ਜੀਵਨ ਕੱਟਦੇ ਹਨ।

ਚਮਕੌਰ ਦੀ ਕੱਚੀ ਗੜੀ ਵਿਚ ਦਸਮੇਸ਼ ਪਿਤਾ ਚਾਲੀ ਸਿੰਘਾਂ ਨਾਲ ਮੌਜੂਦ ਹਨ। ਗੜੀ ਦੇ ਬਾਹਰ ਦਸ ਲੱਖ ਮੁਗ਼ਲ ਫੌਜ ਘੇਰਾ ਪਾ ਕੇ ਖੜੀ ਹੈ। ਪੰਜ- ਪੰਜ ਸਿੰਘਾਂ ਦਾ ਜੱਥਾ ਬਾਹਰ ਆਉਂਦਾ ਹੈ ਅਤੇ ਬੇਅੰਤ ਵੈਰੀਆਂ ਨੂੰ ਮਾਰ ਕੇ ਸ਼ਹੀਦ ਹੋ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜਾਦੇ ਬਾਬਾ ਅਜੀਤ ਸਿੰਘ ਜੀ ਜੰਗ ਵਿਚ ਜਾਣ ਦੀ ਆਗਿਆ ਮੰਗਦੇ ਹਨ ਤਾਂ ਦਸਮੇਸ਼ ਪਿਤਾ ਹੱਸ ਕੇ ਆਗਿਆ ਦੇ ਦਿੰਦੇ ਹਨ।

ਗੁਰੂ ਸਾਹਿਬ ਜਾਣਦੇ ਹਨ ਕਿ ਬਾਬਾ ਅਜੀਤ ਸਿੰਘ ਜੀ ਨੇ ਮੁੜ ਕੇ ਵਾਪਸ ਨਹੀਂ ਆਉਣਾ ਪਰ ! ਧੰਨ ਜਿਗਰਾ ਹੈ ਦਸਮੇਸ਼ ਪਿਤਾ ਦਾ ਜਿਨਾਂ ਆਪਣੇ ਜ਼ਿਗਰ ਦੇ ਟੁਕੜੇ ਨੂੰ ਦੇਸ਼, ਧਰਮ ਤੋਂ ਕੁਰਬਾਨ ਹੋਣ ਲਈ ਜੰਗ ਵੱਲ ਤੋਰ ਦਿੱਤਾ।

ਹੈਰਾਨੀ ਹੁੰਦੀ ਹੈ ਇਹ ਸੋਚ ਕੇ/ ਪੜ ਕੇ ਕਿ ਬਾਬਾ ਜੁਝਾਰ ਸਿੰਘ ਜੀ ਨੂੰ ਹੁਕਮ ਦੇਣ ਦੀ ਲੋੜ ਨਹੀਂ ਪਈ। ਜਦੋਂ ਵੱਡਾ ਵੀਰ ਜੰਗ ਦੇ ਮੈਦਾਨ ਵਿਚ ਸ਼ਹੀਦ ਹੋ ਗਿਆ ਤਾਂ ਬਾਬਾ ਜੁਝਾਰ ਸਿੰਘ ਆਪ ਦਸਮੇਸ਼ ਪਿਤਾ ਦੇ ਸਨਮੁੱਖ ਪੇਸ਼ ਹੋਏ ਅਤੇ ਜੰਗ ਵਿਚ ਜਾਣ ਦੀ ਆਗਿਆ ਮੰਗੀ।

ਸੰਸਾਰ ਦੇ ਇਤਿਹਾਸ ਵਿਚ ਇਹ ਪਹਿਲੀ ਅਤੇ ਆਖ਼ੀਰੀ ਵਾਰ ਹੋਇਆ ਹੈ ਕਿ ਇੱਕ ਪਿਤਾ ਨੇ ਆਪਣੇ ਪੁੱਤਰਾਂ ਨੂੰ ਆਪਣੇ ਮੁਲਕ ਲਈ ਹੱਸ ਕੇ ਕੁਰਬਾਨ ਕੀਤਾ ਹੈ। ਸਾਹਿਬਜਾਦੇ ਜੁਝਾਰ ਸਿੰਘ ਜੀ ਨੂੰ ਦਸਮੇਸ਼ ਪਿਤਾ ਨੇ ਆਪਣੇ ਹੱਥੀਂ ਜੰਗ ਦੇ ਮੈਦਾਨ ਵੱਲ ਤੋਰਿਆ। ਦਸਮ ਪਿਤਾ ਨੇ ਆਪਣੇ ਮੂੰਹੋ ਉਫ਼ ਤੱਕ ਨਹੀਂ ਕੀਤੀ ਬਲਕਿ ਅਕਾਲ ਪੁਰਖ਼ ਦਾ ਸ਼ੁਕਰਾਨਾ ਕੀਤਾ। ਉਨਾਂ ਕਿਹਾ ਕਿ ਇਹ ਸਭ ਦਾਤਾਂ ਅਕਾਲ ਪੁਰਖ਼ ਨੇ ਦਿੱਤੀਆਂ ਸਨ ਅਤੇ ਮੈਂ ਸਤਿਗੁਰ ਨੂੰ ਮੋੜ ਦਿੱਤੀਆਂ ਹਨ।

ਪੋਹ ਦੇ ਮਹੀਨੇ ਵਿਚ ਜਿੱਥੇ ਪੰਜ ਸਾਲ ਦੇ ਫ਼ਤਿਹ ਸਿੰਘ ਦੀ ਸ਼ਹਾਦਤ ਹੋਈ ਉੱਥੇ ਸੱਤਰ ਸਾਲ ਦੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਵੀ ਇਤਿਹਾਸ ਦੇ ਪੰਨਿਆਂ ਵਿਚ ਦਰਜ਼ ਹੈ। ਮਾਤਾ ਗੁਜਰੀ ਅਜਿਹੀ ਮਹਾਨ ਸਖ਼ਸੀਅਤ ਸਨ ਜਿਨਾਂ ਆਪਣੇ ਸਮੁੱਚੇ ਪਰਿਵਾਰ ਨੂੰ ਦੇਸ਼, ਧਰਮ ਉੱਤੋਂ ਕੁਰਬਾਨ ਕਰ ਦਿੱਤਾ।

ਮਾਤਾ ਗੁਜਰੀ ਜੀ ਨੇ ਛੋਟੇ ਸਾਹਿਬਜਾਦਿਆਂ ਨੂੰ ਅਜਿਹੀ ਦਲੇਰੀ ਅਤੇ ਹਿੰਮਤ ਦਿੱਤੀ ਕਿ ਉਹ ਸੂਬੇ ਦੀ ਕਚਹਿਰੀ ਵਿਚ ਅਡੋਲ ਰਹੇ। ਇਹੀ ਸੁਚੱਜੀ ਮਾਂ ਦਾ ਫ਼ਰਜ਼ ਹੁੰਦਾ ਹੈ। ਅੱਜ ਦੀਆਂ ਮਾਂਵਾਂ ਨੂੰ ਮਾਤਾ ਗੁਜਰੀ ਜੀ ਤੋਂ ਸਿੱਖਿਆ ਲੈਣ ਦੀ ਲੋੜ ਹੈ। ਆਖ਼ਰ ਵਿਚ ਕਿਹਾ ਜਾ ਸਕਦਾ ਹੈ ਕਿ ਜੇਕਰ ਦਸਮੇਸ਼ ਪਿਤਾ ਸਰਬੰਸ ਕੁਰਬਾਨ ਨਾ ਕਰਦੇ ਤਾਂ ਹਿੰਦੋਸਤਾਨ ਦਾ ਨਕਸ਼ਾ ਕੁਝ ਹੋਰ ਹੁੰਦਾ। ਹਾਲਾਂਕਿ ਗੁਰੂ ਸਾਹਿਬ ਕਿਸੇ ਮਹਜ਼ਬ ਜਾਂ ਫਿਰਕੇ ਦੇ ਖਿਲਾਫ਼ ਨਹੀਂ ਸਨ ਉਹ ਤਾਂ ਜੁਲਮ ਦੇ ਖਿਲਾਫ਼ ਸਨ। ਉਨਾਂ ਆਪਣੇ ਜੀਵਨਕਾਲ ਵਿਚ ਜੁਲਮ ਦਾ ਟਾਕਰਾ ਕੀਤਾ। ਅਜਿਹੇ ਸੂਰਬੀਰ ਯੋਧੇ ਨੂੰ ਨਤਮਸਤਕ ਕਰਨਾ ਬਣਦਾ ਹੈ ਅਤੇ ਉਨਾਂ ਸ਼ਹੀਦਾਂ ਦੀ ਸ਼ਹੀਦੀ ਨੂੰ ਯਾਦ ਕਰਨਾ ਬਣਦਾ ਹੈ ਜਿਨਾਂ ਨੇ ਸਾਡੇ ਲਈ ਆਪਣੀ ਜ਼ਿੰਦਗੀ ਹੱਸ ਕੇ ਕੁਰਬਾਨ ਕਰ ਦਿੱਤੀ।

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ

ਆਪ ਵੀ ਪੜ੍ਹਿਓ ਤੇ ਵਾਰ-ਵਾਰ ਦੱਸਿਓ ਆਪਣੇ ਬੱਚਿਆਂ ਨੂੰ "ਨਿੱਕੇ ਬਾਬਿਆਂ "ਬਾਰੇ ਧੰਨ ਹੋ ਤੁਸੀਂ ਬਾਬਾ ਜੀ ਸਾਥੋਂ ਪੜ੍ਹ ਨੀਂ ਹੁੰਦਾ ਤੁਸੀਂ ਇਹ ਸਭ ਸਰੀਰ ਤੇ ਸਹਿਗੇ...ਕੋਟਿ ਕੋਟਿ ਪ੍ਰਣਾਮ

ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ (ਸੱਤ ਅਤੇ ਨੌਂ ਸਾਲ) ਬਾਰੇ ਸਾਨੂੰ ਬੱਸ ਪੁਆਇੰਟ ਤੋਂ ਪੁਆਇੰਟ ਹੀ ਪਤਾ ਹੈ ਕੇ ਉਹਨਾਂ ਨੂੰ ਨੀਹਾਂ ਵਿਚ ਚਿਣ ਦਿੱਤਾ ਗਿਆ ਪਰ ਕੀ ਕਿਸੇ ਨੂੰ ਪਤਾ ਹੈ ਹੈ ਕੇ ਉਸ ਤੋਂ ਪਹਿਲਾਂ ਉਹਨਾਂ ਨਾਲ ਕੀ ਬੀਤੀ ਉਹਨਾਂ ਨੂੰ ਡਰਾਉਣ ਲਈ ਤੇ ਇਸਲਾਮ ਕਬੂਲ ਕਰਨ ਲਈ ਕਿੰਨੇ ਤਸੀਹੇ ਦਿੱਤੇ ਗਏ...ਉਹਨਾਂ ਨਾਲ ਸ਼ਹਾਦਤ ਤੋਂ ਪਹਿਲਾਂ ਕੀ ਕੀ ਵਾਪਰਿਆ ....?

1) ਮਾਤਾ ਗੁਜਰੀ ਜੀ ਦੇ ਨਾਲ ਵਿਛੜੇ ਸਿੱਖ ਭਾਈ ਦੋਨਾ ਸਿੰਘ ਹੰਡੂਰੀਆ ਦੀ ਬ੍ਰਿਜ ਭਾਸ਼ਾ ਵਿਚ ਲਿਖੀ ਕਿਤਾਬ "ਕਥਾ ਗੂਰੂ ਸੁਤਨ ਜੀ ਕੀ" ਅਨੁਸਾਰ ਛੋਟੇ ਸਾਹਿਬਜ਼ਾਦਿਆਂ ਨੂੰ ਹੱਥ ਘੜੀਆਂ ਲਗਾ ਕੇ ਤੌਰ ਕੇ ਮੋਰਿੰਡੇ ਲਿਆਂਦਾ ਗਿਆ।

2) 9 ਪੋਹ ਦੀ ਰਾਤ ਨੂੰ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਮੋਰਿੰਡਾ ਵਿਖੇ ਕਾਲ ਕੋਠੜੀ 'ਚ ਭੁੱਖੇ ਰੱਖਿਆ ਗਿਆ ਅਤੇ ਕੋਈ ਵੀ ਕੱਪੜਾ ਨਹੀਂ ਦਿੱਤਾ ਗਿਆ ਠੰਡ ਵਿੱਚ ਸਾਰੀ ਰਾਤ ਉਸ ਕਾਲ ਕੋਠੜੀ ਵਿੱਚ ਕੱਟੀ ਠੰਡੀ ਜ਼ਮੀਨ ਉੱਪਰ ਕੱਟੀ।

3) 10 ਪੋਹ ਨੂੰ ਸਰਹੰਦ ਲਿਆਂਦਾ ਗਿਆ ਜਿਥੇ ਵਜੀਰ ਖਾਨ ਗੁਰੂ ਜੀ ਨੂੰ ਏਨੇ ਲੰਬਾ ਸਮਾਂ ਘੇਰਾ ਪਾ ਕੇ ਵੀ ਨਾ ਫੜ ਸਕਣ ਕਾਰਨ ਮਾਯੂਸ ਪਰਤਿਆ ਸੀ ਤੇ ਜਦੋਂ ਉਸ ਨੂੰ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਗ੍ਰਿਫ਼ਤਾਰੀ ਬਾਰੇ ਪਤਾ ਲੱਗਾ ਉਸ ਨੇ ਸੋਚਿਆ ਕਿ ਮਾਂ ਤੇ ਪੁੱਤਰਾ ਦਾ ਮੋਹ ਉਸ ਨੂੰ ਮੇਰੇ ਕੋਲ ਖਿੱਚ ਲਿਆਵੇਗਾ ਤੇ ਮੇਰੇ ਅੱਗੇ ਝੁਕਣ ਲਈ ਮਜ਼ਬੂਰ ਹੋ ਜਾਵੇਗਾ।

4) ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ਵਿੱਚ ਕੈਦ ਕਰ ਦਿੱਤਾ ਗਿਆ... ਉਸ ਸਮੇਂ ਠੰਡੇ ਬੁਰਜ ਦੇ ਥੱਲਿਓ ਪਾਣੀ ਵਗਦਾ ਸੀ ਜਿਸ ਨਾਲ ਹਵਾ ਟਕਰਾਅ ਕੇ ਉੱਪਰ ਵੱਲ ਆਉਂਦੀ ਸੀ ਤਾਂ ਅੱਤ ਦੀ ਗਰਮੀ ਵਿਚ ਵੀ ਕੰਬਣੀ ਛੇੜ ਦਿੰਦੀ ਸੀ ਅੱਤ ਦੀ ਸਰਦੀ ਵਿੱਚ ਕੀ ਹਾਲ ਹੁੰਦਾ ਹੋਵੇਗਾ ਇਸ ਦਾ ਅੰਦਾਜ਼ਾ ਵੀ ਨਹੀਂ ਲਗਾਇਆ ਜਾ ਸਕਦਾ (ਇਹ ਬੁਰਜ ਹੁਣ ਢਾਹ ਕੇ ਨਵਾਂ ਬਣਾ ਦਿੱਤਾ ਗਿਆ ਹੈ ਪੰਥ ਦੋਖੀਆਂ ਵਲੋਂ)।

5) ਮਾਤਾ ਜੀ ਤੇ ਬੱਚੇ ਠੰਡੇ ਫਰਸ਼ ਉੱਪਰ ਬੈਠ ਗਏ ਤੇ ਮਾਤਾ ਜੀ ਕੋਲ ਸਿਰਫ ਬੱਚਿਆਂ ਦੇ ਥੋੜੇ ਜਿਹੇ ਕੱਪੜੇ ਸਨ। ਉਸ ਰਾਤ ਵੀ ਉਹਨਾਂ ਨੂੰ ਖਾਣ ਲਈ ਕੁਝ ਨਾ ਦਿੱਤਾ ਗਿਆ।

6) ਦੋ ਦਿਨਾਂ ਬਾਅਦ ਉਹਨਾਂ ਨੂੰ ਕਚਿਹਰੀ ਵਿਚ ਪੇਸ਼ ਕੀਤਾ ਗਿਆ। ਡਾਕਟਰ ਗੰਡਾ ਸਿੰਘ ਜੀ ਅਨੁਸਾਰ ਸਾਹਿਬਜ਼ਾਦਿਆਂ ਦੀਆਂ ਨੱਕ ਦੀਆਂ ਟੋਡਰੀਆ ਲਾਲ ਹੋ ਗਈਆਂ ਸਨ ਬੁੱਲ ਨੀਲੇ ਤੇ ਹੱਥ ਠੰਡ ਨਾਲ ਬੇਹਾਲ ਹੋਏ ਪਏ ਸਨ।

7) ਸਾਹਿਬਜ਼ਾਦੇ ਜਦੋਂ ਨਾ ਮੰਨੇ ਤਾਂ ਇਹਨਾ ਨੂੰ ਤਸੀਹੇ ਦਿੱਤੇ ਗਏ। ਇੱਕ ਖਮਚੀ (ਤੂਤ ਦੀ ਪਤਲੀ ਛਟੀ) ਲੈ ਕੇ ਸਾਹਿਬਜ਼ਾਦਿਆਂ ਨੂੰ ਕੁੱਟਿਆ ਗਿਆ ਤਾਂ ਜੋ ਸੱਟ ਲੱਗਣ ਤੇ ਡਰ ਕੇ ਇਸਲਾਮ ਕਬੂਲ ਲੈਣਗੇ। ਇਸ ਨਾਲ ਓਹਨਾ ਦਾ ਮਾਸ ਉੱਭਰ ਗਿਆ ਤੇ ਕੋਮਲ ਸ਼ਰੀਰ ਉੱਪਰ ਨਿਸ਼ਾਨ ਪੈ ਗਏ । ਇਸ ਸਜਾ ਤੋਂ ਬਾਅਦ ਓਹਨਾ ਨੂੰ ਵਾਪਿਸ ਮਾਤਾ ਜੀ ਕੋਲ ਭੇਜ ਦਿੱਤਾ ਗਿਆ।

2) ਅਗਲੇ ਦਿਨ ਦੋਨਾਂ ਸਾਹਿਬਜ਼ਾਦਿਆਂ ਨੂੰ ਪਿੱਪਲ ਨਾਲ ਬੰਨ੍ਹ ਕੇ ਗੁਲੇਲੇ ਮਾਰੇ ਗਏ (ਵਿਚੋਂ ਕਥਾ ਗੁਰੂ ਸੁਤਨ ਜੀ ਕੀ)।

3) ਸਾਹਿਬਜ਼ਾਦਿਆਂ ਦੀਆ ਉਂਗਲਾਂ ਵਿਚ ਪੁਲੀਤੇ ਰੱਖ ਕੇ ਅੱਗ ਲਗਾਈ ਗਈ ਕੇ ਚਮੜੀ ਸੜਨ ਨਾਲ ਸਾਹਿਬਜ਼ਾਦੇ ਡੋਲ ਜਾਣ (ਡਾਕਟਰ ਗੰਡਾ ਸਿੰਘ ਜੀ ਅਨੁਸਾਰ)।

4) ਅਖੀਰ 12 ਪੋਹ ਨੂੰ ਜਦੋਂ ਆਖਰੀ ਕਚਿਹਰੀ ਲੱਗੀ ਜਦੋਂ ਕਾਜ਼ੀ ਨੂੰ ਫਤਵਾ ਦੇਣ ਲਈ ਕਿਹਾ ਤਾਂ ਸਾਹਿਬਜ਼ਿਆਂ ਦਾ ਕਸੂਰ ਕੋਈ ਨਾ ਮਿਲਿਆ ਇਸ ਵਕਤ ਇੱਕ ਵਾਰ ਫੇਰ ਸੁੱਚਾ ਨੰਦ ਨੇ ਰੋਲ ਨਿਭਾਇਆ ਤੇ ਸਾਹਿਬਜ਼ਾਦਿਆਂ ਨੂੰ ਕਿਹਾ ਕਿ ਜੇਕਰ ਤੁਹਾਨੂੰ ਛੱਡ ਦਿੱਤਾ ਜਾਏ ਤਾਂ ਤੁਸੀ ਕੀ ਕਰੋਗੇ ਤਾਂ ਸਾਹਿਬਜ਼ਾਦਿਆਂ ਨੇ ਕਿਹਾ ਕਿ ਪਿਤਾ ਗੁਰੂ ਗੋਬਿੰਦ ਸਿੰਘ ਕੋਲ ਜਾਵਾਂਗੇ ਤੇ ਸਿੰਘ ਇਕੱਠੇ ਕਰਾਂਗੇ ਤੇ ਏਸ ਸੂਬਾ ਸਰਹਿੰਦ ਦਾ ਸਿਰ ਲਵਾਂਗੇ।

ਸੁੱਚਾ ਨੰਦ ਨੇ ਕਿਹਾ ਹੈ ਫੇਰ ਫੜੇ ਗਏ ਫਿਰ ਕੀ ਕਰੋਂਗੇ ? ਓਹਨਾ ਫੇਰ ਕਿਹਾ ਏਸ ਸੂਬੇ ਦਾ ਸਿਰ ਲਹਾਂਗੇ ? ਸੁੱਚਾ ਨੰਦ ਨੇ ਕਿਹਾ ਜੇ ਫੇਰ ਫੜੇ ਗਏ ?? ਤਾਂ ਅਖੀਰ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨੇ ਕਿਹਾ ਕਿ ਐ ਸੁੱਚਾ ਨੰਦ ਜਿਨਾ ਚਿਰ ਇਸ ਰਾਜ ਦੀ ਜੜ੍ਹ ਨਹੀਂ ਪੱਟੀ ਜਾਂਦੀ ਤੇ ਅਸੀਂ ਸਹੀਦ ਨਹੀਂ ਹੋ ਜਾਂਦੇ ਅਸੀ ਲੜਦੇ ਰਹਾਂਗੇ ਚਾਰੇ ਪਾਸਿਓਂ ਆਵਾਜ਼ ਆਈ " ਬਾਗੀ...ਬਾਗੀ...ਹਕੂਮਤ ਦੇ ਬਾਗੀ"...ਕਾਜ਼ੀ ਨੇ ਕਿਹਾ ਕਿ ਇਹਨਾਂ ਹਕੂਮਤ ਦੇ ਬਾਗੀਆਂ ਨੂੰ ਨੀਹਾਂ ਵਿੱਚ ਚਿਣ ਦਿੱਤਾ ਜਾਏ....।

ਫੈਸਲਾ ਸੁਣਾ ਦਿੱਤਾ ਗਿਆ ਤੇ ਮਾਤਾ ਜੀ ਨੂੰ ਜਾ ਸਾਰੀ ਗੱਲ ਦੱਸੀ ਕੇ ਕੱਲ ਸਾਨੂੰ ਨੀਹਾਂ ਵਿੱਚ ਚਣਵਾ ਦਿੱਤਾ ਜਾਵੇਗਾ ਮਾਤਾ ਜੀ ਨੇ ਆਪਣੀ ਸਾਰੀ ਉਮਰ ਦੀ ਸੇਵਾ ਭਾਵਨਾ ਤੇ ਰੱਬੀ ਕਮਾਈ ਓਸ ਰਾਤ ਆਪਣੇ ਪੋਤਿਆਂ ਤੇ ਲਾ ਦਿੱਤੀ।

ਇਤਿਹਾਸ ਦਸਦਾ ਹੈ ਕੇ ਸ਼ਹਾਦਤ ਤੇ ਜਾਣ ਤੋਂ ਪਹਿਲਾਂ ਮਾਤਾ ਜੀ ਨੇ ਗੱਠੜੀ ਵਿਚੋਂ ਨੀਲੇ ਚੋਲੇ ਛੋਟੇ ਸਾਹਬਜ਼ਾਦਿਆਂ ਦੇ ਪਾਏ ਦਸਤਾਰਾਂ ਸਜਾਈਆਂ ਅਤੇ ਦੋਹਾਂ ਦਾ ਮੱਥਾ ਚੁੰਮ ਕੇ ਵਿਦਾ ਕੀਤਾ। ਸੋਹਣ ਸਿੰਘ ਸੀਤਲ ਅਨੁਸਾਰ ਛੋਟੇ ਸਾਹਿਬਜ਼ਾਦੇ ਬਾਬਾ ਫ਼ਤਿਹ ਸਿੰਘ ਥੋੜਾ ਅੱਗੇ ਜਾ ਕੇ ਪਿੱਛੇ ਮਾਤਾ ਜੀ ਵੱਲ ਵੇਖਦੇ ਹਨ ਤੇ ਕਹਿੰਦੇ ਹਨ ਕਿ ਦਾਦੀ ਜੀ ਮਾਤਾ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਤੂੰ ਸੀ ਸਾਨੂੰ ਕਦੇ ਇਕੱਲਿਆਂ ਨਹੀਂ ਛੱਡਿਆ ਹੁਣ ਵੀ ਸਾਡੇ ਪਿੱਛੇ ਪਿੱਛੇ ਆ ਜਾਣਾ।

ਦੋਹਾਂ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣ ਦਿੱਤਾ ਗਿਆ ਕੰਧ ਗਿਰ ਗਈ ਤੇ ਬੇਹੋਸ਼ ਹੋਣ ਤੇ ਹੋਸ਼ ਵਿੱਚ ਆਉਣ ਤੇ ਖ਼ੰਜਰ ਤਿੱਖੇ ਕਰ ਰਹੇ ਜ਼ਲਾਦਾਂ ਨੇ ਦੁਬਾਰਾ ਫੇਰ ਪੁੱਛਿਆ ਗਿਆ ਕਿ ਇਸਲਾਮ ਕਬੂਲ ਕਰੋ ਅਜੇ ਵੀ ਮੌਕਾ ਹੈ ਓਸ ਵਕਤ ਆਵਾਜ਼ ਆਈ ਕਿ

" ਸੱਚ ਕੋ ਮਿਟਾਓਗੇ ਤੋ ਮਿਟੋਗੇ ਜਹਾਨ ਸੇ
ਡਰਤਾ ਨਹੀਂ ਹੈ ਅਕਾਲ ਕਿਸੀ ਸਹਿਨਸ਼ਾਹ ਕੀ ਸ਼ਾਨ ਸੇ
ਉਪਦੇਸ਼ ਅਪਨਾ ਸੁਣ ਲਓ ਜ਼ਰਾ ਦਿਲ ਕੇ ਕਾਨ ਸੇ
ਕਹਿ ਰਹੇ ਹੈ ਹੁਮ ਤੁਮ੍ਹੇ ਖ਼ੁਦਾ ਕੀ ਜ਼ੁਬਾਨ ਸੇ"

ਦੋਹਾਂ ਸਾਹਿਜ਼ਾਦਿਆਂ ਨੂੰ ਸ਼ਾਸਨ ਬੇਗ ਤੇ ਵਾਸ਼ਨਾ ਬੇਗ ਜਲਾਦ ਨੇ ਆਪਣੇ ਗੋਡਿਆਂ ਦੇ ਥੱਲੇ ਲਿਆ । ਪੌਣੇ ਗਿਆਰਾਂ ਤੋ ਸਾਡੇ ਗਿਆਰਾਂ (10:45 ਤੋਂ 11:30) ਦੇ ਸਮੇਂ ਵਿੱਚ ਸਾਹ ਦੀ ਨਲੀ ਕੱਟ ਕੇ ਸਹੀਦ ਕੀਤਾ ਗਿਆ ।

ਇਤਿਹਾਸਕ ਗ੍ਰੰਥ ਬੰਸਾਵਲੀ ਨਾਮੇ ਵਿਚ ਲਿਖਿਆ ਹੈ ਕੇ
ਬਾਬਾ ਜ਼ੋਰਾਵਰ ਸਿੰਘ ਦੋ ਤੋਂ ਢਾਈ ਮਿੰਟ ਵਿੱਚ ਸਹੀਦ ਹੋ ਗਏ ਤੇ ਬਾਬਾ ਫਤਹਿ ਸਿੰਘ ਲਗਭਗ ਅੱਧੀ ਘੜੀ (ਬਾਰਾ ਮਿੰਟ) ਚਰਨ ਮਾਰਦੇ ਰਹੇ ਤੇ ਖੂਨ ਨਿਕਲਦਾ ਰਿਹਾ ਤੇ ਹੌਲੀ ਹੌਲੀ ਚਰਨ ਹਿਲਣੇ ਬੰਦ ਹੋ ਗਏ...।



# ਸਿੱਖ ਇਤਿਹਾਸ 'ਚ 11 ਪੋਹ ਦਾ ਦਿਨ



ਅੱਜ ਦੇ ਦਿਨ ਛੋਟੇ ਸਾਹਿਬਜ਼ਾਦੇ ਧੰਨ ਧੰਨ ਬਾਬਾ ਜੋਰਾਵਰ ਸਿੰਘ ਜੀ ਅਤੇ ਧੰਨ ਧੰਨ ਬਾਬਾ ਫਤਹਿ ਸਿੰਘ ਜੀ ਦੀ ਸੂਬਾ -ਏ-ਸਰਹਿੰਦ ਦੀ ਕਚਹਿਰੀ ਵਿੱਖੇ ਪੇਸ਼ੀ ਤੇ ਲਿਆਂਦਾ ਸੀ ਸੂਬਾ-ਏ-ਸਰਹਿੰਦ ਦੀ ਗੁਰੂ ਜੀ ਦੇ ਲਾਲਾ ਸਾਹਿਬਜ਼ਾਦੇ ਜੀ ਦੇ ਅੱਗੇ ਇੱਕ ਨਾ ਚੱਲੀ ਸਾਹਿਬਜ਼ਾਦੇ ਵੱਲੋਂ ਸੂਬੇ ਦੀ ਕਚਹਿਰੀ ਅੰਦਰ ਬੁਲਾਈ ਗਈ ਫਤਹਿ ਨੇ ਸੂਬਾ-ਏ-ਸਰਹਿੰਦ ਨੂੰ ਕੰਬਣੀ ਛੇੜ ਦਿੱਤੀ ਤੇ ਕਚਿਰਹੀ ਹੱਲਾ ਕੇ ਰੱਖ ਦਿੱਤੀ ਅਤੇ ਦਿੱਤੇ ਗਏ ਲਾਲਚਾ ਚ ਸੂਬਾ-ਏ ਸਰਹਿੰਦ ਦੀ ਇੱਕ ਨਾ ਚੱਲੀ ਗੁਰੂ ਦੇ ਲਾਲਾ ਦੇ ਬੁਲੰਦ ਹੌਸਲੇ ਨੇ ਸੂਬਾ-ਏ-ਸਰਹਿੰਦ ਨੂੰ ਅੰਦਰੋਂ ਹਲਾ ਕੇ ਰੱਖ ਦਿੱਤਾ ਅਤੇ ਧੰਨ ਧੰਨ ਮਾਤਾ ਗੁਜਰੀ ਜੀ ਅੱਜ ਦੇ ਠੰਡੇ ਬੁਰਜ ਚ ਸਨ ਆਉ ਆਪਾ ਆਪਣੇ ਬੱਚਿਆ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਾਇਏ ਤੇ ਸਤਿਨਾਮ ਸ੍ਰੀ ਵਾਹਿਗੁਰੂ ਜੀ ਦਾ ਜਾਪ ਕਰਿਏ ਸਤਿਨਾਮ ਸ੍ਰੀ ਵਾਹਿਗੁਰੂ ਜੀ ਸਤਿਨਾਮ ਸ੍ਰੀ ਵਾਹਿਗੁਰੂ ਜੀ ਸਤਿਨਾਮ ਸ੍ਰੀ ਵਾਹਿਗੁਰੂ ਜੀ ਸਤਿਨਾਮ ਸ੍ਰੀ ਵਾਹਿਗੁਰੂ ਜੀ ਸਤਿਨਾਮ ਸ੍ਰੀ ਵਾਹਿਗੁਰੂ ਜੀ।

# ਧਰਤੀ ਦੀ ਸਭ ਤੋਂ ਮਹਿੰਗੀ ਜਗ੍ਹਾ



ਵਿਸ਼ਵ ਦੀ ਸਭ ਤੋਂ ਮਹਿੰਗੀ ਥਾਂ ਸਰਹਿੰਦ (ਫਤਿਹਗੜ੍ਹ ਸਾਹਿਬ) ਵਿਖੇ ਹੈ, ਜਿਥੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦਾ ਅੰਤਿਮ ਸਸਕਾਰ ਹੋਇਆ ਸੀ। ਦੀਵਾਨ ਟੋਡਰ ਮੱਲ ਨੇ ਇਹ ਥਾਂ 78000 ਸੋਨੇ ਦੇ ਸਿੱਕੇ ਜ਼ਮੀਨ 'ਤੇ ਵਿਛਾ ਕੇ ਖਰੀਦੀ ਸੀ। ਦੱਸਦੇ ਹਨ ਕਿ ਸੋਨੇ ਦੀ ਕੀਮਤ ਮੁਤਾਬਿਕ ਇਸ 4 ਸਕੇਅਰ ਮੀਟਰ ਧਰਤੀ ਦੀ ਕੀਮਤ 2500000000 (ਦੋ ਅਰਬ ਪੰਜਾਹ ਕਰੋੜ) ਬਣਦੀ ਹੈ। ਦੁਨੀਆਂ ਦੀ ਸਭ ਤੋਂ ਮਹਿੰਗੀ ਜਗ੍ਹਾ ਖਰੀਦਣ ਦਾ ਰਿਕਾਰਡ ਸਿੱਖ ਧਰਮ ਦੇ ਇਤਿਹਾਸ ਵਿੱਚ ਦਰਜ ਹੈ। ਕਿਉਂਕਿ ਅੱਜ ਤੱਕ ਐਨੀ ਜ਼ਿਆਦਾ ਕੀਮਤ ਤੇ ਐਨੀ ਘੱਟ ਜਗ੍ਹਾ ਕਿਸੇ ਨੇ ਵੀ ਨਹੀਂ ਖਰੀਦੀ।

# ਫਿਰ ਬਲੀ ਕੁਸ਼ਤੀ ਦੀ ਅੱਗ
# ਬੀਬੀ ਵਿਨੇਸ਼ ਫੋਗਾਟ
# ਫਿਰ ਅਖਾੜੇ ਵਿੱਚ

2024 ਵਿਚ ਜਿੱਦਣ ਵਿਨੇਸ਼ ਫੋਗਾਟ ਨੂੰ ਓਲੰਪਿਕ ਖੇਡਾਂ ਦੇ ਮੈਡਲ ਤੋਂ ਮਹਿਰੂਮ ਕੀਤਾ ਗਿਆ ਉੱਦਣ ਪੰਜਾਬੀ ਲੇਖਕ ਵਰਿਆਮ ਸਿੰਘ ਸੰਧੂ ਨੇ ਆਪਣੀ ਪੋਸਟ ਵਿਚ ਲਿਖਿਆ ਸੀ: ਹਾਇ! ਜੇ ਮੇਰੇ ਵੱਸ ਵਿਚ ਹੋਵੇ ਤਾਂ ਮੈਂ ਵਿਨੇਸ਼ ਦੇ ਵਧੇ ਜਾਂ ਵਧਾਏ ਗਏ ਸੌ ਗਰਾਮ ਭਾਰ ਦੀ ਥਾਂ ਸੌ ਕਿਲੋਗਰਾਮ ਸੋਨਾ ਇਕੱਠਾ ਕਰ ਕੇ ਉਹਨੂੰ ਸੋਨੇ ਵਿਚ ਮੜ੍ਹ ਦਿਆਂ! ਸਾਡੀ ਵਿਨੇਸ਼ ਔਰਤ ਦੀ ਇੱਜ਼ਤ ਤੇ ਮਾਣ-ਸਨਮਾਨ ਦੀ ਬਹਾਲੀ ਲਈ ਬੇਖ਼ੌਫ਼ ਹੋ ਕੇ ਰਣਤੱਤੇ ਵਿਚ ਜੂਝੀ ਹੈ। ਧੌਣ ਉੱਚੀ ਚੁੱਕ ਕੇ ਲੜੀ ਹੈ ਤਾਂ ਕਿ ਔਰਤ-ਜ਼ਾਤ ਦੀ ਧੌਣ ਉੱਚੀ ਰਹਿ ਸਕੇ। ਉਸ ਨੇ ਕੇਵਲ ਅਖਾੜੇ ਤੇ ਅਖਾੜੇ ਤੋਂ ਬਾਹਰ ਹੀ ਕੁਸ਼ਤੀ ਲੜਨ ਦੀ ਜਾਚ ਨਹੀਂ ਦੱਸੀ, ਸਗੋਂ ਔਰਤ ਦੀ ਇੱਜ਼ਤ ਆਬਰੂ ਤੇ ਅਜ਼ਮਤ ਦੀ ਰਾਖੀ ਲਈ ਲੜਨ ਦੀ ਜਾਚ ਵੀ ਦੱਸੀ ਹੈ। ਸੱਚ ਲਈ ਅੜਨਾ ਤੇ ਲੜਨਾ ਦੱਸਿਆ ਹੈ।



ਅਫਸੋਸ ਹੈ ਕਿ ਵਿਨੇਸ਼ ਫੋਗਾਟ ਓਲੰਪਿਕ ਚੈਂਪੀਅਨ ਬਣਦੀ ਬਣਦੀ ਰਹਿ ਗਈ! ਸੈਮੀ ਫਾਈਨਲ ਜਿੱਤ ਕੇ ਵੀ ਉਸ ਨੂੰ ਕੋਈ ਮੈਡਲ ਨਾ ਮਿਲਿਆ। ਦੇਸ਼ ਵਾਸੀ ਤਾਂ ਕੀ ਵਿਦੇਸ਼ੀ ਵੀ ਕਹਿੰਦੇ ਰਹੇ ਕਿ ਵਿਨੇਸ਼ ਨਾਲ ਡਾਢਾ ਅਨਿਆਂ ਹੋਇਆ। ਕੁਸ਼ਤੀ ਦੇ ਓਲੰਪਿਕ ਚੈਂਪੀਅਨਾਂ ਨੇ ਵੀ ਉਹਦੇ ਲਈ ਹਾਅ ਦਾ ਨਾਹਰਾ ਮਾਰਿਆ। ਕੋਈ ਇਹਦੇ ਪਿੱਛੇ ਗੁੱਝੀ ਸਾਜ਼ਿਸ਼ ਦੱਸਦਾ, ਕੋਈ ਉਹਦੇ ਵੱਲੋਂ ਲੜੇ ਜੁਝਾਰੂ ਸੰਘਰਸ਼ ਦਾ ਲਿਆ ਗਿਆ ਬਦਲਾ। ਆਮ ਲੋਕਾਂ ਦੀਆਂ ਨਜ਼ਰਾਂ'ਚ ਉਹ ਫਿਰ ਵੀ ਓਲੰਪਿਕ ਚੈਂਪੀਅਨ ਬਣੀ। ਇਹ ਵੱਖਰੀ ਗੱਲ ਹੈ ਕਿ 50 ਕਿਲੋ ਤੋਂ ਵਜ਼ਨ 100 ਗਰਾਮ ਵੱਧ ਨਹੀਂ, ਸਿਰਫ 50 ਗਰਾਮ ਵਾਧੂ ਵਜ਼ਨ ਨੇ ਉਸ ਨੂੰ ਓਲੰਪਿਕ ਖੇਡਾਂ ਦੇ ਮੈਡਲ ਤੋਂ ਮਹਿਰੂਮ ਕਰਵਾ ਦਿੱਤਾ! ਨਿਯਮਾਂ ਅਨੁਸਾਰ 50 ਗਰਾਮ ਤੱਕ ਵਧੇ ਵਜ਼ਨ ਦੀ ਛੋਟ ਸੀ।

ਉਹ ਭਾਰਤ ਲਈ ਕੁਸ਼ਤੀ ਦਾ ਪਹਿਲਾ ਓਲੰਪਿਕ ਗੋਲਡ ਮੈਡਲ ਜਿੱਤਣ ਦੀ ਦਹਿਲੀਜ਼'ਤੇ ਸੀ। ਚਾਰ ਵਾਰ ਦੀ ਵਿਸ਼ਵ ਜੇਤੂ, ਟੋਕੀਓ ਦੀ ਓਲੰਪਿਕ ਚੈਂਪੀਅਨ, ਜਪਾਨ ਦੀ ਅਜਿੱਤ ਪਹਿਲਵਾਨ ਸਜ਼ੂਕੀ ਨੂੰ ਉਸ ਨੇ ਪ੍ਰੀ ਕੁਆਟਰ ਮੁਕਾਬਲੇ'ਚ ਹੀ ਹਰਾ ਦਿੱਤਾ ਸੀ। ਪ੍ਰੀ ਕੁਆਟਰ, ਕੁਆਟਰ ਫਾਈਨਲ ਤੇ ਸੈਮੀ ਫਾਈਨਲ ਮੁਕਾਬਲਾ 49 ਕਿਲੋ 900 ਗਰਾਮ ਦੇ ਸਹੀ ਵਜ਼ਨ ਨਾਲ ਜਿੱਤ ਕੇ ਉਹ ਸਿਲਵਰ ਮੈਡਲ ਲਈ ਕੁਆਲੀਫਾਈ ਕਰ ਗਈ ਸੀ। ਪਰ ਫਾਈਨਲ ਮੁਕਾਬਲੇ ਤੋਂ ਪਹਿਲਾਂ ਜੋਖੇ ਵਜ਼ਨ ਵਿਚ 50 ਗਰਾਮ ਦੇ ਵਾਧੂ ਭਾਰ ਦੀ ਸਜ਼ਾ ਏਡੀ ਵੱਡੀ ਮਿਲੀ ਕਿ ਉਸ ਨੂੰ ਡਿਸਕੁਆਲੀਫਾਈ ਕਰ ਕੇ ਸਭ ਤੋਂ ਥੱਲੇ ਲਾ ਦਿੱਤਾ ਗਿਆ। ਜਿਸ ਪਹਿਲਵਾਨ ਨੂੰ ਉਸ ਨੇ ਸੈਮੀ ਫਾਈਨਲ ਵਿਚ ਹਰਾਇਆ ਸੀ ਉਸ ਨਾਲ ਹੀ ਸਿਲਵਰ ਮੈਡਲ ਸਾਂਝਾ ਕਰਨ ਲਈ ਕੀਤੀ ਉਸ ਦੀ ਅਪੀਲ ਵੀ ਰੱਦ ਕਰ ਦਿੱਤੀ ਗਈ। ਸੋਚੋ ਉਹਦੇ ਦਿਲ'ਤੇ ਕੀ ਬੀਤੀ ਹੋਵੇਗੀ? ਏਡੇ ਸਦਮੇ ਨੂੰ ਸਹਿੰਦਿਆਂ ਉਸ ਨੇ ਆਪਣੀ ਵਿਧਵਾ ਮਾਂ ਨੂੰ ਬੇਵਸੀ 'ਚ ਲਿਖਿਆ ਸੀ, "ਮਾਂ, ਕੁਸ਼ਤੀ ਜਿੱਤ ਗਈ, ਮੈਂ ਹਾਰ ਗਈ। ਕ੍ਰਿਪਾ ਕਰ ਕੇ ਮੈਨੂੰ ਮੁਆਫ਼ ਕਰ ਦਿਓ। ਤੁਹਾਡੇ ਸੁਪਨੇ ਤੇ ਮੇਰੀ ਹਿੰਮਤ, ਸਭ ਕੁਝ ਟੁੱਟ ਗਿਆ। ਮੇਰੇ ਕੋਲ ਹੁਣ ਹੋਰ ਤਾਕਤ ਨਹੀਂ ਬਚੀ। 2001 ਤੋਂ 2024 ਦੀ ਕੁਸ਼ਤੀ ਨੂੰ ਅਲਵਿਦਾ! ਮੈਂ ਤੁਹਾਡੀ ਸਾਰਿਆਂ ਦੀ ਸ਼ੁਕਰਗੁਜ਼ਾਰ ਰਹਾਂਗੀ। ਮੈਨੂੰ ਮੁਆਫ਼ ਕਰ ਦਿਓ।"

ਮੀਡੀਆ ਖ਼ਬਰਾਂ ਪ੍ਰਸਾਰਿਤ ਕਰ ਰਿਹਾ ਸੀ: ਪੈਰਿਸ ਓਲੰਪਿਕ ਵਿਚ 7 ਅਗੱਸਤ ਨੂੰ ਜਦੋਂ ਕਰੋੜਾਂ ਭਾਰਤਵਾਸੀ ਕੁਸ਼ਤੀ 'ਚ ਪਹਿਲੇ ਗੋਲਡ ਮੈਡਲ ਦੀ ਉਡੀਕ ਕਰ ਰਹੇ ਸਨ ਤਾਂ ਭਾਰਤੀ ਖੇਡ ਇਤਿਹਾਸ ਦੀ ਸਭ ਤੋਂ ਸੰਵੇਦਨਸ਼ੀਲ ਤੇ ਸ਼ੱਕ ਭਰਪੂਰ ਘਟਨਾ ਨੇ ਪੂਰਾ ਦੇਸ਼ ਝੰਜੋੜ ਕੇ ਰੱਖ ਦਿੱਤਾ। 50 ਕਿਲੋ ਵਜ਼ਨ ਵਰਗ ਦੇ ਫਾਈਨਲ ਵਿਚ ਪੁੱਜੀ ਭਾਰਤੀ ਪਹਿਲਵਾਨ ਵਿਨੇਸ਼ ਫੋਗਾਟ ਨੂੰ 50 ਗਰਾਮ ਵਜ਼ਨ ਵੱਧ ਹੋਣ ਕਰਕੇ ਅਯੋਗ ਕਰਾਰ ਦੇ ਦਿੱਤਾ ਗਿਆ। ਵਿਨੇਸ਼ ਲਈ ਇਸ ਸਦਮੇ'ਚੋਂ ਉਭਰਨਾ ਸੌਖਾ ਨਹੀਂ ਹੋਵੇਗਾ। ਰੀਓ ਦੀਆਂ ਓਲੰਪਿਕ ਖੇਡਾਂ-2016 ਵਿਚ ਵੀ ਉਹ ਮੈਡਲ ਜਿੱਤਦੀ ਜਿੱਤਦੀ ਗੋਡੇ 'ਤੇ ਸੱਟ ਖਾ ਬੈਠੀ ਸੀ ਜਿਸ ਕਰਕੇ ਮੁਕਾਬਲੇ ਤੋਂ ਬਾਹਰ ਹੋ ਗਈ ਸੀ। ਪਰ ਪੈਰਿਸ ਵਿਚ ਤਾਂ ਜੱਗੋਂ ਤੇਰ੍ਹਵੀਂ ਹੋਈ।

ਭਾਰਤ ਪਰਤ ਕੇ ਕੁਝ ਸਮਾਂ ਉਹ ਕੁਝ ਵੀ ਨਹੀਂ ਸੀ ਬੋਲ ਸਕੀ। ਫਿਰ 'ਆਪਣਿਆਂ' ਨੂੰ ਸਵਾਗਤ ਲਈ ਆਇਆਂ ਵੇਖ ਕੇ ਉਹਦੀ ਹਿੱਕ 'ਚੋਂ ਨਿਕਲੇ ਡੂੰਘੇ ਹਉਕੇ ਤੇ ਅੱਖਾਂ 'ਚੋਂ ਡੁੱਲ੍ਹਦੇ ਹੰਝੂ ਹੀ ਉਹਦੀ ਜ਼ੁਬਾਨ ਬਣੇ ਜਿਨ੍ਹਾਂ ਨਾਲ ਉਹਦੇ ਹਮਦਰਦਾਂ ਦੀਆਂ ਅੱਖਾਂ ਵਿਚ ਵੀ ਅੱਥਰੂ ਛਲਕ ਪਏ। ਬਾਅਦ ਵਿਚ ਉਸ ਨੇ ਕੇਵਲ ਏਨਾ ਹੀ ਕਿਹਾ: ਠੀਕ ਸਮਾਂ ਆਇਆ ਤਾਂ ਮੈਂ ਜ਼ਰੂਰ ਬੋਲਾਂਗੀ। 6 ਅਗੱਸਤ ਦੀ ਰਾਤ ਤੇ 7 ਅਗੱਸਤ ਦੀ ਸਵੇਰ ਮੇਰੇ ਲਈ ਕਹਿਰ ਦਾ ਸਮਾਂ ਸੀ। ਮੈਂ ਇੰਨਾ ਹੀ ਆਖਾਂਗੀ ਕਿ ਮੈਂ ਹੌਂਸਲਾ ਨਹੀਂ ਛੱਡਿਆ। ਮੈਂ ਝੁਕੀ ਨਹੀਂ। ਨਾ ਹੀ ਡੋਲੀ ਹਾਂ। ਸਾਡੇ ਯਤਨ ਜਾਰੀ ਰਹਿਣਗੇ। ਪਰ ਘੜੀ ਹੀ ਰੁਕ ਗਈ ਸੀ ਤੇ ਸਮਾਂ ਮੇਰੇ ਨਾਲ ਨਹੀਂ ਸੀ। ਇਹੋ ਮੇਰੀ ਤਕਦੀਰ ਸੀ। ਮੇਰੀ ਟੀਮ, ਮੇਰੇ ਦੇਸ਼ ਵਾਸੀ ਤੇ ਮੇਰਾ ਪਰਿਵਾਰ, ਮੈਂ ਸਭਨਾਂ ਨੂੰ ਕਹਿਣਾ ਚਾਹੁੰਦੀ ਹਾਂ ਕਿ ਮੇਰਾ ਮਕਸਦ, ਮੇਰਾ ਨਿਸ਼ਾਨਾ, ਮੇਰੀ ਮੰਜ਼ਿਲ ਅਜੇ ਨਹੀਂ ਆਈ। ਹਾਲਾਤ ਹਰ ਸਮੇਂ ਇਕੋ ਜਿਹੇ ਨਹੀਂ ਰਹਿੰਦੇ। ਹਾਲਾਤ ਬਦਲੇ ਤਾਂ ਹੋ ਸਕਦੈ ਮੈਂ 2032 ਤੱਕ ਵੀ ਕੁਸ਼ਤੀ ਲੜ ਸਕਾਂ ਕਿਉਂਕਿ ਮੇਰੇ ਅੰਦਰ ਕੁਸ਼ਤੀ ਲਈ ਜੋ ਅੱਗ ਬਲਦੀ ਹੈ ਉਹ ਬੁਝਣ ਵਾਲੀ ਨਹੀਂ।

ਉਹ ਅੱਗ ਸੱਚੀਓਂ ਨਹੀਂ ਬੁਝੀ। ਜੁਲਾਈ 2025 'ਚ ਗੋਦੀ ਦੇ ਲਾਲ ਨੂੰ ਜਨਮ ਦੇਣ ਪਿੱਛੋਂ ਉਹ ਅੱਗ ਫਿਰ ਬਲ਼ ਉੱਠੀ ਹੈ। ਉਸ ਨੇ ਹੂਕਰ ਮਾਰੀ ਹੈ ਕਿ ਮੈਂ 2028 ਦੀਆਂ ਲਾਸ ਏਂਜਲਸ ਵਿਖੇ ਹੋ ਰਹੀਆਂ ਓਲੰਪਿਕ ਖੇਡਾਂ ਲਈ ਪੂਰੀ ਤਿਆਰੀ ਕਰਾਂਗੀ। ਉਦੋਂ ਤਕ ਤਿੰਨ ਸਾਲਾਂ ਦਾ ਹੋ ਰਿਹਾ ਸਾਡਾ ਪੁੱਤਰ ਵੀ ਮੇਰਾ ਸਾਥ ਦੇਣ ਲਈ ਮੇਰੇ ਨਾਲ ਹੋਵੇਗਾ। ਸਾਡੀ ਮਾਣਮੱਤੀ ਧੀਏ! ਲਾਲ ਹੀ ਨਹੀਂ, ਭਾਰਤ ਦੇ ਸਾਰੇ ਲਾਲ ਤੇਰੇ ਨਾਲ ਤੇਰੇ ਖੁੱਸੇ ਹੋਏ ਓਲੰਪਿਕ ਮੈਡਲ ਨੂੰ ਮੁੜ ਪ੍ਰਾਪਤ ਤੇਰੀ ਧਿਰ ਬਣਨਗੇ। ਤੂੰ ਹੱਕ ਸੱਚ ਲਈ ਲੜਨ ਦਿੱਤੀ ਹੈ। ਹੌਂਸਲੇ ਨਾਲ ਤਿਆਰੀ ਕਰੀਂ, ਲੋਕ ਤੈਨੂੰ ਦੇਣਗੇ। ਦੁਆਵਾਂ ਤੇ ਸ਼ੁਭ ਇਛਾਵਾਂ!

ਤੇ ਰਾ
ਹੋਣਗੇ ਤੇ
ਕਰਨ ਲਈ
ਦੇ ਜਜ਼ਬੇ ਨੂੰ ਜੁਬਿੰਸ਼
ਸੱਚਮੁੱਚ ਸੋਨੇ 'ਚ ਮੜ੍ਹ



ਪ੍ਰਿੰ. ਸਰਵਣ ਸਿੰਘ
principalsarwansingh@gmail.com

# ਆਈ.ਪੀ.ਐਲ. ਨਿਲਾਮੀ: ਆਸਟ੍ਰੇਲੀਆ ਦਾ ਕ੍ਰਿਕਟਰ ਕੈਮਰਨ ਗ੍ਰੀਨ 25.20 ਕਰੋੜ ਰੁਪਏ 'ਚ ਵਿਕਿਆ

## ਕੋਲਕਾਤਾ ਨਾਈਟ ਰਾਈਡਰਜ਼ ਨੇ 25.20 ਕਰੋੜ 'ਚ ਖਰੀਦਿਆ



ਅਬੂ ਧਾਬੀ: ਆਸਟ੍ਰੇਲੀਆਈ ਆਲਰਾਊਂਡਰ ਕੈਮਰਨ ਗ੍ਰੀਨ ਆਈ.ਪੀ.ਐਲ. ਇਤਿਹਾਸ ਦੇ ਸਭ ਤੋਂ ਮਹਿੰਗੇ ਵਿਦੇਸ਼ੀ ਖਿਡਾਰੀ ਬਣ ਗਏ ਹਨ। ਅੱਜ ਅਬੂ ਧਾਬੀ ਵਿਚ ਹੋਈ ਮਿੰਨੀ-ਨੀਲਾਮੀ ਵਿਚ ਉਸ ਨੂੰ ਕੋਲਕਾਤਾ ਨਾਈਟ ਰਾਈਡਰਜ਼ ਨੇ 25.20 ਕਰੋੜ (252 ਮਿਲੀਅਨ ਰੁਪਏ) ਵਿਚ ਖਰੀਦਿਆ। ਗ੍ਰੀਨ ਨੇ ਆਪਣੇ ਹਮਵਤਨ ਮਿਸ਼ੇਲ ਸਟਾਰਕ ਦੇ ਰਿਕਾਰਡ ਨੂੰ ਤੋੜ ਦਿੱਤਾ, ਜਿਸ ਨੂੰ ਪਹਿਲਾਂ 2024 ਵਿਚ ਕੇ.ਕੇ.ਆਰ. ਨੇ 24.75 ਕਰੋੜ (247 ਮਿਲੀਅਨ ਰੁਪਏ) ਵਿਚ ਖਰੀਦਿਆ ਸੀ।

ਹਾਲਾਂਕਿ ਕੋਲਕਾਤਾ ਨਾਈਟ ਰਾਈਡਰਜ਼ ਨੇ ਕੈਮਰਨ ਗ੍ਰੀਨ ਨੂੰ 25.2 ਕਰੋੜ ਵਿਚ ਖਰੀਦਿਆ ਸੀ, ਗ੍ਰੀਨ ਨੂੰ ਸਿਰਫ਼ 18 ਕਰੋੜ (180 ਮਿਲੀਅਨ ਰੁਪਏ) ਮਿਲਣਗੇ। 7.2 ਕਰੋੜ (72 ਮਿਲੀਅਨ ਰੁਪਏ) ਬੀ.ਸੀ.ਸੀ.ਆਈ. ਦੇ ਭਲਾਈ ਫੰਡ ਵਿਚ ਜਮ੍ਹਾ ਕੀਤੇ ਜਾਣਗੇ। ਪਿਛਲੇ ਸਾਲ ਬੀ.ਸੀ.ਸੀ.ਆਈ. ਨੇ ਮਿੰਨੀ-ਨੀਲਾਮੀ ਵਿਚ ਵਿਦੇਸ਼ੀ ਖਿਡਾਰੀਆਂ ਲਈ 18 ਕਰੋੜ ਰੁਪਏ (180 ਮਿਲੀਅਨ ਰੁਪਏ) ਦੀ ਉਪਰਲੀ ਸੀਮਾ ਨਿਰਧਾਰਤ ਕੀਤੀ ਸੀ। ਪਹਿਲੇ ਸੈੱਟ ਵਿਚ ਛੇ ਖਿਡਾਰੀਆਂ ਨੂੰ ਨਿਲਾਮੀ ਪੂਲ ਵਿਚ ਲਿਆਂਦਾ ਗਿਆ ਸੀ, ਪਰ ਸਿਰਫ਼ ਦੋ ਹੀ ਵੇਚੇ ਗਏ ਸਨ। ਡੇਵਿਡ ਮਿਲਰ ਨੂੰ ਦਿੱਲੀ ਕੈਪੀਟਲਜ਼ ਨੇ 2 ਕਰੋੜ ਰੁਪਏ (20 ਮਿਲੀਅਨ ਰੁਪਏ) ਵਿਚ ਸ਼ਾਮਿਲ ਕੀਤਾ। ਜੇਕ ਫਰੇਜ਼ਰ-ਮੈਕਗੁਰਕ, ਡੇਵੋਨ ਕੋਨਵੇ, ਸਰਫਰਾਜ਼ ਖਾਨ ਅਤੇ ਪ੍ਰਿਥਵੀ ਸ਼ਾਅ ਅਜੇ ਵੀ ਅਣ-ਵਿਕੇ ਹਨ। ਉਨ੍ਹਾਂ 'ਤੇ ਕੋਈ ਬੋਲੀ ਨਹੀਂ ਲਗਾਈ ਗਈ।

# ਦਿੱਲੀ ਦੇ ਅਰੁਣ ਜੇਤਲੀ ਸਟੇਡੀਅਮ 'ਚ ਲਿਓਨਲ ਮੈਸੀ ਦਾ ਸਨਮਾਨ



ਨਵੀਂ ਦਿੱਲੀ: ਸੋਮਵਾਰ ਨੂੰ ਦਿੱਲੀ ਦੇ ਅਰੁਣ ਜੇਤਲੀ ਸਟੇਡੀਅਮ ਵਿੱਚ ਲਿਓਨਲ ਮੈਸੀ ਦਾ ਸਨਮਾਨ ਕੀਤਾ ਗਿਆ। ਆਈਸੀਸੀ ਚੇਅਰਮੈਨ ਜੈ ਸ਼ਾਹ ਨੇ ਉਨ੍ਹਾਂ ਨੂੰ ਟੀ-20 ਵਿਸ਼ਵ ਕੱਪ ਦੀ ਟਿਕਟ ਵੀ ਭੇਂਟ ਕੀਤੀ। ਸ਼ਾਹ ਨੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਦੀ ਮੌਜੂਦਗੀ ਵਿੱਚ ਉਨ੍ਹਾਂ ਨੂੰ ਭਾਰਤੀ ਕ੍ਰਿਕਟ ਟੀਮ ਦੀ ਜਰਸੀ ਭੇਂਟ ਕੀਤੀ। ਇਸ ਤੋਂ ਇਲਾਵਾ ਸ਼ਾਹ ਨੇ ਮੈਸੀ ਨੂੰ ਦਿੱਗਜ ਕ੍ਰਿਕਟਰਾਂ ਦੁਆਰਾ ਦਸਤਖਤ ਕੀਤਾ ਗਿਆ ਇੱਕ ਬੱਲਾ ਵੀ ਦਿੱਤਾ।

ਮੈਸੀ ਨੇ ਪਹਿਲਾਂ ਸਟੇਡੀਅਮ ਵਿੱਚ ਪ੍ਰਸ਼ੰਸਕਾਂ ਨੂੰ ਹੱਥ ਹਿਲਾਇਆ। ਫਿਰ, ਰੋਡਰੀਗੋ ਡੀ ਪਾਲ ਅਤੇ ਲੁਈਸ ਸੁਆਰੇਜ਼ ਦੇ ਨਾਲ, ਉਸ ਨੇ ਫੁੱਟਬਾਲ ਨੂੰ ਕਿੱਕ ਮਾਰ ਕੇ ਉਨ੍ਹਾਂ ਵੱਲ ਫੁੱਟਬਾਲ ਭੇਜੀ। ਉਸ ਦੀ ਇੱਕ ਕਿੱਕ ਨਾਲ ਫੁੱਟਬਾਲ ਸਟੇਡੀਅਮ ਦੀ ਦੂਜੀ ਮੰਜ਼ਿਲ ਤੱਕ ਪਹੁੰਚ ਗਈ। ਉੱਥੇ ਮੈਸੀ ਨੇ ਬੱਚਿਆਂ ਨਾਲ ਫੁੱਟਬਾਲ ਵੀ ਖੇਡੀ। ਇਸ ਦੌਰਾਨ ਸਟੇਡੀਅਮ ਦੇ ਬਾਹਰ ਪ੍ਰਸ਼ੰਸਕਾਂ ਦੀ ਭਾਰੀ ਭੀੜ ਮੌਜੂਦ ਰਹੀ।

# ਪੰਜਾਬ ਕਿੰਗਜ਼ ਨੇ ਕਪਤਾਨ ਸ਼੍ਰੇਯਸ ਅਈਅਰ ਸਮੇਤ 21 ਖਿਡਾਰੀਆਂ ਨੂੰ ਕੀਤਾ ਰਿਟੇਨ



ਨਵੀਂ ਦਿੱਲੀ : ਇੰਡੀਅਨ ਪ੍ਰੀਮੀਅਰ ਲੀਗ (IPL) ਦੇ ਆਉਣ ਵਾਲੇ ਸੀਜ਼ਨ ਤੋਂ ਪਹਿਲਾਂ ਪੰਜਾਬ ਕਿੰਗਜ਼ ਨੇ ਆਪਣੀ ਟੀਮ ਵਿੱਚ ਵੱਡੇ ਬਦਲਾਅ ਕੀਤੇ ਹਨ। ਫ੍ਰੈਂਚਾਇਜ਼ੀ ਨੇ ਜਿੱਥੇ ਕਈ ਮੁੱਖ ਖਿਡਾਰੀਆਂ ਨੂੰ ਰਿਟੇਨ ਕੀਤਾ ਹੈ, ਉੱਥੇ ਕੁਝ ਚਰਚਿਤ ਨਾਵਾਂ ਨੂੰ ਰਿਲੀਜ਼ ਵੀ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਪੰਜਾਬ ਕਿੰਗਜ਼ ਦੇ ਪਰਸ ਵਿੱਚ ਹੁਣ 11.50 ਕਰੋੜ ਰੁਪਏ ਬਚੇ ਹਨ, ਜਿਸ ਨਾਲ ਟੀਮ ਅੱਜ ਹੋਣ ਵਾਲੀ ਨਿਲਾਮੀ ਵਿੱਚ ਨਵੇਂ ਖਿਡਾਰੀਆਂ ਉੱਤੇ ਦਾਅ ਲਗਾਏਗੀ।

ਪੰਜਾਬ ਕਿੰਗਜ਼ ਨੇ ਕਪਤਾਨ ਸ਼੍ਰੇਯਸ ਅਈਅਰ ਸਮੇਤ 21 ਖਿਡਾਰੀਆਂ ਨੂੰ ਰਿਟੇਨ ਕੀਤਾ ਹੈ ਜਦਕਿ ਪੰਜ ਖਿਡਾਰੀਆਂ ਨੂੰ ਰਿਲੀਜ਼ ਕੀਤਾ ਹੈ। ਰਿਲੀਜ਼ ਕੀਤੇ ਗਏ ਖਿਡਾਰੀਆਂ ਵਿੱਚ ਆਸਟ੍ਰੇਲੀਆ ਦੇ ਗਲੇਨ ਮੈਕਸਵੈੱਲ ਅਤੇ ਜੋਸ਼ ਇੰਗਲਿਸ ਦੇ ਨਾਮ ਸ਼ਾਮਲ ਹਨ। ਪਿਛਲੇ ਸੀਜ਼ਨ ਵਿੱਚ ਮੈਕਸਵੈੱਲ ਨੂੰ ਪੰਜਾਬ ਕਿੰਗਜ਼ ਨੇ 4.2 ਕਰੋੜ ਅਤੇ ਜੋਸ਼ ਇੰਗਲਿਸ ਨੂੰ 2.6 ਕਰੋੜ ਵਿੱਚ ਖਰੀਦਿਆ ਸੀ।

ਪੰਜਾਬ ਕਿੰਗਜ਼ ਨੇ ਕਪਤਾਨ ਸ਼੍ਰੇਯਸ ਅਈਅਰ ਉੱਤੇ ਸਭ ਤੋਂ ਵੱਧ ਭਰੋਸਾ ਜਤਾਇਆ ਹੈ। ਉਨ੍ਹਾਂ ਨੂੰ 26.75 ਕਰੋੜ ਰੁਪਏ ਵਿੱਚ ਰਿਟੇਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਤੇਜ਼ ਗੇਂਦਬਾਜ਼ ਅਰਸ਼ਦੀਪ ਸਿੰਘ ਅਤੇ ਸਪਿੰਨਰ ਯੁਜਵੇਂਦਰ ਚਹਿਲ ਨੂੰ 18-18 ਕਰੋੜ ਰੁਪਏ ਵਿੱਚ ਟੀਮ ਨੇ ਆਪਣੇ ਨਾਲ ਬਣਾਏ ਰੱਖਿਆ ਹੈ। ਇਸ ਤੋਂ ਇਲਾਵਾ ਮਾਰਕਸ ਸਟੋਇਨਿਸ, ਮਾਰਕੋ ਜੈਨਸਨ, ਸ਼ਸ਼ਾਂਕ ਸਿੰਘ, ਨੇਹਾਲ ਵਡੇਰਾ, ਪ੍ਰਭਸਿਮਰਨ ਸਿੰਘ, ਪ੍ਰਿਆਂਸ਼ ਆਰੀਆ, ਅਜ਼ਮਤੁੱਲਾ ਉਮਰਜ਼ਈ, ਹਰਪ੍ਰੀਤ ਬਰਾੜ, ਲੌਕੀ ਫਰਗੂਸਨ, ਯਸ਼ ਠਾਕੁਰ, ਕੁੱਲ ਮਿਲਾ ਕੇ 21 ਖਿਡਾਰੀ ਦਾ ਨਾਂ ਸ਼ਾਮਲ ਹੈ। ਜਿਨ੍ਹਾਂ ਖਿਡਾਰੀਆਂ ਨੂੰ ਰਿਲੀਵ ਕੀਤਾ ਗਿਆ ਹੈ ਉਨ੍ਹਾਂ 'ਚ ਗਲੇਨ ਮੈਕਸਵੈੱਲ, ਜੋਸ਼ ਇੰਗਲਿਸ, ਐਰਨ ਹਾਰਡੀ, ਕੁਲਦੀਪ ਸੈਨ, ਪ੍ਰਵੀਨ ਦੂਬੇ ਦਾ ਨਾਂ ਸ਼ਾਮਲ ਹੈ।

ਰਿਟੈਂਸ਼ਨ ਪ੍ਰਕਿਰਿਆ ਤੋਂ ਬਾਅਦ ਪੰਜਾਬ ਕਿੰਗਜ਼ ਦੇ ਪਰਸ ਵਿੱਚ ਹੁਣ 11.50 ਕਰੋੜ ਰੁਪਏ ਬਚੇ ਹਨ। ਅਜਿਹੇ ਵਿੱਚ ਅੱਜ ਆਉਣ ਵਾਲੀ ਨਿਲਾਮੀ ਵਿੱਚ ਪੰਜਾਬ ਕਿੰਗਜ਼ 6 ਨਵੇਂ ਖਿਡਾਰੀ ਖਰੀਦੇਗੀ। ਇਸ ਵਿੱਚ ਵੀ ਉਹ ਅਜਿਹੇ ਖਿਡਾਰੀਆਂ ਉੱਤੇ ਦਾਅ ਲਗਾਏਗੀ ਜਿਨ੍ਹਾਂ ਦੀ ਟੀਮ ਨੂੰ ਲੋੜ ਹੈ।

KATARIA TOURS & TRAVEL
LOW AIR FARE | LOW AIR FARE | LOW AIR FARE | LOW AIR FARE
ਸਸਤੀਆਂ ਹਵਾਈ ਟਿਕਟਾਂ
We Provide visa for INDIA, UK, USA EUROPE, DUBAI & Other Countries and PR Card Application
Ph: 905.678.1200
Fax: 905.678.1201
Toll Free: 1.888.678.1201
Passport & I.D. Photo
Email: katariatravels@gmail.com
Web: www.katariatravels.com
Avtar Kataria
416.871.3676
2883 Derry Road East, Mississauga, ON. L4T 1A6

MANN TRAVELS & TOURS
IATA
ਮਾਨ ਟ੍ਰੈਵਲਜ਼ ਤੋਂ ਤੁਹਾਨੂੰ ਸਸਤੀਆਂ ਟਿਕਟਾਂ ਅਤੇ ਵਧੀਆ ਸੇਵਾਵਾਂ ਮਿਲਣਗੀਆਂ।
ਵਧੇਰੇ ਜਾਣਕਾਰੀ ਲਈ ਅਮਰਜੀਤ ਸਿੰਘ ਮਾਨ ਨਾਲ ਸੰਪਰਕ ਕਰੋ।
Amarjit S. Mann
Springdale: 905-497-6300, 1098 Peter Robertson Blvd., #3 (Springdale) Brampton
Hamilton: 905-930-7700, 06-141 Highway 8, Stoney Creek
Brampton: 905-595-2000, 499 Raylawson Blvd., Unit #32, Brampton, ON
Markham: 416-603-1800, 45 Karachi Dr., Unit 45 Markham
Airport Rd.: 905-595-1700, 60 Cottrelle Blvd. Unit 12C, Brampton
India: 01624-223315-16-17, opp Union Bank of India Tehsil Rd, Jagraon

SKYDOME GROUP OF COMPANIES
Ontario Ministry of Transportation Approved Repair Centre
FLEET DISCOUNTS
Towing Across North America
www.skydomeauto.ca
Drive Clean Test & Repair Facility
Specialize In:
• Paint, Collision
• Mechanical Work
• Fleet Paint & Body Work
• Insurance Claims Welcome
FCA MOPAR Certified Collision Repair Facility
Daljit Singh Gaidhu
Satnam Singh, Satbir Singh, Inderpal Singh, InderJit Singh
www.skydomeauto.ca
http://skydomeauto.goldbook.ca
TIRES
4 Locations To Serve You! Head Office: 905-874-9878
SKYDOME AUTO & BODY CENTRE, 308 Rutherford Rd. Brampton, ON L6W 3K7, Office: 905-874-9878 | Fax: 905-874-9747, skydome_auto@hotmail.com
SKYDOME EMISSION & ALIGNMENT CENTRE, 210 RUTHERFORD RD SOUTH, OFFICE : 9054509878, FAX:-905-450-9808.
SKYDOMETRUCK CENTRE, 30 STAFFORD DR BRAMPTON, OFFICE: 905-460-1414, FAX: 905-460-9451
SKYDOME AUTO SALES, 30 STAFFORD DR BRAMTPON, ON, L6W 1L4, DILJIT : 416-305-9878
ONTARIO'S DRIVE CLEAN

ASIAN FOOD CENTER
www.asainfoodcentre.ca
WHOLESALER & RETAILER
ਤਾਜ਼ੀਆਂ ਸਬਜ਼ੀਆਂ ਅਤੇ ਫ਼ਲਾਂ ਦੀ ਮੰਡੀ, ਸਸਤੀ ਗਰੋਸਰੀ
ਸੱਤ ਸਟੋਰਾਂ ਨਾਲ ਤੁਹਾਡੀ ਸੇਵਾ ਵਿੱਚ
10 Westmore Dr. Etobicoke, ON 416-740-3262
308 Eddystone Ave. North York, ON 416-740-3360
1075 Ceremonial Drive Mississauga, ON 905-502-1600
284 Orenda Road Unit#13 Brampton, ON 905-450-9167
621 Wanless Drive Brampton, ON 905-495-3336
80 Pertosa Drive Brampton, ON 905-460-0009
2120 North Park Dr Unit#106 Brampton, ON 905-793-1338